ਸਾਲ ਚੌਦਵਾਂ, ਮਹੀਨਾ ਸਤੰਬਰ, 2008

ਫਾਊਂਡਰ ਚੇਅਰਮੈਨ

**ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ**

ਚੇਅਰਪਰਸਨ

**ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque, Draft & correspondence

**V.G.R.M Charitable Trust 'Atam Marg'**
**Gurdwara Ishar Parkash**
**Ratwara Sahib (Near Chandigarh) P.O.**
**Mullanpur Garibdas, Teh. Kharar**
**Distt. S.A.S. Nagar (Mohali) 140901 Pb.India.**

Ph. No. - 0160-2255002, Fax.-2255009, 9417214391,79

DONATIONS EXEMPTED U/S 80-G of CIT-II/CHD/80G/TECH/245/ 2008-09/825 DT 21/30.05.2008 ISSUED BY COMMISSNOR OF INCOMETAX CHANDIGARH-II (VALID UPTO 31-03-2012)

**FOREIGN (ਵਿਦੇਸ਼) CONTACT NO.**

**U.S.A. - Baba Satnam Singh ji Atwal**
Phone and Fax : 408-263-1844

**Bhai Kuldeep Singh Sher Gill**
Phone : 408-230-8319

**Bibi Sukhvinder Kaur Bains**
Phone : 403-270-3387

**Canada - Bhai Sarmukh Singh Pannu**
Phone - 604-433-0408

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Australia - Bhai Jiwan Singh ji**
Phone : 03-943-65865, Fax : 03-943-65867

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ** ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ **ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**

# ਤੱਤਕਰਾ

| | |
|---|---|
| 1.ਬਾਰਾਮਾਹਾ | 2 |
| 2. ਸੰਪਾਦਕੀ | 4 |
| 3.ਚਉਥੈ ਪਹਿਰ ਸਬਾਹ ਕੈ | 5 |
| 4. ਜੁਗਤੀ ਸੇਵਾ ਸਿਮਰਨ | 9 |
| 5.'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' | 21 |
| 6. ਸਭ ਸਿੱਖਨਿ ਕੌ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥ | 28 |
| . ਮਨੁਖਤਾ ਦੇ ਨਾਂ | |
| 8. ਮਨੋਭਾਵਾਂ ਦੀ ਰਚਨਾਤਮਕ ਵਰਤੋਂ | 51 |
| . ਬੀਬੀ ਸੁਘੜ ਬਾਈ | 55 |

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- (For outstation cheques) | |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਰਤਵਾੜਾ ਸਾਹਿਬ | 0160-2255001 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਜਰਨਲ - 9417214384, ਬੀ ਐਡ ਕਾਲਜ - | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਅਖੰਡਪਾਠ ਬੁਕਿੰਗ | 9417214386 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ
# ਮਹੀਨਾ ਅੱਸੂ

ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਬਾਰਹਮਾਹਾ ਅਤੇ ਮਾਝ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਬਾਰਹਮਾਹਾ ਵਿਚੋਂ ਅੱਸੂ ਮਹੀਨੇ ਦਾ ਪਾਠ ਅਤੇ ਉਸ ਦੀ ਸਰਲ ਵਿਆਖਿਆ -

***ਰਾਗ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ***

*ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥*
*ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥*
*ਝੂਠਿ ਵਿਗੁਤੀ ਤਾ ਪਿਰ ਮੁਤੀ*
*ਕੁਕਹ ਕਾਹ ਸਿ ਫੁਲੇ॥*
*ਆਗੈ ਘਾਮ ਪਿਛੈ ਰੁਤਿ ਜਾਡਾ*
*ਦੇਖਿ ਚਲਤ ਮਨੁ ਡੋਲੇ॥*
*ਦਹ ਦਿਸਿ ਸਾਖ ਹਰੀ ਹਰੀਆਵਲ*
*ਸਹਜਿ ਪਕੈ ਸੋ ਮੀਠਾ।।*
*ਨਾਨਕ ਅਸੁਨਿ ਮਿਲਹੁ ਪਿਆਰੇ*
*ਸਤਿਗੁਰ ਭਏ ਬਸੀਠਾ॥ ਪੰਨਾ - 1108*

ਅੱਸੂ ਦੇ ਮਹੀਨੇ ਰੁੱਤ ਮਿੱਠੀ ਹੋ ਜਾਂਦੀ ਹੈ। ਅੱਸੂ ਤੋਂ ਪਹਿਲਾਂ ਭਾਦਰੋਂ ਮਹੀਨੇ ਦੇ ਘੁੰਮੇ ਤੇ ਤ੍ਰਾਟਕੇ ਵਿਚ ਮਨ ਘਬਰਾਂਦਾ ਹੈ, ਭਰਮ-ਭੁਲੇਖਿਆਂ ਵਿਚ ਪਿਆ ਜੀਵ ਕੁਰਾਹੇ ਪੈ ਜਾਂਦਾ ਹੈ, ਦ੍ਵੈਤ ਭਾਵ ਵਿਚ ਰੁਝੀ ਪਤੀ ਪ੍ਰਮੇਸ਼ਰ ਤੋਂ ਵਿਛੁੜੀ ਜੀਵ ਇਸਤ੍ਰੀ ਕਾਮਾਦਿਕ ਵੈਰੀਆਂ ਦੇ ਹੱਲਿਆਂ ਦੇ ਦੁੱਖ ਭੋਗਦੀ ਹੈ, ਅੰਤ ਪਛਤਾਵੇ ਦੇ ਘਰ ਵਿਚ ਆ ਕੇ ਪ੍ਰਭੂ ਪਤੀ ਦੇ ਮਿਲਾਪ ਲਈ ਤਾਂਘਦੀ ਅੱਸੂ ਦੇ ਮਹੀਨੇ ਅਰਦਾਸ ਬੇਨਤੀ ਕਰਦੀ ਹੈ -

ਅੱਸੂ ਦੀ ਸੁਹਾਵਣੀ ਮਿੱਠੀ ਰੁੱਤ ਵਿਚ ਹੇ ਪ੍ਰਭੂ ਪਤੀ, ਮੇਰੇ ਹਿਰਦੇ ਵਿਚ ਆ ਵਸ (ਆਸੁਨ ਆਉ ਪਿਰਾ), ਤੈਥੋਂ ਵਿਛੜ ਕੇ, ਹੇ ਮੇਰੇ ਪਿਆਰੇ, ਮੈਂ ਨਿਮਾਣੀ ਇਸਤ੍ਰੀ (ਸਾ ਧਨ) ਦਿਨ ਰਾਤ ਹਾਹੁਕੇ ਲੈ ਲੈ ਆਤਮਕ ਮੌਤ ਮਰ ਰਹੀ ਹਾਂ; ਮਾਇਕ ਪਦਾਰਥਾਂ ਦੇ ਮੋਹ ਵਿਚ ਫਸ ਕੇ ਮੈਂ ਔਝੜੇ ਪਈ ਹੋਈ ਦੁਖ ਭੋਗ ਰਹੀ ਹਾਂ; ਦ੍ਵੈਤ ਵਿਚ, ਪ੍ਰਭੂ ਪਿਆਰ ਨੂੰ ਭੁੱਲ ਕੇ ਸੰਸਾਰਕ ਮੋਹ ਵਿਚ ਔਝੜੇ ਪਈ ਖੁਆਰ ਹੋ ਰਹੀ ਹਾਂ। (ਦੂਜੈ ਭਾਇ ਖੁਈ) ਹੇ ਮਿਹਰਵਾਨ ਪ੍ਰਭੂ! ਇਹ ਮਿਲਾਪ ਤਾਂ ਤੇਰੀ ਬਖਸ਼ਿਸ਼ ਹੈ। ਮੈਨੂੰ ਆਪਣੇ ਬਲ-ਬੋਤੇ ਆਪ ਦੇ ਦਰਸ਼ਨ ਦੀਦਾਰ ਨਹੀਂ ਹੋ ਸਕਦੇ। ਮਨੁੱਖ ਤਦੋਂ ਹੀ ਪ੍ਰਭੂ ਨੂੰ ਮਿਲ ਸਕਦਾ ਹੈ ਜਦੋਂ ਪ੍ਰਭੂ ਦੀ ਆਪਣੀ ਬਖਸ਼ਿਸ਼ ਹੋਵੇ (ਤਾ ਮਿਲੀਐ ਪ੍ਰਭ ਮੇਲੇ)।

ਹੇ ਪ੍ਰਭੂ! ਤੈਥੋਂ ਵਿਛੋੜਾ ਮੇਰੇ ਕਰਮਾਂ ਕਰਕੇ ਹੈ। ਜਦੋਂ ਤੋਂ ਮੈਂ ਤੈਨੂੰ ਭੁੱਲ ਕੇ ਦੁਨੀਆਂ ਦੇ ਝੂਠੇ ਮੋਹ ਵਿਚ ਫਸ ਕੇ ਖੁਆਰ ਹੋ ਰਹੀ ਹਾਂ ਤਦੋਂ ਤੋਂ ਹੀ, ਹੇ ਮੇਰੇ ਪ੍ਰੀਤਮ, ਮੈਂ ਤੇਰਾ ਵਿਛੋੜਾ ਹੰਢਾ ਰਹੀ ਹਾਂ। (ਝੂਠਿ ਵਿਗੁਤੀ ਤਾ ਪਿਰ ਮੁਤੀ) ਮੇਰੇ ਸਰੀਰ ਦੀ ਸ਼ਕਤੀ ਖਤਮ ਹੋ ਰਹੀ ਹੈ, ਸਰੀਰ ਦਾ ਨਿੱਘ ਘਟ ਰਿਹਾ ਹੈ, ਜਵਾਨੀ ਢਲ ਰਹੀ ਹੈ ਅਤੇ ਇਸ ਦੇ ਪਿਛੇ ਪਿਛੇ ਕਮਜ਼ੋਰੀ ਤੇ ਬੁਢੇਪਾ ਆ ਰਿਹਾ ਹੈ। (ਆਗੈ ਘਾਮ ਪਿਛੈ ਰੁਤਿ ਜਾਡਾਂ)। ਜਿਵੇਂ ਅੱਸੂ ਦੇ ਮਹੀਨੇ ਪਿਲਛੀ ਤੇ ਕਾਹੀ ਦੇ ਸੁਫੈਦ ਬੂਰ ਆਉਂਦਾ ਹੈ, ਤਿਵੇਂ ਮੇਰੇ ਕੇਸ ਚਿੱਟੇ ਹੋ ਗਏ ਹਨ (ਕੁਕਹ ਕਾਹ ਸਿ ਫੁਲੇ) ਬੁਢੇਪੇ ਨੂੰ ਆਉਂਦਾ ਵੇਖ ਕੇ ਮਨ ਘਬਰਾਉਂਦਾ ਹੈ, ਉਦਾਸੀ ਪੈਦਾ ਹੁੰਦੀ ਹੈ, ਇਸ ਵਚਿਤ੍ਰ ਹਾਲਤ ਨੂੰ ਵੇਖ ਮਨ ਡੋਲਦਾ ਹੈ (ਦੇਖਿ ਚਲਤ ਮਨੁ ਡੋਲੇ)।

ਪਰ ਗੁਰੂ ਜੀ ਜੀਵ ਇਸਤ੍ਰੀ ਨੂੰ ਡੋਲਨ ਤੋਂ ਬਚਾਉਂਦੇ ਰਾਹ ਵੀ ਦਸਦੇ ਹਨ। ਇਸ ਮਹੀਨੇ ਬਨਸਪਤੀ ਮੌਲਦੀ ਹੈ, ਖਿੜਦੀ ਹੈ, ਹਰ ਪਾਸੇ ਹਰਿਆਵਲ ਵੇਖ ਕੇ ਜੀਵ ਇਸਤ੍ਰੀ ਦੇ ਮਨ ਵਿਚ ਧੀਰਜ ਆਉਂਦਾ ਹੈ, ਮਿਲਾਪ ਦੀ ਆਸ ਵੀ ਬੱਝਦੀ ਹੈ। ਗੁਰੂ ਬਖਸ਼ਿਸ਼ ਸਦਕਾ ਜਿਸ ਇਸਤ੍ਰੀ ਦਾ ਮਨ ਪ੍ਰਭੂ ਚਰਨਾਂ ਤੇ ਟਿਕ ਜਾਂਦਾ ਹੈ, ਅਡੋਲਤਾ ਅਤੇ ਸਹਿਜ ਦੇ ਘਰ ਵਿਚ ਆ ਜਾਂਦਾ ਹੈ, ਉਸ ਨੂੰ ਪ੍ਰਭੂ ਮਿਲਾਪ ਦੀ ਨਿੱਘ ਤੇ ਮਿਠਾਸ ਅਵੱਸ਼ ਪ੍ਰਾਪਤ ਹੁੰਦੀ ਹੈ। ਪ੍ਰਭੂ ਮਿਲਾਪ ਲਈ ਦ੍ਵੈਤ ਭਾਵ ਨੂੰ ਤਿਆਗ ਕੇ ਸਹਿਜ ਦੇ ਘਰ ਵਿਚ ਆਉਣਾ ਜ਼ਰੂਰੀ ਹੈ।

ਅੱਸੂ ਦੀ ਮਿੱਠੀ ਪਿਆਰੀ ਸੁਹਾਵਣੀ ਰੁੱਤ ਵਿਚ ਸਾਡੀ ਸਭਨਾਂ (ਜੀਵ ਰੂਪੀ ਇਸਤ੍ਰੀਆਂ) ਦੀ ਅਰਦਾਸ ਹੋਣੀ ਚਾਹੀਦੀ ਹੈ, ਹੇ ਪਿਆਰੇ ਪ੍ਰਭੂ! ਮਿਹਰ ਕਰੋ! ਗੁਰੂ ਮਿਲਾਪ ਬਖਸ਼ਿਸ਼ ਕਰੋ। ਗੁਰੂ ਬਖਸ਼ਿਸ਼ ਸਦਕਾ ਆਪਣਾ ਪਿਆਰ ਤੇ ਮਿਲਾਪ ਬਖਸ਼ਿਸ਼ ਕਰੋ। (ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ)।

**ਰਾਗੁ ਮਾਝ ਬਾਰਹਮਾਹਾ ਮਹਲਾ ੫**

*ਅਸੁਨਿ ਪ੍ਰੇਮ ਉਮਾਹੜਾ*
*ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ*
*ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ*
*ਦੂਜੀ ਨਾਹੀ ਜਾਇ॥*
*ਜਿੰਨੀ ਚਾਖਿਆ ਪ੍ਰੇਮ ਰਸੁ*
*ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ*
*ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ*
*ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ*
*ਨਾਨਕ ਹਰਿ ਸਰਣਾਇ॥*

***ਅਸੂ ਸੁਖੀ ਵਸੰਦੀਆ***
***ਜਿਨਾ ਮਇਆ ਹਰਿ ਰਾਇ॥ ਪੰਨਾ - 134***

ਭਾਦਰੋਂ ਦੇ ਮਹੀਨੇ ਗਰਮੀ, ਤ੍ਰਾਟਕੇ ਤੇ ਹੁੰਮਸ ਕਾਰਨ ਮਨੁੱਖ ਬਹੁਤ ਘਬਰਾਉਂਦਾ ਹੈ। ਭਰਮਾਂ ਭੁਲੇਖਿਆਂ ਅਤੇ ਭਟਕਣਾ ਦੇ ਕਾਰਨ ਜੀਵ ਇਸਤ੍ਰੀ ਦਾ ਪਿਆਰ ਪ੍ਰਭੂ ਪਤੀ ਤੋਂ ਹਟ ਕੇ ਹੋਰਨਾਂ ਨਾਲ ਲਗ ਜਾਂਦਾ ਹੈ, ਜੀਵ, ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦਾ ਹੈ (ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ)।

ਪਰ ਅੱਸੂ ਦਾ ਮਹੀਨਾ ਮਿੱਠੀ ਰੁੱਤ ਦਾ ਮਹੀਨਾ ਹੈ, ਪ੍ਰਭੂ ਪਿਆਰੇ ਦੇ ਮਿਲਾਪ ਲਈ ਮਨ ਵਿਚ ਉਛਾਲੇ ਉਠਦੇ ਹਨ ਤੇ ਉਤਸ਼ਾਹ ਪੈਦਾ ਹੁੰਦਾ ਹੈ। ਮਨ ਤੜਫਦਾ ਹੈ ਕਿ ਕਿਸੇ ਨਾ ਕਿਸੇ ਹੀਲੇ ਪ੍ਰਭੂ ਪਤੀ ਦਾ ਮਿਲਾਪ ਹਾਸਲ ਹੋਵੇ (ਅਸੁਨਿ ਪ੍ਰੇਮ ਉਮਾਹੜਾ....) ਮੇਰੇ ਮਨ ਅਤੇ ਤਨ ਵਿਚ ਪ੍ਰਭੂ ਦਰਸ਼ਨਾਂ ਦੀ ਤੜਪ ਲੱਗੀ ਹੋਈ ਹੈ, ਡਾਢ੍ਹੀ ਪਿਆਸ ਲੱਗੀ ਹੋਈ ਹੈ, ਮਨ ਬਿਹਬਲ ਹੋ ਰਿਹਾ ਹੈ। ਚਿੱਤ ਵਿਚ ਹਰ ਸਮੇਂ ਇਹੋ ਲੋਚਾ ਲਗ ਰਹੀ ਹੈ ਕਿ ਕੋਈ ਪ੍ਰਭੂ ਪਿਆਰਾ ਮੇਰਾ ਪ੍ਰਭੂ-ਪ੍ਰੀਤਮ ਨਾਲ ਮਿਲਾਪ ਕਰਵਾ ਦੇਵੇ (ਕੋਈ ਆਨਿ ਮਿਲਾਵੈ ਮਾਇ)। ਮੇਰੇ ਕੰਨਾਂ ਵਿਚ ਇਹ ਕੰਨਸੋਅ ਪੈਂਦੀ ਹੈ ਕਿ ਸੰਤ ਜਨਾਂ ਨੂੰ ਪ੍ਰਭੂ ਪਿਆਰ ਅਤੇ ਦਰਸ਼ਨ ਦੀਦਾਰ ਦੀ ਬਖਸ਼ਿਸ਼ ਹੁੰਦੀ ਹੈ, ਉਨ੍ਹਾਂ ਦੀ ਸੰਗਤ ਵਿਚ ਜੀਵ ਦੇ ਹਿਰਦੇ ਵਿਚ ਪ੍ਰਭੂ ਪਿਆਰ ਲਈ ਉਤਸ਼ਾਹ ਪੈਦਾ ਹੁੰਦਾ ਹੈ, ਉਹ ਪ੍ਰਭੂ ਪਿਆਰ ਦੇ ਵਾਧੇ ਵਿਚ ਸਹਾਇਤਾ ਕਰਦੇ ਹਨ ਅਤੇ ਪ੍ਰਭੂ-ਮਿਲਾਪ ਦਾ ਮਾਰਗ ਦਰਸ਼ਨ ਕਰਦੇ ਹਨ, ਮੈਂ ਪ੍ਰਭੂ ਮਿਲਾਪ ਦੀ ਤੜਪ ਲੈ ਕੇ ਸੰਤ ਜਨਾਂ ਦੀ ਚਰਨੀ ਲਗਦੀ ਹਾਂ (ਸੰਤ ਸਹਾਈ ਪ੍ਰੇਮ ਕੇ...) ਮੇਰੇ ਅੰਦਰ ਇਹ ਅਹਿਸਾਸ ਜਾਗ ਪਿਆ ਹੈ ਕਿ ਪ੍ਰਭੂ ਪਿਆਰ ਮਿਲਾਪ ਤੋਂ ਬਿਨਾਂ ਕੋਈ ਸੁੱਖ, ਅਨੰਦ, ਸ਼ਾਂਤੀ ਨਹੀਂ ਮਿਲ ਸਕਦੀ ਕਿਉਂਕਿ ਸੁੱਖ, ਅਨੰਦ, ਸ਼ਾਂਤੀ ਲਈ ਪ੍ਰਭੂ ਤੋਂ ਬਿਨਾਂ ਹੋਰ ਕੋਈ ਥਾਂ ਹੀ ਨਹੀਂ (ਵਿਣੁ ਪ੍ਰਭ ਕਿਉ ਸੁਖੁ ਪਾਈਐ....)।

ਜਿਨ੍ਹਾਂ ਵਡਭਾਗੀ ਜੀਵ-ਇਸਤ੍ਰੀਆਂ ਨੇ ਇਕ ਵਾਰੀ ਪ੍ਰਭੂ-ਪਿਆਰ ਦਾ ਸੁਆਦ ਚੱਖ ਲਿਆ ਹੈ, ਉਹ ਜੀਵ ਇਸ ਪਿਆਰ ਵਿਚ ਐਸੇ ਮਖਮੂਰ ਹੁੰਦੇ ਹਨ, ਅਨੰਦਿਤ ਹੁੰਦੇ ਹਨ, ਤ੍ਰਿਪਤ ਹੁੰਦੇ ਹਨ ਕਿ ਉਨ੍ਹਾਂ ਨੂੰ ਬਾਕੀ ਸੰਸਾਰਕ ਪਦਾਰਥਾਂ ਦੇ ਸੁਆਦ ਫਿੱਕੇ ਲਗਦੇ ਹਨ (ਜਿੰਨੀ ਚਾਖਿਆ ਪ੍ਰੇਮ ਰਸੁ....) ਪ੍ਰਭੂ ਪਿਆਰ ਵਿਚ ਲਿਵਲੀਨ ਉਨ੍ਹਾਂ ਦੇ ਅੰਦਰੋਂ ਆਪਾ-ਭਾਵ ਖਤਮ ਹੋ ਜਾਂਦਾ ਹੈ, ਹਉਮੈ ਮੁੱਕ ਜਾਂਦੀ ਹੈ, ਉਹ ਸਦਾ ਇਸ ਅਰਦਾਸ ਵਿਚ ਜੁੜੇ ਬੇਨਤੀਆਂ ਕਰਦੇ ਰਹਿੰਦੇ ਹਨ, ਹੇ ਪਿਆਰੇ ਪ੍ਰਭੂ! ਸਾਨੂੰ ਸਦਾ ਸਦਾ ਆਪਣੇ ਲੜ ਲਾਈ ਰੱਖ। (ਆਪੁ ਤਿਆਗਿ ਬਨਤੀ ਕਰਹਿ.......) ਪ੍ਰਭੂ ਮਿਹਰ ਕਰਕੇ, ਆਪਣੀ ਬਖਸ਼ਿਸ਼ ਸਦਕਾ ਜਿਨ੍ਹਾਂ ਜੀਵ ਇਸਤ੍ਰੀਆਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ, ਉਹ ਮੁੜ ਇਸ ਪਿਆਰ ਤੋਂ ਵਿਛੁੜ ਕੇ ਕਿਸੇ ਹੋਰ ਥਾਂ ਨਹੀਂ ਜਾਂਦੀਆਂ, ਉਨ੍ਹਾਂ ਦੀ ਭਟਕਣਾ, ਜਨਮ ਮਰਣ ਦਾ ਗੇੜ ਖਤਮ ਹੋ ਜਾਂਦਾ ਹੈ (ਜੋ ਹਰਿ ਕੰਤਿ ਮਿਲਾਈਆ....) ਪ੍ਰਭੂ ਪਿਆਰ ਪ੍ਰਾਪਤ ਜੀਵ ਇਸਤ੍ਰੀਆਂ ਨੂੰ ਇਹ ਪੂਰਨ ਭਰੋਸਾ ਤੇ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ, ਅਨੰਦ, ਅਡੋਲਤਾ, ਸਹਿਜ ਲਈ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ। ਇਸ ਲਈ ਉਹ ਸਦਾ ਸਦਾ ਪ੍ਰਭੂ ਦੀ ਸ਼ਰਨ ਵਿਚ ਰਹਿੰਦੀਆਂ ਹਨ। (ਪ੍ਰਭ ਵਿਣੁ ਦੂਜਾ ਕੋ ਨਹੀ.......)

ਗੁਰੂ ਅਰਜਨ ਦੇਵ ਜੀ ਅੱਸੂ ਮਹੀਨੇ ਦਾ ਸਾਰ ਦਸਦੇ ਫੁਰਮਾਨ ਕਰਦੇ ਹਨ ਕਿ -

ਅੱਸੂ ਦੀ ਮਿੱਠੀ ਮਿੱਠੀ ਸੁਹਾਵਣੀ ਰੁੱਤ ਵਿਚ ਉਹ ਜੀਵ ਇਸਤ੍ਰੀਆਂ, ਉਹ ਮਨੁੱਖ ਸਦਾ ਸੁਖ, ਅਨੰਦ, ਵਿਗਾਸ ਵਿਚ ਰਹਿੰਦੇ ਹਨ ਜੋ ਪ੍ਰਭੂ ਪਿਆਰ, ਪ੍ਰਭੂ ਕ੍ਰਿਪਾ ਦੇ ਪਾਤਰ ਬਣਦੇ ਹਨ -

***ਅੱਸੂ ਸੁਖੀ ਵਸੰਦੀਆ***
***ਜਿਨਾ ਮਇਆ ਹਰਿ ਰਾਇ॥ ਪੰਨਾ - 134***

ਪੁਸਤਕ **'ਹੋਵੈ ਅਨੰਦ ਘਣਾ'** ਵਿਚ ਮਹਾਂਪੁਰਸ਼ਾਂ ਵਲੋਂ ਪ੍ਰਾਪਤ ਅੱਸੂ ਮਹੀਨੇ ਦੀ ਵਿਆਖਿਆ।

ਪਿਛਲਾ ਮਹੀਨਾ ਭਾਦਰੋਂ ਦਾ ਲੰਘ ਗਿਆ, ਇਸ ਵਿਚ ਗੁਰੂ ਮਹਾਰਾਜ ਜੀ ਨੇ ਦੁਨੀਆਂ ਦੇ ਸਬੰਧਾਂ ਨੂੰ ਹੇਚ ਦਿਖਾਇਆ ਅਤੇ ਦੁਨੀਆਂ ਨਾਲ ਪਿਆਰ ਪਾਉਣ ਵਾਲੇ ਭੁੱਲੜਾਂ ਨੂੰ ਸੁਚੇਤ (warn) ਕੀਤਾ ਕਿ ਪਿਆਰਿਆ! ਜਦੋਂ ਜਮਾਂ ਦਾ ਤਕੜਾ ਹੱਥ ਪੈ ਗਿਆ, ਉਸ ਵੇਲੇ ਬੋਲਣ ਦਾ ਵੇਹਲ ਨਹੀਂ ਮਿਲਣਾ-

***ਇਕ ਰਤੀ ਬਿਲਮ ਨ ਦੇਵਨੀ***
***ਵਣਜਾਰਿਆ ਮਿਤ੍ਰਾ***
***ਓਨੀ ਤਕੜੇ ਪਾਏ ਹਾਥ॥ ਪੰਨਾ - 78***

ਕਿਸੇ ਨੂੰ ਭੇਤ ਨਹੀਂ ਮਿਲਣਾ। ਸਾਰਿਆਂ ਦੇ ਸਾਮ੍ਹਣੇ ਜੀਵ ਆਤਮਾ ਨੂੰ ਫੜ ਲਿਆ। ਜਿਨ੍ਹਾਂ ਦੇ ਨਾਲ ਪਰਚਿਆ ਰਿਹਾ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਈਰਖਾ, ਵਖੀਲੀ; ਉਹ ਸਭ ਸਾਥ ਛੱਡ ਕੇ ਭੱਜ ਗਏ ਅਤੇ ਆਪਣੇ ਬੀਜੇ ਹੋਏ ਕਰਮਾਂ ਦਾ ਫਲ ਭੋਗਣ ਲਈ ਸੱਚ ਦੀ ਕਚਹਿਰੀ ਵਿਚ ਲਿਜਾਇਆ ਗਿਆ। ਪਰ ਨਾਲ ਹੀ ਗੁਰੂ ਮਹਾਰਾਜ ਜੀ ਨੇ ਇਸ ਡਾਵਾਂਡੋਲ ਹੋਏ ਜੀਵ ਨੂੰ ਦੱਸ ਦਿਤਾ ਕਿ ਪ੍ਰਭੂ ਦੇ ਚਰਨਾਂ ਦਾ ਜਹਾਜ਼ ਬੋਹਿਥਾ ਉਛਾਲੇ ਮਾਰਦੇ ਅਗਨ ਸਾਗਰ ਨੂੰ ਪਾਰ ਕਰਾਉਣ ਲਈ ਸਮਰੱਥ ਹੈ ਅਤੇ ਕ੍ਰਿਪਾ ਕਰਕੇ ਇਹ ਵੀ ਭੇਤ ਦੀ ਗੱਲ ਦੱਸ ਦਿਤੀ ਕਿ ਨਰਕਾਂ ਵਿਚ ਓਹੀ ਜਾਂਦੇ ਹਨ ਜਿਨ੍ਹਾਂ ਦਾ ਪਿਆਰ ਮਾਇਆ ਦੇ ਛਲਾਵਿਆਂ, ਭੁਲਾਵਿਆਂ ਵਿਚ ਪਰਚਿਆ ਰਹਿੰਦਾ ਹੈ। ਉਹ ਪਿਆਰ ਬਿਨਸ ਜਾਂਦਾ ਹੈ, ਨਾਲ ਨਹੀਂ ਜਾਂਦਾ ਪਰ ਇਸ ਦੇ ਵਿਪਰੀਤ ਸਮਰੱਥ ਗੁਰੂ ਦਾ ਪਿਆਰ ਇਸਨੂੰ ਭਵਜਲ ਵਿਚ ਡੁੱਬਣ ਨਹੀਂ ਦਿੰਦਾ। ਸਾਰਾ ਮਹੀਨਾ ਭਾਦਰੋਂ ਦੇ ਹੁੱਸੜਾਂ ਵਿਚ ਇਹ ਸੋਚਦਾ ਰਿਹਾ ਕਿ ਗੁਰੂ ਦਾ ਪਿਆਰ ਕਿਥੋਂ ਮਿਲੇ, ਗੁਰੂ

(ਬਾਕੀ ਪੰਨਾ - ਤੇ)

# ਸੰਪਾਦਕੀ

*ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ*

ਇਸ ਮਹੀਨੇ ਦਾ ਆਤਮ ਮਾਰਗ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਸਰੀਰਕ ਵਿਛੋੜੇ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ 300 ਸਾਲਾ ਗੁਰਤਾ ਗੱਦੀ ਨੂੰ ਸਮਰਪਿਤ ਹੈ। ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਤੋਂ ਲੈ ਕੇ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਗੁਰੂ ਜੋਤ 10 ਜਾਮੇ ਸਰੀਰਾਂ ਦੇ ਵਿੱਚ ਪ੍ਰਤੱਖ ਸਾਕਾਰ ਸਰੂਪ ਅੰਦਰ ਵਰਤਕੇ ਸਮੂੰਹ ਲੋਕਾਈ ਨੂੰ ਨਾਮ ਬਾਣੀ ਨਾਲ ਜੋੜਦੀ ਰਹੀ ਹੈ। ਆਉਣ ਵਾਲੇ ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ਬਦ ਗੁਰੂ ਨਾਲ ਜੁੜਨ ਦੀ ਸਦੀਵੀ ਪ੍ਰਥਾ ਕਾਇਮ ਕਰ ਦਿਤੀ ਹੈ। ਗੁਰੂ ਕਦੇ ਵੀ ਸਰੀਰ ਨਹੀਂ ਹੋਇਆ ਅਤੇ ਨਾਂ ਹੀ ਹੋਵੇਗਾ ਕਿਉਂਕਿ ਸਰੀਰ ਦਾ ਸਬੰਧ ਥੋੜੇ ਸਮੇਂ ਵਾਸਤੇ ਹੁੰਦਾ ਹੈ। 10 ਜਾਮੇ ਸਰੀਰਾਂ ਅੰਦਰ ਵੀ ਗੁਰੂਆਂ ਨੇ ਸੁਰਤਿ ਅਤੇ ਸ਼ਬਦ ਮਾਰਗ ਨੂੰ ਹੀ ਪ੍ਰਚਲਤ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬਾਣੀ ਰੂਪ ਵਿੱਚ ਸ਼ਬਦ ਪ੍ਰਤੱਖ ਵਰਤ ਰਿਹਾ ਹੈ। ਇਸ ਬਾਣੀ ਰੂਪੀ ਸ਼ਬਦ ਰਾਹੀਂ ਸੁਰਤਿ ਨਾਲ ਜੁੜਨ ਦੀਆਂ ਜੁਗਤੀਆਂ ਅਤੇ ਉਕਤੀਆਂ ਪੂਰੀ ਤਰ੍ਹਾਂ ਨਾਲ ਰਸਤਾ ਦਰਸਾ ਰਹੀਆਂ ਹਨ। ਗੁਰੂ ਦੀ ਮਤ ਅਨੁਸਾਰ ਗੁਰਮਤਿ ਮਾਰਗ ਉਪੱਰ ਆਪ ਚੱਲਣ ਵਾਲੇ ਸਮੂੰਹ ਸਾਧੂ ਸੰਤ ਗੁਰਬਾਣੀ ਅਨੁਸਾਰ ਹੀ ਸ਼ਬਦ ਨੂੰ ਸੁਰਤਿ ਨਾਲ ਜੁੜਨ ਦਾ ਉਪਦੇਸ਼ ਸੰਸਾਰ ਅੰਦਰ ਦੇ ਰਹੇ ਹਨ। ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਜਦੋਂ ਸਿਧਾਂ ਨੇ ਗੁਰੂ ਵਾਰੇ ਸਵਾਲ ਕਰਕੇ ਸੰਸਾਰ ਭਵਜਲ ਸਾਗਰ ਨੂੰ ਪਾਰ ਹੋਣ ਦਾ ਢੰਗ ਰਸਤਾ ਪੁਛਿਆ ਸੀ ਤਾਂ ਗੁਰੂ ਨਾਨਕ ਪਾਤਿਸ਼ਾਹ ਨੇ "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਦਾ ਰਸਤਾ ਦਰਸਾਇਆ ਸੀ। ਗੁਰੂ ਪਾਤਿਸ਼ਾਹ ਨੇ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਗੁਰਮੁਖਾਂ ਦੀ ਸੰਗਤ ਅਪਨਾਉਣ ਵਾਸਤੇ ਕਿਹਾ ਸੀ। ਗੁਰੂ ਗ੍ਰੰਥ ਸਾਹਿਬ ਅੰਦਰ ਸਾਰੀ ਹੀ ਧੁਰ ਦਰਗਾਹੀ ਇਲਾਹੀ ਬਾਣੀ ਨਾਮ ਨਾਲ ਜੋੜਨ ਵਾਲੀ ਹੈ। ਨਾਮ ਕਦੇ ਵੀ ਕਿਸੇ ਨੂੰ ਨਾਂ ਬਾਹਰੋਂ ਕਿਸੇ ਗੁਰੂ ਤੋਂ ਮਿਲਿਆ ਹੈ ਅਤੇ ਨਾਂ ਹੀ ਕੋਈ ਗੁਰੂ ਨਾਮ ਦਿੰਦਾ ਹੈ। ਗੁਰੂ ਮੰਤਰ ਦਿੰਦੇ ਹਨ। ਗੁਰਮੁਖਾਂ ਦੀ ਸੰਗਤ ਵਿੱਚ ਗੁਰਮੰਤਰ ਅਭਿਆਸ ਕਰਨ ਦੀਆਂ ਜੁਗਤੀਆਂ ਉਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਸਾਡੇ ਆਪਣੇ ਗੁਰੂ ਘਰ ਅੰਦਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ 300 ਸਾਲ ਪਹਿਲਾਂ ਜਿਥੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ ਹੈ, ਉਥੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜੂਰੀ ਅੰਦਰ ਪੰਜ ਪਿਆਰੇ ਪ੍ਰੈਕਟੀਕਲ ਰੂਪ ਵਿੱਚ ਪੰਜ ਬਾਣੀਆਂ ਦਾ ਪਾਠ ਕਰਕੇ ਅੰਮ੍ਰਿਤ ਛਕਾਉਣ ਉਪਰੰਤ ਗੁਰਮੰਤਰ ਮੂਲਮੰਤਰ ਦ੍ਰਿੜ ਕਰਵਾਉਂਦੇ ਹਨ। ਨਾਮ ਅਭਿਆਸੀ ਗੁਰਮੁਖ ਸਾਧੂ ਸੰਤ ਜਨ ਜਿੱਥੇ ਗੁਰਮੰਤਰ ਦਾ ਅਭਿਆਸ ਕਰਕੇ ਨਾਮ ਵਿੱਚ ਅਭੇਦ ਹੁੰਦੇ ਹਨ ਉਥੇ ਸੀਨੀਅਰ ਵਿਦਿਆਰਥੀਆਂ ਵਾਗੂੰ ਗੁਰਮੰਤਰ ਅਭਿਆਸ ਦੀਆਂ ਜੁਗਤੀਆਂ ਦੱਸ ਕੇ ਗੁਰਮੁਖ ਗਾਡੀ ਰਾਹ ਅਨੁਸਾਰ ਨਾਮ ਤੱਕ ਪਹੁੰਚਾਉਣ ਦਾ ਸਾਧਨ ਬਣਦੇ ਹਨ। ਬਾਹਰ-ਬਾਹਰ ਤੋਂ ਸਮੂੰਹ ਮਜ਼ਬਾਂ ਸੰਪ੍ਰਦਾਵਾਂ ਦੇ ਰੂਹਾਨੀ ਪੰਧ ਤਹਿ ਕਰਨ ਦੇ ਰਸਤੇ ਦੇਖਣ ਨੂੰ ਅਲੱਗ ਅਲੱਗ ਨਜ਼ਰ ਆਉਂਦੇ ਹਨ ਪਰ ਅੰਦਰ ਇਸ ਸਰੀਰ ਰੂਪੀ ਮੰਦਰ ਵਿੱਚ ਨਾਮ ਤੱਕ ਪਹੁੰਚਣ ਦਾ ਸਾਰਿਆਂ ਦਾ ਰਸਤਾ ਇਕੋ ਹੀ ਹੈ। ਇਸੇ ਲਈ ਆਤਮ ਮਾਰਗ ਮੈਗਜ਼ੀਨ ਨੂੰ ਸਾਰੇ ਮਜ਼ਬਾਂ ਸੰਪ੍ਰਦਾਵਾਂ ਦੇ ਜਗਿਆਸੂ ਪੜ੍ਹ ਕੇ ਆਪਣੀ ਜਗਿਆਸਾ ਦੀ ਪੂਰਤੀ ਕਰਦੇ ਹਨ। ਅੱਜ ਇਸ ਦੇ ਹਜ਼ਾਰਾਂ ਹੀ ਮੈਂਬਰ ਰੂਹਾਨੀ ਪੰਧ ਦੇ ਉਪਰ ਚਲਦੇ ਹੋਏ ਹੋਰਨਾਂ ਨੂੰ ਵੀ ਰੂਹਾਨੀ ਰਸਤੇ ਉਪਰ ਚਲਾਉਣ ਦੇ ਪੱਥ ਪ੍ਰਦਸ਼ਕ ਬਣ ਰਹੇ ਹਨ। ਹਰ ਸਾਲ ਇਸ ਰੂਹਾਨੀ ਮਿਸ਼ਨ ਦੇ ਬਾਨੀ ਸੰਤ ਮਹਾਰਾਜ ਜੀ ਦੀ ਬਰਸੀ ਉਪਰ ਸਮੂੰਹ ਨਾਮ ਜਪਣ ਵਾਲੇ ਰੂਹਾਨੀਅਤ ਭਰਪੂਰ ਜੀਵਨ ਵਾਲੀਆਂ ਸੰਗਤਾਂ ਦਾ ਝਲਕਾਰਾ 28 ਤੋਂ 31 ਅਕਤੂਬਰ ਤੱਕ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਨੇੜੇ ਚੰਡੀਗੜ੍ਹ ਵਿਖੇ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਦਾ ਰੂਹਾਨੀ ਨਜ਼ਾਰਾ ਸਾਰਿਆਂ ਦੇ ਜੀਵਨ ਨੂੰ ਨਵਾਂ ਉਤਸ਼ਾਹ ਬਖਸ਼ਦਾ ਹੈ। ਇਸ ਸਾਲ ਵੀ 28 ਤੋਂ 31 ਅਕਤੂਬਰ ਤੱਕ ਬਰਸੀ ਸਮਾਗਮ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪ੍ਰਲੋਕ ਗਮਨ ਦਿਵਸ ਅਤੇ 300 ਸਾਲਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਗੁਰਤਾਗੱਦੀ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਇਸ ਸਮਾਗਮ ਉਪਰ ਆਉਣ ਵਾਸਤੇ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦਾ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਪਹੁੰਚਣ ਦਾ ਪਿਆਰਾ ਸੰਦੇਸ਼ ਸਾਨੂੰ ਪਹੁੰਚ ਰਿਹਾ ਹੈ। ਸਾਨੂੰ ਆਸ ਦੇ ਨਾਲ ਪੂਰਾ ਵਿਸ਼ਵਾਸ਼ ਹੈ ਕਿ ਇਸ ਸਾਲ ਜੋ 300 ਸਾਲਾ ਗੁਰਤਾ ਗੱਦੀ ਗੁਰਪੁਰਬ ਮਨਾਇਆ ਜਾਣਾ ਹੈ ਇਸ ਤਰ੍ਹਾਂ ਦਾ ਫੇਰ ਸਮਾਗਮ ਸਾਡੀ ਜਿੰਦਗੀ ਵਿੱਚ ਨਹੀਂ ਆਉਣਾ ਹੈ। ਇਸ ਲਈ ਸਾਡੀ ਸਾਰੇ ਹੀ ਆਤਮ ਮਾਰਗ ਦੇ ਪਾਠਕਾਂ ਨੂੰ ਪੁਰਜੋਰ ਅਪੀਲ ਹੈ ਕਿ ਆਪਣੀ ਰੁਝੇਂਵਿਆਂ ਭਰਪੂਰ ਜਿੰਦਗੀ ਵਿੱਚੋਂ ਸਮਾਂ ਕੱਢ ਕੇ ਇਸ ਮਹਾਨ ਅਵਸਰ ਦਾ ਜਰੂਰ ਹੀ ਲਾਹਾ ਪ੍ਰਾਪਤ ਕਰੋ ਜੀ ਅਤੇ ਇਸ ਮੈਗਜੀਨ ਨੂੰ ਆਪਣੇ ਘਰ ਵਿੱਚ ਨਿਰੰਤਰ ਮੰਗਵਾਉਣ ਵਾਸਤੇ। ਲਾਇਫ ਮੈਂਬਰਾਂ ਨੂੰ ਛੱਡ ਕੇ ਜਿਸ ਲਿਫਾਫੇ ਵਿੱਚ ਮੈਗਜੀਨ ਆਪ ਜੀ ਦੇ ਘਰ ਲੈ ਕੇ ਪੋਸਟ ਮੈਨ ਹਰ ਮਹੀਨੇ ਪਹੁੰਚਦਾ ਹੈ। ਉਸ ਲਿਫਾਫੇ ਤੇ ਆਪ ਜੀ ਦੇ ਐਡਰੈਸ ਨਾਲ ਆਪ ਜੀ ਵੱਲੋਂ ਭਰੇ ਚੰਦੇ ਦੀ ਐਕਸਪਾਇਰੀ ਡੇਟ ਲਿਖੀ ਹੁੰਦੀ ਹੈ ਉਸ ਨੂੰ ਵੇਖ ਕੇ ਚੰਦਾ ਖਤਮ ਹੋਣ ਤੋਂ 1 ਮਹੀਨਾ ਪਹਿਲਾਂ ਹੀ ਆਪਣਾ ਚੰਦਾ ਆਤਮ ਮਾਰਗ ਅਦਾਰੇ ਵਿੱਚ ਮਨੀਆਡਰ ਜਾਂ ਡਰਾਫਟ ਰਾਹੀਂ ਪਹੁੰਚਾਉਣ ਦੀ ਕ੍ਰਿਪਾਲਤਾ ਕਰਿਆ ਕਰੋ ਜੀ। ਜਾਂ ਆਤਮ ਮਾਰਗ ਵੰਡਣ ਵਾਲੇ ਪ੍ਰੇਮੀ ਕੋਲ ਅਪਣਾ ਚੰਦਾ ਜਮ੍ਹਾਂ ਕਰਾਓ। ਜੇ ਫੇਰ ਵੀ ਪਤਾ ਨਹੀਂ ਲਗਦਾ ਤਾਂ ਆਤਮ ਮਾਰਗ ਦੇ ਪਹਿਲੇ ਪੰਨੇ ਤੇ ਸੰਪਰਕ ਨੰਬਰ ਡਾਇਲ ਕਰਕੇ ਪਤਾ ਕਰਨ ਦੀ ਕ੍ਰਿਪਾਲਤਾ ਕਰੋ ਜੀ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਹਮਰੀ ਗਣਤ ਨ ਗਣੀਆ ਕਾਈ*
*ਅਪਣਾ ਬਿਰਦੁ ਪਛਾਣਿ ॥*
*ਹਾਥ ਦੇਇ ਰਾਖੇ ਕਰਿ ਅਪੁਨੇ*
*ਸਦਾ ਸਦਾ ਰੰਗੁ ਮਾਣਿ ॥ ਅੰਗ - ੬੧੯*

ਸਾਧਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ***

ਆਪ ਸਾਰਿਆਂ ਨੇ ਗੁਰੂ ਮਹਾਰਾਜ ਜੀ ਦੇ ਹੁਕਮਨਾਮੇ ਨੂੰ ਸਰਵਣ ਕੀਤਾ ਹੈ। ਕੁਝ ਗੱਲਾਂ ਇਸ ਦੇ ਵਿਚੋਂ ਸਮਝਣ ਵਾਲੀਆਂ ਨੇ, ਹੈ ਬਹੁਤ ਸੁਖਾਲਾ ਲੇਕਿਨ ਇਸ ਦਾ ਜੋ ਰਹੱਸ ਹੈ ਉਹ ਬਹੁਤ ਗਹਿਰਾ ਹੈ। ਬੇਨਤੀ ਕੀਤੀ ਗਈ ਹੈ ਕਿ ਹੇ ਵਾਹਿਗੁਰੂ! ਸਾਡੇ ਜੋ ਕਰਮ ਹਨ –

*ਹਮਰੋ ਸਹਾਉ ਸਦਾ ਸਦ ਭੂਲਨ*
*ਤੁਮ੍ਰੋ ਬਿਰਦੁ ਪਤਿਤ ਉਧਰਨ ॥ ਅੰਗ - ੮੨੮*

ਐਸਾ ਸਾਡਾ ਸੁਭਾਅ ਪੱਕ ਗਿਆ ਹੈ ਕਿ ਅਸੀਂ ਸਦਾ ਹੀ ਤੈਨੂੰ ਭੁੱਲੇ ਰਹਿੰਦੇ ਹਾਂ। ਤੂੰ ਇਹ ਸਰੀਰ ਰਚਿਆ ਹੈ, ਇਸ ਦੇ ਵਿਚ ਜੀਵ ਪਾਇਆ ਤੇ ਸੁਆਸ ਦਿਤੇ, ਪਰਿਵਾਰ ਦਿਤਾ, ਹੋਰ ਅਨੇਕਾਂ ਚੀਜ਼ਾਂ ਇਸ ਦੇ ਗੁਜਰਾਨ ਵਾਸਤੇ ਦਿਤੀਆਂ, ਪਹਿਨਣਾ ਦਿਤਾ, ਖਾਣਾ ਦਿਤਾ। ਇਹ ਸਾਡੇ ਕਿਸੇ ਕਰਮਾਂ ਦੇ ਅਣਜਾਨੇ ਵਿਚ ਨਹੀਂ ਦਿਤਾ ਇਹ ਤੇਰੀ ਮਿਹਰ ਹੀ ਮਿਹਰ ਹੈ ਕਿਉਂਕਿ ਤੂੰ ਦਇਆਲੂ ਹੈਂ, ਸਭ ਦੇ ਉਤੇ ਮਿਹਰ ਕਰਦਾ ਹੈਂ, ਕਿਸੇ ਦਾ ਕਰਮ ਨਹੀਂ ਦੇਖਦਾ। ਵਾਹਿਗੁਰੂ ਨਾਲ ਕਿਸੇ ਦੇ ਕਰਮਾਂ ਦਾ ਕੋਈ ਸਬੰਧ ਨਹੀਂ ਹੈ, ਉਹ ਆਪਣੇ ਸੁਭਾਅ ਵਿਚ ਵਰਤਦਾ ਹੈ –

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*
*ਅੰਗ - ੨੭੫*

ਆਦਮੀ ਦੂਰ ਕਿਉਂ ਕਹਿੰਦਾ ਹੈ ਫੇਰ ਉਸ ਤੋਂ ਕਿਉਂਕਿ ਉਹ ਭੁੱਲਿਆ ਰਹਿੰਦਾ ਹੈ, ਉਹ ਵਾਹਿਗੁਰੂ ਦੇ ਉਤੇ ਕੋਈ ਭਰੋਸਾ ਨਹੀਂ ਲਿਆਉਂਦਾ, ਨਾ ਉਸ ਨੂੰ ਜਾਨਣ ਦੀ ਕੋਸ਼ਿਸ ਕਰਦਾ ਹੈ, ਨਾ ਉਸ ਦੇ ਨਾਲ ਪਿਆਰ ਕਰਦਾ ਹੈ, ਹਰ ਵਕਤ ਇਸ ਦੀ ਮੰਗ ਉਸ ਦੇ ਅੱਗੇ ਬਣੀ ਰਹਿੰਦੀ ਹੈ ਲੇਕਿਨ ਜਦੋਂ ਮਿਲ ਜਾਂਦਾ ਹੈ ਉਸ ਨੂੰ ਫੇਰ ਭੁੱਲ ਜਾਂਦਾ ਹੈ। ਉਸ ਦੀ ਦਇਆਲਤਾ ਵਿਚ ਕੋਈ ਫਰਕ ਨਹੀਂ ਆਉਂਦਾ ਕਿ ਇਸ ਬੰਦੇ ਤੋਂ ਬਦਲਾ ਲਿਆ ਜਾਵੇ, ਇਸ ਨੂੰ ਐਨੀਆਂ ਦਾਤਾਂ ਦਿਤੀਆਂ ਹਨ ਫੇਰ ਇਹ ਭੁੱਲਿਆ ਹੋਇਆ ਗਲਤ ਕੰਮ ਕਰਦਾ ਹੈ, ਉਹ ਆਪਣੇ ਬਖਸ਼ਿੰਦ ਸੁਭਾਅ ਦੇ ਵਿਚ ਰਹਿੰਦਾ ਹੈ, ਦਿੰਦਾ ਹੀ ਰਹਿੰਦਾ ਹੈ ਪਰ ਦੂਸਰੇ ਪਾਸੇ ਹੁਕਮ ਦੀ ਕਿਰਿਆ ਚੱਲ ਰਹੀ ਹੈ। ਆਦਮੀ ਕਰਮ ਕਰਦਾ ਹੈ - ਚੰਗੇ ਕਰਮ ਕਰਦਾ ਹੈ, ਮਾੜੇ ਕਰਮ ਕਰਦਾ, ਦੂਜਿਆਂ ਦੇ ਦਿਲ ਦੁਖਾਉਣ ਵਾਲੇ, ਧੋਖੇ ਦੇਣ ਵਾਲੇ, ਕਪਟ ਵਾਲੇ, ਛਲ ਵਾਲੇ, ਵਾਹਿਗੁਰੂ ਨੂੰ ਭੁਲਾਉਣ ਵਾਲੇ ਜੋ ਕਰਮ ਹਨ, ਇਸ ਜੀਵ ਦੇ ਨਾਲ ਜੁੜਦੇ ਹੀ ਚਲੇ ਜਾਂਦੇ ਨੇ, ਚਿੰਬੜਦੇ ਚਲੇ ਜਾਂਦੇ ਨੇ। ਕਰਮਾਂ ਨੂੰ ਸਤ੍ਹਾ ਦੇਣ ਵਾਲੀ ਇਸ ਦੀ 'ਮੈਂ' ਹੈ। ਇਸ ਦੀ 'ਮੈਂ' ਨੇ ਹੀ ਵਾਹਿਗੁਰੂ ਤੋਂ ਇਸ ਨੂੰ ਅਲੱਗ ਕਰ ਦਿਤਾ। ਉਹ 'ਮੈਂ' ਫੇਰ ਕਰਮਾਂ ਦੇ ਗੇੜ ਦੇ ਨਾਲ ਚਲਦੀ ਕਿਤੇ ਦੁੱਖ ਪਾਉਂਦੀ ਹੈ, ਕਿਤੇ ਸੁੱਖ ਪਾਉਂਦੀ ਹੈ, ਕਿਤੇ ਬਾਦਸ਼ਾਹ ਬਣਦੀ ਹੈ ਕਿਤੇ ਗਰੀਬ ਬਣਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਦੇ ਸੁਭਾਅ ਵਿਚ ਕੋਈ ਫਰਕ ਨਹੀਂ ਹੈ। ਉਹ ਤਾਂ ਆਪਣੇ ਹਿਸਾਬ ਨਾਲ ਹੀ ਨੇ। ਇਹ ਜੀਵ ਕਰਮਾਂ ਕਰਕੇ ਹੀ ਨੇੜੇ ਆਉਂਦਾ ਹੈ, ਕਰਮਾਂ ਕਰਕੇ ਹੀ ਦੂਰ ਜਾਂਦਾ ਹੈ।

ਸੋ ਮਹਾਰਾਜ ਜੀ ਨੇ ਆਪਣੇ ਇਸ ਹੁਕਮਨਾਮੇ ਵਿਚ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਅਸੀਂ ਤਾਂ ਬਹੁਤ ਭੁੱਲੇ ਹੋਏ ਹਾਂ ਤੈਥੋਂ, ਬਹੁਤ ਦੂਰ ਜਾ ਚੁੱਕੇ ਹਾਂ, ਤੇਰਾ ਅਹਿਸਾਨ ਨਹੀਂ ਮੰਨਦੇ –

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*
*ਅੰਗ - ੬੭੬*

ਦਾਤਾਂ ਜੋ ਦਿੰਦਾ ਹੈ ਉਹ ਸਾਨੂੰ ਪਿਆਰੀਆਂ ਲਗਦੀਆਂ ਨੇ ਤੇ ਤੂੰ ਭੁੱਲਿਆ ਰਹਿੰਦਾ ਹੈ ਕਿਉਂਕਿ ਸਾਡਾ ਸੁਭਾਅ ਇਹ ਬਣਿਆ ਹੋਇਆ ਹੈ ਕਿ ਤੈਥੋਂ ਦੂਰ ਜਾ ਕੇ ਦਾਤਾਂ ਵਿਚ ਰਹਿਣਾ, ਨਾਸ਼ਵਾਨ ਚੀਜ਼ਾਂ ਨਾਲ ਪਿਆਰ, ਤੂੰ ਜੋ ਸਦਾ ਸਲਾਮਤ ਹੈ ਤੇਰੇ ਨਾਲ ਸਾਡਾ ਕੋਈ ਵਾਸਤਾ ਨਹੀਂ –

***ਜੋ ਤੁਧੁ ਭਾਵੈ ਸਾਈ ਭਲੀ ਕਾਰ ॥***
***ਤੂ ਸਦਾ ਸਲਾਮਤਿ ਨਿਰੰਕਾਰ ॥ ਅੰਗ - ੩***

ਤੇਰੇ ਨਾਲ ਸਾਡਾ ਕੋਈ ਪਿਆਰ ਨਹੀਂ ਹੈ, ਸਾਡੇ ਸੁਭਾਅ ਨੂੰ ਨਾ ਗਿਣ, ਤੂੰ ਕ੍ਰਿਪਾ ਕਰ ਤੇ ਕ੍ਰਿਪਾ ਕਰਕੇ ਸਾਡੇ ਉਤੇ ਮਿਹਰ ਕਰ, ਆਪਣਾ ਬਿਰਦ ਪਛਾਣ। ਤੇਰਾ ਜੋ ਬਿਰਦ ਹੈ ਉਸਨੂੰ ਪਛਾਣ। ਹੁਣ ਸਾਨੂੰ ਇਹ ਸਮਝ 'ਚ ਨਹੀਂ ਆਉਂਦੀ ਕਿ ਵਾਹਿਗੁਰੂ ਦਾ ਬਿਰਦ ਕੀ ਹੈ? ਡਿਊਟੀ ਕੀ ਹੈ? ਉਸਦਾ ਸੁਭਾਅ ਕੀ ਹੈ? ਉਸ ਦਾ ਸੁਭਾਅ ਹੈ –

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਜਿਹੜਾ ਵੀ ਸ਼ਰਣ ਆ ਗਿਆ ਚਾਹੇ ਉਹ ਕਰੋੜਾਂ ਜਨਮ ਭੁਗਤ ਕੇ ਸ਼ਰਣ ਆ ਗਿਆ, ਚਾਹੇ ਪਹਿਲਾਂ ਆ ਗਿਆ ਇਹ ਉਸ ਦਾ ਬਿਰਦ ਹੈ ਹੈ ਕਿ ਜਿਹੜਾ ਸ਼ਰਣ ਵਿਚ ਆ ਜਾਵੇ, ਉਸ ਨੂੰ ਕੰਠ ਨਾਲ ਲਾ ਲੈਂਦਾ ਹੈ ਪਰ ਸ਼ਰਣ 'ਚ ਆਉਣਾ ਹੀ ਗੱਲ ਸਮਝਣੀ ਔਖੀ ਹੈ। ਮਹਾਰਾਜ ਜੀ ਕਹਿੰਦੇ ਨੇ-

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ ਅੰਗ - ੬੩੨*

ਐ ਮੇਰੇ ਮਨ! ਤੂੰ ਵਾਹਿਗੁਰੂ ਦੀ ਸ਼ਰਣ ਦੀ ਵਿਚਾਰ ਕਰ, ਤੈਨੂੰ ਅਸੀਂ ਕੁਝ ਮਿਸਾਲਾਂ ਦਿੰਦੇ ਹਾਂ ਕਿ ਜਿਸ ਨੇ ਵੀ ਉਸ ਦੀ ਸ਼ਰਣ ਲਈ ਹੈ, ਉਸ ਦੇ ਉਤੇ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੀ ਹੁੰਦੀ ਹੈ। ਉਨ੍ਹਾਂ ਨੂੰ ਇਹ ਨਹੀਂ ਦੇਖਿਆ ਕਿ ਉਹ ਕਿਹੋ ਜਿਹੇ ਨੇ -

*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ ॥ ਅੰਗ - ੬੩੨*

ਤੇ ਇਕ ਮਹਾਂ ਪਾਪਣ ਸਮਾਜ ਦੇ ਨਜ਼ਰੀਏ ਵੀ ਤੇ ਵੈਸੈ ਰੂਹਾਨੀਅਤ ਵਲੋਂ ਵੀ, ਗਨਕਾ, ਵੇਸ਼ਵਾ ਦਾ ਕੰਮ ਕਰਨ ਵਾਲੀ -

***ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥ ਭਾਈ ਗੁਰਦਾਸ ਜੀ, ਵਾਰ 10 ਪਉੜੀ 21***

ਐਨੇ ਪਾਪ ਕੀਤੇ ਕਿ ਮਾਨੋ ਗੱਲ ਵਿਚ ਪਾਪਾਂ ਦਾ ਹਾਰ ਹੀ ਪਿਆ ਹੋਇਆ ਸੀ, ਕੋਈ ਪੂਰਬਲੇ ਕਰਮ ਉਸ ਦੇ ਅਜੇ ਬਚਦੇ ਸਨ, ਪਿਛਲੇ ਜਨਮਾਂ ਦਾ ਕੋਈ ਐਸਾ ਨੇਕ ਕੰਮ ਕਰਿਆ ਹੋਇਆ ਸੀ ਓਸ ਨੇ ਜੋ ਫਲ ਦੇਣ ਵਾਸਤੇ ਉਤਾਵਲਾ ਸੀ ਲੇਕਿਨ ਪਾਪਾਂ ਦਾ ਐਨਾ ਗੇੜ ਚਲ ਰਿਹਾ ਸੀ ਕਿ ਉਹ ਫਲ ਦੇਣ ਵਾਲਾ ਕਰਮ ਦੱਬਿਆ ਪਿਆ ਸੀ ਅਖੀਰ ਉਸ ਨੇਕ ਕਰਮ ਦਾ ਜਿਹੜਾ ਅੰਕੁਰ ਸੀ ਉਹ ਫੁੱਟਿਆ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਉਸ ਵੇਲੇ ਕੀ ਹੁੰਦਾ ਹੈ ਸਭ ਤੋਂ ਚੰਗਾ ਕਰਮ ਜਿਸ ਵਕਤ ਕਿਸੇ ਦਾ ਜਾਗ ਪਵੇ ਉਸ ਵੇਲੇ ਉਸ ਤੱਤ ਬੇਤੇ ਮਹਾਂਪੁਰਸ਼ ਦੇ ਦਰਸ਼ਨ ਹੁੰਦੇ ਨੇ ਕਿਉਂਕਿ ਇਹ ਦੁਰਲੱਭ ਚੀਜ਼ ਹੈ ਸੰਸਾਰ ਦੇ ਅੰਦਰ। ਪਹਿਲਾਂ ਤਾਂ ਇਹ ਨਹੀਂ ਪਤਾ ਲਗਦਾ ਕਿ ਤੱਤ-ਬੇਤਾ ਮਹਾਂਪੁਰਸ਼ ਹੈ ਕੌਣ ਕਿਉਂਕਿ ਰੌਲਾ-ਰੱਪਾ ਬਹੁਤ ਹੈ, ਭੇਖ ਬਹੁਤ ਹੈ, ਭੁਲੇਖੇ ਪਾਉਣ ਵਾਲੀਆਂ ਗੱਲਾਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ ਤੇ ਜਿਨ੍ਹਾਂ ਦੇ ਕੋਲ ਪ੍ਰਮੇਸ਼ਰ ਹੁੰਦਾ ਹੈ ਉਹ ਛੁਪਾ ਕੇ ਰੱਖਦੇ ਨੇ, ਉਚੇ ਹੁੰਦੇ ਹੋਏ ਵੀ ਭੋਲੇ ਬਣੇ ਰਹਿੰਦੇ ਨੇ, ਸਿਆਣੇ ਹੁੰਦੇ ਹੋਏ, ਗਿਆਨਵਾਨ ਹੁੰਦੇ ਹੋਏ ਕਿਉਂਕਿ ਉਸ ਅਵਸਥਾ ਨੂੰ ਸੰਸਾਰ ਸਮਝਦਾ ਨਹੀਂ, ਸੰਸਾਰਕ ਬਿਰਤੀ ਵਿਚ ਰਹਿੰਦੇ ਨੇ, ਇਸ ਕਰਕੇ ਮੇਲ ਨਹੀਂ ਹੁੰਦਾ ਤੇ ਜਿਸ ਵਕਤ ਪੂਰਬਲਾ ਕਰਮ ਕੋਈ ਜਾਗ ਪਵੇ ਪ੍ਰਮੇਸ਼ਰ ਫੇਰ ਕ੍ਰਿਪਾ ਕਰਦਾ ਹੈ, ਭਾਗ ਉਦੈ ਹੁੰਦੇ ਨੇ, ਭਾਗਾਂ ਦਾ ਫਲ ਦੋ ਚੀਜ਼ਾਂ ਤੋਂ ਪਤਾ ਲਗਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਹੈ ਕਿ ਕਲਜੁਗ ਦੇ ਅੰਦਰ ਜੇ ਕਿਸੇ ਦੇ ਭਾਗ ਉਦੈ ਹੋਣ ਤਾਂ ਕੀ ਨਿਸ਼ਾਨੀਆਂ ਹਨ - ਕੀ ਉਸ ਦੇ ਕੋਲ ਬਹੁਤ ਪੈਸਾ ਆ ਜਾਵੇਗਾ? ਬਹੁਤ ਜ਼ਿਆਦਾ ਉਸ ਦੇ ਕੋਲ ਧਨ ਆ ਜਾਵੇਗਾ, ਸਵਾਰੀਆਂ ਮਿਲਣਗੀਆਂ, ਕੋਠੀਆਂ ਬਣ ਗਈਆਂ, shop-cum-flat ਬਣ ਗਏ, ਜਾਇਦਾਦਾਂ ਖਰੀਦ ਲਈਆਂ, ਜ਼ਮੀਨਾਂ ਖਰੀਦ ਲਈਆਂ, ਫੈਕਟਰੀਆਂ ਲਾ ਲਈਆਂ ਹੋਰ ਅਨੇਕਾਂ ਚੀਜ਼ਾਂ ਪੁੱਤਰ ਵਗੈਰਾ ਹੋ ਗਏ, ਕੀ ਇਹ ਭਾਗਾਂ ਵਾਲੀ ਚੀਜ਼ ਹੈ? ਇਹ ਭਾਗਾਂ ਨਾਲ ਮਿਲਦੀਆਂ ਹਨ ਤੇ ਇਨ੍ਹਾਂ ਸਾਰੀਆਂ ਵਿਚੋਂ ਉਤਮ ਕਿਹੜੀ ਹੈ ਜਿਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਦੋਂ ਪੂਰੇ ਭਾਗ ਹੋਣ? ਮਹਾਰਾਜ ਜੀ ਕਹਿੰਦੇ ਇਹ ਚੀਜ਼ਾਂ ਤਾਂ ਕੁਝ ਸਾਰਦੀਆਂ ਨਹੀਂ, ਆਦਮੀ ਨੂੰ ਭੁਲਾਉਂਦੀਆਂ ਨੇ -

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪*

ਇਹ ਸਾਰੀਆਂ ਚੀਜ਼ਾਂ ਤਾਂ ਭੁਲਾਉਣ ਵਾਲੀਆਂ ਨੇ, ਪ੍ਰਮੇਸ਼ਰ ਨਾਲੋਂ ਤੋੜਨ ਵਾਲੀਆਂ ਨੇ ਕਿਉਂਕਿ ਆਦਮੀ ਦੀ ਬਿਰਤੀ ਇਨ੍ਹਾਂ ਵਿਚ ਪੈ ਕੇ ਭੁੱਲ ਜਾਂਦੀ ਹੈ। ਸੋ ਇਸ ਕਰਕੇ ਇਹ ਕੋਈ ਉਤਮ ਭਾਗਾਂ ਦੀ ਨਿਸ਼ਾਨੀ ਨਹੀਂ ਹੈ। ਉਤਮ ਭਾਗ ਦੀ ਨਿਸ਼ਾਨੀ ਹੈ ਕਿ ਉਸ ਨੂੰ ਸੁਤੇ-ਸਿੱਧ ਦੋ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ - ਇਕ ਹੈ ਹਰੀ ਦਾ ਕੀਰਤਨ, ਦੂਸਰਾ ਹੈ ਸਾਧੂ ਦਾ ਸੰਗ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਾਧੂ ਦੀ ਸੰਗਤ ਤੇ ਹਰੀ ਦਾ ਕੀਰਤਨ ਇਹ ਮਿਲਦਾ ਉਸ ਨੂੰ ਹੈ ਜਿਸ ਦੇ ਪੂਰਬਲੇ ਕਰਮ ਜਾਗ ਪੈਣ ਤੇ ਧੁਰੋਂ ਲਿਖਿਆ ਹੋਇਆ ਹੋਵੇ ਉਸਨੂੰ ਇਹ ਦੋ ਚੀਜ਼ਾਂ ਮਿਲ ਜਾਇਆ ਕਰਦੀਆਂ ਨੇ। ਸੋ ਭਾਗਾਂ ਬਿਨਾਂ ਨਹੀਂ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਸਤਿ ਦੀ ਸੰਗਤ ਭਾਗਾਂ ਤੋਂ ਬਿਨਾਂ ਨਹੀਂ ਪ੍ਰਾਪਤ ਹੋਏਗੀ ਕਦੇ ਵੀ ਤੇ ਜੇ ਪ੍ਰਾਪਤ ਨਹੀਂ ਹੁੰਦੀ ਤਾਂ ਪਹਿਲਾਂ ਹੀ ਬੇਅੰਤ ਮੈਲ ਲੱਗੀ ਹੋਈ ਹੈ ਮਨ ਨੂੰ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਜੇ ਸਤਿਸੰਗ ਨਾ ਮਿਲੇ ਤਾਂ ਉਸ ਦੇ ਮਨ ਦੇ ਉਤੇ ਹੋਰ ਮੈਲਾਂ ਲਗਦੀਆਂ ਚਲੀਆਂ ਜਾਂਦੀਆਂ ਹਨ, ਸਵੇਰ ਤੋਂ ਸ਼ਾਮ ਤੱਕ ਤੇ ਰਾਤ ਤੱਕ ਮੈਲ ਹੀ ਮੈਲ ਲਗਦੀ ਹੈ ਤੇ ਵਾਹਿਗੁਰੂ ਤੋਂ ਵਿਛੜ ਕੇ ਦੁਖੀ ਹੁੰਦਾ ਤੁਰਿਆ ਜਾਂਦਾ ਹੈ। ਸੋ ਇਹ ਭਾਗ ਹੁੰਦੇ ਨੇ ਕਿ ਸਤਿਸੰਗ ਦੀ ਪ੍ਰਾਪਤੀ ਤੇ ਸਾਧੂ ਦੀ ਸੰਗਤ। ਇਸ ਬੀਬੀ ਦੇ ਪਾਪ ਐਨੇ ਜ਼ਿਆਦਾ ਸੀ ਕਿ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਇਸ ਦੇ ਉਤੇ ਵੀ ਕਦੇ ਕ੍ਰਿਪਾ ਹੋ ਜਾਏਗੀ -

*ਗਨਿਕਾ ਪਾਪਣਿ ਹੋਇਕੈ*
*ਪਾਪਾਂ ਦਾ ਗਲਿ ਹਾਰੁ ਪਰੋਤਾ॥*
*ਮਹਾਪੁਰਖੁ ਆਚਾਣਚਕ*
*ਗਨਿਕਾ ਵਾੜੇ ਆਇ ਖਲੋਤਾ॥*
***ਭਾਈ ਗੁਰਦਾਸ ਜੀ***

ਇਹ ਨਹੀਂ ਕਿ ਪ੍ਰੋਗਰਾਮ ਨਾਲ ਆਇਆ ਅਚਾਨਕ ਹੀ ਆ ਗਏ। ਵਾਹਿਗੁਰੂ ਜੀ ਨੇ ਪ੍ਰੇਰਿਆ ਉਸ ਦੇ ਕਰਮ ਜਾਗ ਪਏ ਤੇ ਵਾਹਿਗੁਰੂ ਜੀ ਨੇ ਐਸੀ ਖੇਡ ਰਚਾਈ ਕਿ ਮੀਂਹ ਪੈਣ ਲੱਗ ਗਿਆ, ਪਾਣੀ ਵਧਣ ਲੱਗ ਗਿਆ ਇਨ੍ਹਾਂ ਕੋਲ ਇਕ ਤੋਤਾ ਸੀ ਉਸ ਨੂੰ ਲੈ ਕੇ ਸ਼ਹਿਰ ਵਲ ਨੂੰ ਆ ਗਏ। ਮੀਂਹ ਦਾ ਛਰਾਟਾ ਤੇਜ਼ ਆ ਗਿਆ, ਦਰਵਾਜ਼ਾ ਖੁਲ੍ਹਾ ਦੇਖਿਆ ਤਾਂ ਥੋੜ੍ਹਾ ਅੰਦਰ ਆ ਕੇ ਖੜ੍ਹ ਗਏ, ਅਚਾਨਕ ਮੇਲ ਹੋ ਗਿਆ ਕਿਉਂਕਿ ਉਸ ਦੇ ਪੂਰਬਲੇ ਕਰਮ ਜਾਗ ਚੁੱਕੇ ਸੀ, ਮਥ ਕੇ ਨਹੀਂ ਹੋਇਆ, ਆਪੇ ਹੀ ਹੋ ਗਿਆ। ਉਸ ਵੇਲੇ ਉਨ੍ਹਾਂ ਦੇ ਦਰਸ਼ਨ ਦਾ ਇਹ ਫਲ ਹੋਇਆ ਕਿ ਉਸ ਦੀ ਬੁੱਧੀ ਦੇ ਅੰਦਰ ਸ਼ੁਭ ਸੰਸਕਾਰ ਫੁਟਣੇ ਸ਼ੁਰੂ ਹੋ ਗਏ, ਆਪਣੇ ਆਪ ਨੂੰ ਵਿਚਾਰਿਆ ਕਿ ਮੇਰਾ ਜੀਵਨ ਕਿੰਨਾ ਨਰਕੀ, ਮੈਨੂੰ ਤਾਂ ਕਿਸੇ ਨਰਕ ਵਿਚ ਵੀ ਥਾਂ ਨਹੀਂ ਮਿਲਣਾ ਕਿਉਂਕਿ ਮੈਂ ਐਨੇ ਪਾਪ ਕਰੇ ਨੇ - ਜਿਉਂ-ਜਿਉਂ ਵਿਚਾਰਦੀ ਹੈ ਕਿ ਮੇਰਾ ਮਾਨਸ ਜਨਮ ਐਵੇਂ ਹੀ ਗਿਆ, ਤਿਉਂ-ਤਿਉਂ ਮਹਾਂਪੁਰਸ਼ਾਂ ਉਤੇ ਸ਼ਰਧਾ ਹੁੰਦੀ ਹੈ। ਅਖੀਰ ਉਹ ਉਨ੍ਹਾਂ ਨੂੰ ਮਕਾਨ ਦੇ ਅੰਦਰ ਲੈ ਗਈ ਤੇ ਸੇਵਾ ਕਰੀ। ਸੇਵਾ ਕਰਦੀ ਹੈ ਤੇ ਨਾਲ ਬੇਨਤੀ ਕਰਦੀ ਹੈ ਕਿ ਮਹਾਰਾਜ! ਮੇਰੀ ਐਸੀ ਮਾੜੀ ਬੁੱਧੀ ਹੈ ਕਿ ਮੈਂ ਨਿਰੇ ਹੀ ਪਾਪ ਕਰੇ ਨੇ, ਕਦੇ ਕੋਈ ਨੇਕ ਕੰਮ ਨਹੀਂ ਕਰਿਆ, ਮੇਰਾ ਵੀ ਕਿਤੇ ਉਧਾਰ ਹੋ ਜਾਏਗਾ। ਸਾਰੀ ਵਿਥਿਆ ਦੱਸੀ ਕਿ ਕਿਸ ਤਰ੍ਹਾਂ ਮੈਂ ਇਨ੍ਹਾਂ ਪਾਪਾਂ 'ਚ ਪਰਵਿਰਤ ਹੋਈ, ਅੰਦਰੋਂ ਮੇਰੇ ਕਿਵੇਂ ਆਵਾਜ਼ ਆਉਂਦੀ ਹੈ, ਆਪ ਦੇ ਦਰਸ਼ਨ ਕਰਕੇ ਪਾਪਾਂ ਤੋਂ ਮੇਰੇ ਅੰਦਰ ਗਲਾਨੀ ਪੈਦਾ ਹੋ ਗਈ ਹੈ ਕਿ ਇਹ ਤਾਂ ਬਹੁਤ ਮਾੜੇ ਕੰਮ ਨੇ।

ਉਸ ਵੇਲੇ ਕਹਿੰਦੇ ਸ਼ੁਭ ਮਤ ਦੇਖ ਕੇ ਤਾਂ ਦਇਆ ਹੁੰਦੇ ਹੀ ਨੇ ਪਰ ਇਥੇ ਖੋਟੀ ਮੱਤ ਦੇਖ ਕੇ, ਉਸ ਦੀਆਂ ਐਸੀਆਂ ਗੱਲਾਂ ਸੁਣ ਕੇ ਕ੍ਰਿਪਾ ਦੇ ਘਰ ਵਿਚ ਆ ਗਏ ਕਿ ਏਸ ਜੀਵ ਦਾ ਉਧਾਰ ਹੋਣਾ ਚਾਹੀਦਾ ਹੈ -

*ਦੁਰਮਤਿ ਦੇਖਿ ਦਇਆਲ ਹੋਇ*
*ਹਥਹੁੰ ਉਸਨੋ ਦਿਤੋਨੁ ਤੋਤਾ॥*
***ਭਾਈ ਗੁਰਦਾਸ ਜੀ***

ਉਸ ਵੇਲੇ ਸੋਚਿਆ ਕਿ ਜੇ ਇਸ ਨੂੰ ਪ੍ਰਮੇਸ਼ਰ ਦਾ ਨਾਮ ਮਿਲ ਜਾਵੇ, ਅਧਿਕਾਰੀ ਤਾਂ ਇਹ ਹੈ ਨਹੀਂ ਕਿਉਂਕਿ ਇਸ ਦੇ ਕਰਮ ਅਜੇ ਬਹੁਤ ਮੰਦੇ ਨੇ, ਅੰਤਸ਼ਕਰਣ ਦੇ ਵਿਚ ਨਾਮ ਦਾ ਨਿਵਾਸ ਨਹੀਂ ਹੋਣਾ। ਜੁਗਤ ਦੇ ਨਾਲ ਮਹਾਤਮਾ ਨੇ ਸੋਚ ਲਿਆ -

*ਦੁਰਮਤਿ ਦੇਖਿ ਦਇਆਲ ਹੋਇ*
*ਹਥਹੁੰ ਉਸਨੋ ਦਿਤੋਨੁ ਤੋਤਾ॥*
***ਭਾਈ ਗੁਰਦਾਸ ਜੀ***

ਤੋਤਾ ਫੜਾ ਦਿਤਾ ਕਹਿੰਦੇ ਬੀਬਾ! ਤੈਨੂੰ ਦਸਦੇ ਹਾਂ ਇਕ ਜੁਗਤ ਉਹ ਇਹ ਹੈ ਕਿ ਜੇ ਤੂੰ ਪਾਰ ਲੰਘਣਾ ਹੈ ਤਾਂ ਤੋਤੇ ਨੂੰ ਰਾਮ-ਰਾਮ ਕੁਹਾਇਆ ਕਰ ਸਵੇਰੇ। ਇਹ ਵੀ ਰਾਮ-ਰਾਮ ਬੋਲਦਾ ਹੈ, ਸਿੱਖਿਆ ਹੋਇਆ ਹੈ, ਇਕ ਵਾਰੀ ਇਹ ਬੋਲਿਆ ਕਰੇਗਾ, ਇਕ ਤੂੰ ਜੇ ਚੁੱਪ ਹੋ ਜਾਏਂਗੀ ਤਾਂ ਇਹ ਵੀ ਚੁੱਪ ਹੋ ਜਾਏਗਾ। ਇਸ ਕਰਕੇ ਅੰਮ੍ਰਿਤ ਵੇਲੇ ਉਠਿਆ ਕਰ ਦੋ ਵਜੇ ਤੋਂ ਬਾਅਦ ਜਿੰਨ੍ਹਾਂ ਸਮਾਂ ਤੇਰੇ ਕੋਲ ਹੈ, ਤੂੰ ਬੋਲੀ ਜਾਈਂ, ਉਧਰੋਂ ਇਹ ਬੋਲੀ ਜਾਏਗਾ ਤੇਰੇ ਉਤੇ ਕ੍ਰਿਪਾ ਹੋ ਜਾਏਗੀ।

*ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ*
*ਵਣਜੁ ਸਓਤਾ॥* ***ਭਾਈ ਗੁਰਦਾਸ ਜੀ***

ਸਰੋਤਾ ਫਲ ਵਾਲਾ ਜਿਹੜਾ ਵਣਜ ਹੈ, ਨਫੇ ਵਾਲਾ ਉਹ ਵਣਜ ਮਹਾਤਮਾ ਨੇ ਕਰ ਲਿਆ, ਉਸ ਨੇ ਬਚਨ ਮੰਨ ਲਿਆ। ਇਕ ਗੱਲ ਉਨ੍ਹਾਂ ਨੇ ਕਰੀ ਕਿ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ ਤੇ ਉਸ ਦੇ ਭਰੋਸੇ ਵਿਚ ਆ ਜਾਹ, ਸ਼ਰਨ ਵਿਚ ਆ ਜਾਹ ਉਸ ਦੀ। ਜਿਹੜਾ ਉਸ ਦੀ ਸ਼ਰਣ ਵਿਚ ਆ ਜਾਂਦਾ ਹੈ ਉਸ ਦੇ ਪਾਪਾਂ ਦਾ ਖਾਤਮਾ ਹੋ ਜਾਂਦਾ ਹੈ। ਉਹ ਆਪ ਰੱਖਦਾ ਹੈ ਕਿਉਂਕਿ ਉਸ ਦਾ ਬਿਰਦ ਹੈ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

*ਲਿਵ ਲਾਗੀ ਤਿਸੁ ਤੋਤਿਅਹੁ*
*ਨਿਤ ਪੜਾਏ ਕਰੈ ਅਸੋਤਾ॥*
***ਭਾਈ ਗੁਰਦਾਸ ਜੀ***

ਰੋਜ਼ ਪੜ੍ਹਾਉਂਦੀ ਹੈ। ਮਹਾਤਮਾ ਦਾ ਬਚਨ ਕਮਾ ਲਿਆ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਉਹ ਗੁਰੂ ਦੀ ਕ੍ਰਿਪਾ ਨਾਲ ਤਰਦਾ ਹੈ ਜਿਹੜਾ ਸੰਤਾਂ ਦਾ ਬਚਨ ਕਮਾ ਲਵੇ। ਬਚਨ ਪੂਰੇ ਤਰੀਕੇ ਨਾਲ ਕਮਾ ਲਿਆ ਤਾਂ ਹੁੰਦਾ ਕੀ ਹੈ?

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*

*ਅੰਗ - ੧੧੯੫*

ਜਦੋਂ ਪ੍ਰਮੇਸ਼ਰ ਦਾ ਨਾਮ ਅੰਤਸ਼ਕਰਣ ਵਿਚ ਪ੍ਰਵੇਸ਼ ਕਰ ਜਾਂਦਾ ਹੈ ਉਸ ਵੇਲੇ ਮੈਲ ਬਾਹਰ ਨਿਕਲਣ ਲੱਗ ਜਾਂਦੀ ਹੈ ਜਿਵੇਂ ਇਕ ਟਿਊਬਵੈਲ ਹੋਵੇ ਤੇ ਉਸ ਦਾ ਜੋ ਚੁਬੱਚਾ ਹੈ ਬਹੁਤ ਵੱਡਾ ਹੈ ਤੇ ਗੰਦੇ ਪਾਣੀ ਨਾਲ ਭਰਿਆ ਪਿਆ ਹੈ ਜਦੋਂ ਬਟਨ ਦੱਬ ਦਿਤਾ ਪਾਣੀ ਆਉਣਾ ਸ਼ੁਰੂ ਹੋ ਗਿਆ, ਉਹ ਗੰਦਾ ਪਾਣੀ ਨਿਕਲ ਕੇ ਸਵੱਛ ਪਾਣੀ ਹੋ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਨਾਮ ਦਾ ਉਚਾਰਨ ਹੋ ਕੇ ਨਾਮ ਹਿਰਦੇ 'ਚ ਜਾਣਾ ਸ਼ੁਰੂ ਹੋ ਜਾਂਦਾ ਹੈ ਉਸ ਵੇਲੇ ਕੀਤੇ ਹੋਏ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ -

*ਪਤਿਤ ਉਧਾਰਣੁ ਰਾਮ ਨਾਮ*
*ਦੁਰਮਤਿ ਪਾਪ ਕਲੇਵਰੁ ਧੋਤਾ॥*

*ਭਾਈ ਗੁਰਦਾਸ ਜੀ*

ਤੇ ਪਤਿਤਾਂ ਦਾ ਉਧਾਰ ਕਰਨ ਵਾਲਾ ਤੇ ਉਸ ਨੇ ਪਾਪਾਂ ਦਾ ਜਿਹੜਾ ਬਹੁਤ ਵੱਡਾ ਕਲੇਵਰ ਸੀ ਉਹ ਅੰਤਸ਼ਕਰਣ ਧੋ ਦਿਤਾ -

*ਅੰਤਕਾਲੁ ਜਮ ਜਾਲੁ ਤੋੜਿ*
*ਨਰਕੈ ਵਿਚਿ ਨ ਖਾਧਸੁ ਗੋਤਾ॥*

*ਭਾਈ ਗੁਰਦਾਸ ਜੀ*

ਜਿਸ ਵਕਤ ਅੰਤ ਕਾਲ ਆਇਆ ਪ੍ਰਮੇਸ਼ਰ ਦਾ ਨਾਮ ਜਪਦੀ-ਜਪਦੀ ਦਾ ਤੇ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਉਸ ਨੇ ਫੇਰ ਨਰਕਾਂ ਵਿਚ ਗੋਤਾ ਨਹੀਂ ਖਾਧਾ -

*ਗਈ ਬੈਕੁੰਠਿ ਬਿਬਾਣਿ ਚੜ੍ਹਿ*
*ਨਾਉ ਨਰਾਇਣੁ ਛੋਤਿ ਅਛੋਤਾ॥*

*ਭਾਈ ਗੁਰਦਾਸ ਜੀ*

ਸੋ ਇਸ ਤਰ੍ਹਾਂ ਸ਼ਰਣ ਆਉਣ ਦੇ ਨਾਲ ਮਹਾਰਾਜ ਗੁਰੂ ਤੇਗ ਬਹਾਦਰ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਪਾਪ ਤਾਂ ਹੋ ਗਏ ਪਰ ਸ਼ਰਣ ਵਿਚ ਆ ਜਾਓ, ਦੇਖੋ ਕਿਹੋ ਜਿਹੀ ਮਾੜੀ ਰੂਹ ਦਾ ਕਿੱਡਾ ਉਧਾਰ ਹੋ ਗਿਆ।

ਦੂਸਰਾ ਧ੍ਰੂੰ ਭਗਤ ਦਾ ਦਿਤਾ ਕਿ ਇਕ ਬੱਚਾ ਸੀ, ਜਦੋਂ ਉਹ ਸ਼ਰਣ ਵਿਚ ਆ ਗਿਆ ਤਾਂ ਪ੍ਰਮੇਸ਼ਰ ਨੇ ਸਾਖਸ਼ਾਤ ਦਰਸ਼ਨ ਦਿਤੇ ਤੇ ਜਿਸ ਮਨੋਰਥ ਨੂੰ ਲੈ ਕੇ ਉਹ ਲੱਗਿਆ ਸੀ ਉਹ ਪੂਰਾ ਹੋ ਗਿਆ।

ਤੀਸਰਾ ਉਨ੍ਹਾਂ ਨੇ ਕਿਹਾ ਕਿ ਇਹ ਤਾਂ ਮਨੁੱਖ ਨੇ ਜੇ ਪਸ਼ੂ ਵੀ ਸ਼ਰਣ ਵਿਚ ਆ ਜਾਵੇ ਤਾਂ ਉਸ ਦੀ ਵੀ ਰਾਖੀ ਕਰਦਾ ਹੈ -

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥ ਅੰਗ - ੬੩੨*

ਚੌਥੀ ਮਿਸਾਲ ਦਿੰਦੇ ਨੇ ਕਿ ਜਿਸ ਨੇ ਸਾਰੀ ਜ਼ਿੰਦਗੀ ਪਾਪ ਕੀਤੇ ਸੀ -

*ਅਜਾਮਲੁ ਪਾਪੀ ਜਗੁ ਜਾਨੇ*
*ਨਿਮਖ ਮਾਹਿ ਨਿਸਤਾਰਾ॥ ਅੰਗ - ੬੩੨*

ਉਸ ਦੀ ਸ਼ਰਣ ਵਿਚ ਆਉਣ ਦਾ ਕੋਈ ਐਸਾ ਨਹੀਂ ਹੈ ਕਿ ਐਨੇ ਸਾਲ ਸ਼ਰਣ 'ਚ ਆਏ ਨੂੰ ਹੋ ਗਏ। ਕਹਿੰਦੇ ਅੱਖ ਝਮਕਣ ਜਿੰਨਾ ਚਿਰ ਵਿਚ ਉਹ ਸ਼ਰਣ ਵਿਚ ਆਇਆ ਸੀ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ ॥ ਅੰਗ - ੯੮੧*

ਪੁੱਤਰ ਦਾ ਨਾਂ ਨਾਰਾਇਣ ਸੀ। ਅੰਤ ਵੇਲੇ ਜਮਦੂਤ ਲੈਣ ਆਏ, ਪੁੱਤਰ ਨੂੰ ਹਾਕ ਮਾਰੀ ਪਰ ਸ਼ਰਣ ਚਲਿਆ ਗਿਆ ਵਾਹਿਗੁਰੂ ਜੀ ਦੀ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥ ਅੰਗ - ੯੮੧*

ਮਹਾਰਾਜ ਜੀ ਕਹਿੰਦੇ ਉਸ ਨੇ ਜਮਾਂ ਨੂੰ ਮਾਰ ਦਿਤਾ ਕਿਉਂਕਿ ਸ਼ਰਮ ਵਿਚ ਆਇਆ ਸੀ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਉਹ ਨਹੀਂ ਦੇਖਦਾ ਕਿ ਪਾਪ ਕੀ ਹੁੰਦੇ ਨੇ, ਉਸ ਤਾਂ ਮਨ ਦੀ ਭਾਵਨਾ ਦੇਖਦਾ ਹੈ। ਸੋ ਇਸ ਦੇ ਵਿਚ ਮਹਾਰਾਜ ਜੀ ਕਹਿੰਦੇ ਨੇ ਕਿ ਵਾਹਿਗੁਰੂ ਜੀ ਦਾ ਬਿਰਧ ਕਿ ਜੋ ਵੀ ਸ਼ਰਨ ਆ ਜਾਵੇ ਤੇ ਜਿਸ ਵਕਤ ਵੀ ਆ ਜਾਵੇ....., ਸ਼ਰਣ ਆਉਣ ਦੀ ਮਿਸਾਲ ਗੁਰੂ ਤੇਗ ਬਹਦਾਰ ਜੀ ਨੇ ਦਿਤੀ ਹੈ -

*ਪੰਚਾਲੀ ਕਉ ਰਾਜ ਸਭਾ ਮਹਿ*
*ਰਾਮ ਨਾਮ ਸੁਧਿ ਆਈ ॥*
*ਤਾ ਕੋ ਦੂਖੁ ਹਰਿਓ ਕਰੁਣਾ ਮੈ*
*ਅਪਨੀ ਪੈਜ ਬਢਾਈ ॥ ਅੰਗ - ੧੦੦੮*

ਜਦੋਂ ਕੋਈ ਵੀ ਉਸ ਦਾ ਚਾਰ ਨਾ ਚੱਲਿਆ -

ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾਂ ਦੀ। ਭਾਈ ਗੁਰਦਾਸ ਜੀ

ਨਗਨ ਕੀਤੀ ਜਾ ਰਹੀ ਹੈ ਤੇ ਸੰਸਾਰ ਦੇ ਉਤੇ ਕੋਈ ਐਸਾ ਬੰਦਾ ਨਹੀਂ ਸੀ ਸੰਸਾਰ ਦੇ ਅੰਦਰ ਜਿਹੜਾ ਉਸ ਦੀ ਮਦਦ ਕਰ ਦੇਵੇ। ਜਦੋਂ ਕੋਈ ਵੀ ਆਸਰਾ ਨਾ ਰਿਹਾ ਤਾਂ ਕਹਿੰਦੇ ਉਸ ਵੇਲੇ ਉਸ ਨੇ -

***ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।***

ਸ਼ਰਣ ਵਿਚ ਆ ਗਈ ਉਸ ਵੇਲੇ ਆਪਣਾ ਤਾਣ ਛੱਡ ਦਿਤਾ, ਅਰਦਾਸ ਕੀਤੀ ਸ਼ਰਣ ਵਿਚ ਆ ਕੇ ਕਿਹਾ ਕਿ ਹੇ ਪ੍ਰਭੂ! ਹੁਣ ਨਹੀਂ ਹੈ ਜਿਹੜਾ ਮੇਰੀ ਰਾਖੀ ਕਰ ਲੇਵੇ ਤੂੰ ਹੀ ਹੈ ਕਿਉਂਕਿ ਉਸ ਦਾ ਬਿਰਦ ਸੀ ਕਿ ਜਦੋਂ ਸ਼ਰਣ ਵਿਚ ਆਵੇ ਤਾਂ ਉਸ ਨੇ ਰੱਖਣਾ ਹੀ ਰੱਖਣਾ ਹੈ - ਚਾਹੇ ਪ੍ਰਹਿਲਾਦ ਨੂੰ ਰੱਖਿਆ, ਚਾਹੇ ਦ੍ਰੋਪਦੀ ਨੂੰ ਰੱਖਿਆ - (ਬਾਕੀ ਪੰਨਾ 63 ਤੇ)

# ਜੁਗਤੀ ਸੇਵਾ ਸਿਮਰਨ

*ਸੰਤ ਵਰਿਆਮ ਸਿੰਘ ਜੀ ਮਹਾਰਾਜ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ ਅਗਸਤ ਅੰਕ ਨੰ. 51)*

ਕਿਉਂਕਿ ਅੰਮ੍ਰਿਤ ਵੇਲੇ ਜਾਗਣਾ ਜਿਹੜਾ ਹੈ ਗੁਰੂ ਘਰ ਦੇ ਅੰਦਰ, ਜਿਹੜੇ ਪ੍ਰਮੇਸ਼ਰ ਦੇ ਪਿਆਰੇ ਹੁੰਦੇ ਨੇ ਜਿਨ੍ਹਾਂ ਦੇ ਸੀਨੇ 'ਚ ਖਿੱਚ ਪਈ ਹੋਈ ਹੈ, ਉਹ ਟਿਕ ਕੇ ਨਹੀਂ ਬਹਿੰਦੇ ਉਹ ਉਠਦੇ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ,*
*ਕੋਈ ਜਾਗਦੇ ਨੇ ਰਾਮ ਪਿਆਰੇ।*
*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਰਾਮ ਪਿਆਰੇ ਸਦਾ ਜਾਗਹਿ*
*ਨਾਮੁ ਸਿਮਰਹਿ ਅਨਦਿਨੋ ॥*
*ਚਰਣ ਕਮਲ ਧਿਆਨੁ ਹਿਰਦੈ*
*ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ*
*ਕਲਮਲਾ ਦੁਖ ਜਾਰੇ ॥*
*ਬਿਨਵੰਤਿ ਨਾਨਕ ਸਦਾ ਜਾਗਹਿ*
*ਹਰਿ ਦਾਸ ਸੰਤ ਪਿਆਰੇ ॥ ਅੰਗ – ੪੫੯*

ਜਿਨ੍ਹਾਂ ਨੇ ਇਸ ਜ਼ਿੰਦਗੀ ਦੇ ਅੰਦਰ ਇਸ ਰੂਹਾਨੀ ਸਫਰ ਨੂੰ ਮੁਕਾਉਣਾ ਹੈ ਤੇ ਛੇਤੀ–ਛੇਤੀ ਆਪਣੇ ਮੰਜ਼ਲ–ਏ–ਮਕਸੂਦ ਤੇ ਪਹੁੰਚਣਾ ਹੈ ਉਹ ਜਾਗਦੇ ਨੇ ਸਾਧਸੰਗਤ ਜੀ! ਕਿਉਂਕਿ ਅੰਮ੍ਰਿਤ ਵੇਲਾ 24 ਘੰਟਿਆਂ ਦੇ ਵਿਚੋਂ, ਸਭ ਤੋਂ ਜ਼ਿਆਦਾ ਫਲ ਦੇਣ ਵਾਲਾ ਹੁੰਦਾ ਹੈ। ਵੱਤ ਲੱਗਦੀ ਹੈ ਉਸ ਵੇਲੇ।

*ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥*
*ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ॥*
*ਅੰਗ – ੩੨੧*

ਵੱਤ ਵੇਲੇ ਜਿਹੜਾ ਬੀਜ ਦਿੰਦਾ ਹੈ ਉਹਦੀ ਫਸਲ ਹੁੰਦੀ ਹੈ, ਜਿਹੜਾ ਵੱਤ ਲੰਘਾ ਕੇ ਬੀਜੇ ਉਥੇ ਦਾਨਾ ਹੀ ਨਹੀਂ ਜੰਮਦਾ।

ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਪਾਤਸ਼ਾਹ ਨੇ ਪੁੱਛਿਆ ਕਿ ਸੱਚੇ ਪਾਤਸ਼ਾਹ! ਐਸੇ ਫੁਰਮਾਨ ਆਉਂਦੇ ਨੇ ਕਿ ਮਹਾਰਾਜ –

*ਫਰੀਦਾ ਪਿਛਲ ਰਾਤਿ ਨ ਜਾਗਿਓਹਿ*
*ਜੀਵਦੜੋ ਮੁਇਓਹਿ ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥*
*ਅੰਗ – ੧੩੮੩*

ਤੂੰ ਤਾਂ ਜੀਉਂਦਾ ਹੀ ਮਰ ਗਿਆ, ਪਿਛਲੀ ਰਾਤ ਨਹੀਂ ਜਾਗਦਾ। ਕਹਿਣ ਲੱਗਿਆ, ਮਹਾਰਾਜ! ਪਿਛਲੀ ਰਾਤ ਜਾਗਣ ਦਾ ਕੋਈ ਵਿਸ਼ੇਸ਼ ਫਲ ਹੈ? ਕਹਿੰਦੇ ਪੁਰਖਾ! ਤੂੰ ਭਲੀ ਬਾਤ ਪੁੱਛੀ।

ਕੇਵਲ ਜਾਗਣ ਦਾ ਤੇ ਇਸ਼ਨਾਨ ਕਰਨ ਦਾ ਫਲ ਅਸੀਂ ਤੈਨੂੰ ਦਸਦੇ ਹਾਂ ਕਿ ਜਿਹੜਾ ਅੰਮ੍ਰਿਤ ਵੇਲੇ ਜਾਗ ਕੇ ਵਿਧੀਪੂਰਵਕ ਇਸ਼ਨਾਨ ਕਰਦਾ ਹੈ, ਕਿਉਂਕਿ ਹਰ ਚੀਜ਼ ਦੀ ਵਿਧੀ ਹੋਇਆ ਕਰਦੀ ਹੈ। ਵਿਧੀ ਤੋਂ ਬਗੈਰ, ਫਾਰਮੂਲੇ ਤੋਂ ਬਗੈਰ ਮਿਹਨਤ ਬਹੁਤ ਕਰਨੀ ਪੈਂਦੀ ਹੈ। ਜਿਸ ਤਰ੍ਹਾਂ ਮੈਂ ਦੱਸਿਆ ਸੀ ਕਿ ਜੇ ਇਕ ਵਿਦਿਆਰਥੀ ਨੂੰ ਸਵਾਲ ਪਾ ਦਿਓ ਕਿ 9 ਰਕਮ ਨੂੰ 999 ਵਾਰੀ ਜਮ੍ਹਾਂ ਕਰੋ। ਫਾਰਮੂਲਾ ਨਾ ਜਾਨਣ ਵਾਲਾ, 9–9–9–9 ਲਿਖਦਾ ਹੀ ਚਲਿਆ ਜਾਏਗਾ, 999 ਤੱਕ, ਬੜਾ ਸਮਾਂ ਲੱਗੇਗਾ, ਸਾਰਾ ਦਿਨ ਲਾ ਦੇਵੇਗਾ, ਜਮ੍ਹਾਂ ਕਰਦਾ। ਜਿਹਦੇ ਕੋਲ ਫਾਰਮੂਲਾ ਹੈ ਉਹ 9000 'ਚੋਂ 9 ਕੱਢ ਦਏਗਾ। ਉਹਨੇ ਸਵਾਲ ਖਤਮ ਕਰਨਾ ਹੈ ਤੇ ਉਹਨੇ ਜਵਾਬ ਉਸੇ ਵੇਲੇ ਦੇ ਦੇਣਾ ਹੈ। ਸੋ ਹਰ ਚੀਜ਼ ਦੀ ਵਿਧੀ ਹੋਇਆ ਕਰਦੀ, ਫਾਰਮੂਲਾ ਹੋਇਆ ਕਰਦਾ ਹੈ। ਨਾਮ ਜਪਣ ਦਾ ਜਿਹੜਾ ਵੇਲਾ ਹੈ ਜਦ ਤੋਂ ਸਾਡੀ ਆਰੀਅਨ ਸੰਸਕ੍ਰਿਤੀ ਹੋਈ, ਚਾਹੇ ਦੂਜੇ ਵੀ ਹੋਏ ਅੰਮ੍ਰਿਤ ਵੇਲੇ ਤੋਂ ਨਾਮ ਜਪਦੇ ਨੇ। ਇਕ ਤਾਂ ਉਸ ਵੇਲੇ ਸਾਇੰਟਿਫਿਕਲੀ ਇਹ ਹੁੰਦਾ ਹੈ ਕਿ ਜਿਸ ਵਕਤ ਅੱਧੀ ਰਾਤ ਹੁੰਦੀ ਹੈ ਉਸ ਤੋਂ ਬਾਅਦ ਆਕਸੀਜਨ ਪਾਣੀ ਵਿਚ ਦਾਖਲ ਹੋਣਾ ਸ਼ੁਰੂ ਕਰ ਦਿੰਦੀ ਹੈ। ਦੋ ਵਜੇ ਤੋਂ ਸਮੇਂ ਤੱਕ ਪਾਣੀ ਵਿਚ ਆਕਸੀਜਨ ਮਿਲ ਜਾਂਦੀ ਹੈ। ਨਹਾ ਲਓ ਸਰੀਰ ਦੇ ਵਿਚ ਤੰਦਰੁਸਤੀ ਆਉਣ ਲੱਗ ਜਾਂਦੀ ਹੈ। ਜਦੋਂ ਉਠ ਕੇ ਫੇਰ ਅਸੀਂ ਬੰਦਗੀ ਕਰਦੇ ਹਾਂ, ਵਾਹਿਗੁਰੂ ਦੀ ਯਾਦ ਵਿਚ ਬੈਠਦੇ ਹਾਂ ਤਾਂ ਫੇਰ ਸਾਡੇ ਉਤੇ ਦੋ ਅਸਰ ਹੁੰਦੇ ਨੇ। ਇਕ ਤਾਂ ਇਹ ਹੁੰਦਾ ਹੈ ਕਿ ਸਰੀਰ ਦਾ ਰੋਗ ਹਟਣਾ ਸ਼ੁਰੂ ਹੋ ਜਾਂਦਾ ਹੈ। ਰੋਗੀ ਤਾਂ ਹੀ ਹੈ ਜੇ ਪ੍ਰਮੇਸ਼ਰ ਨਾਲੋਂ ਟੁੱਟਿਆ ਹੋਇਆ ਹੈ ਬੰਦਾ। ਰੋਗ ਹਟਦਾ ਹੈ, ਦੂਸਰਾ ਹੁੰਦਾ ਹੈ ਮਨ ਦਾ ਰੋਗ ਹਟਣਾ ਸ਼ੁਰੂ ਕਰ ਦਿੰਦਾ ਹੈ। ਮਨ ਦਾ ਰੋਗ ਬਹੁਤ ਭਿਆਨਕ ਹੈ, ਉਹਦੇ ਬਾਰੇ ਐਸਾ ਫੁਰਮਾਨ ਹੈ ਮਹਾਰਾਜ ਜੀ ਦਾ –

*ਧਾਰਨਾ –ਕਰਿ ਇਸ਼ਨਾਨ ਸਿਮਰਿ ਪ੍ਰਭ ਅਪਨਾ।*

ਇਸ਼ਨਾਨ ਕਰਨਾ ਤੇ ਫੇਰ ਪ੍ਰਮੇਸ਼ਰ ਦਾ ਨਾਮ ਜਪਣਾ, ਉਹਦਾ ਅਸਰ ਕੀ ਹੁੰਦਾ ਸੀ ਮਨ ਵੀ ਅਰੋਗ ਤੇ ਸਰੀਰ ਵੀ ਅਰੋਗ। ਰਾਜ਼ੀ ਹੋ ਜਾਂਦੇ ਸੀ, ਸਾਰੇ ਰੋਗਾਂ ਦਾ ਖਾਤਮਾ ਜਿਹੜਾ ਹੈ ਪ੍ਰਮੇਸ਼ਰ ਦੀ ਯਾਦ ਵਿਚ ਹੈ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਅੰਗ – ੨੬੨*

ਮਨ 'ਚੋਂ ਵੀ ਤੇ ਤਨ ਚੋਂ ਵੀ ਸਾਰੇ ਕਲੇਸ਼ਾਂ ਦਾ ਖਾਤਮਾ ਕਰਦਾ ਹੈ। ਇਸੇ ਕਰਕੇ ਕਿਹਾ ਕਿ -

*ਫਰੀਦਾ ਪਿਛਲ ਰਾਤਿ ਨ ਜਾਗਿਓਹਿ*
*ਜੀਵਦੜੋ ਮੁਇਓਹਿ ॥ ਅੰਗ - ੧੩੮੩*

ਤੂੰ ਤਾਂ ਜੀਉਂਦਾ ਹੀ ਮਰ ਗਿਆ, ਪਿਛਲੀ ਰਾਤ ਨਹੀਂ ਜਾਗਦਾ। ਜੀਉਂਦਿਆਂ 'ਚ ਨਹੀਂ ਹੈਂ, ਜੀਉਂਦਿਆਂ 'ਚ ਉਹ ਹੈ ਜਿਹਦੇ ਅੰਦਰ ਨਾਮ ਵਸ ਗਿਆ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥ ਅੰਗ - ੧੪੨*

ਪਰ ਲਹਿੰਦੀ ਹੈ -

*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨*

ਨਾਮ ਜਿਹਦੇ ਅੰਦਰ ਨਹੀਂ ਵਸਦਾ ਉਹਦੀ ਪਤਿ ਲਹੀ ਹੋਈ ਹੈ। ਸੋ ਮਹਾਰਾਜ ਕਹਿੰਦੇ, ਪੁਰਖਾ! ਤੂੰ ਬਹੁਤ ਚੰਗੀ ਗੱਲ ਪੁੱਛੀ। ਤੇਰੇ ਪ੍ਰਸ਼ਨ ਦਾ ਉਤਰ ਅਸੀਂ ਦਿੰਦੇ ਹਾਂ, ਧਿਆਨ ਨਾਲ ਸਰਵਣ ਕਰੀਂ। ਕਹਿਣ ਲੱਗੇ, ਜਿਹੜਾ ਇਸ਼ਨਾਨ ਕਰਨਾ ਹੈ ਅੰਮ੍ਰਿਤ ਵੇਲੇ ਉਠ ਕੇ, ਉਹਦੀ ਵਿਧੀ ਹੈ, ਮੂਲਮੰਤਰ ਪੜ੍ਹ ਕੇ ਕਰ ਲਓ। ਕੇਵਲ ਇਸ਼ਨਾਨ ਵਿਧੀਪੂਰਵਕ ਕੀਤੇ ਦਾ ਫਲ ਸਵਾ ਮਣ ਸੋਨੇ ਦਾ ਹੁੰਦਾ ਹੈ। ਜਿਹੋ ਜਿਹਾ ਸਵਾ ਮਣ ਸੋਨਾ ਦਾਨ ਕਰ ਦਿਤਾ, ਜਿਹੋ ਜਿਹਾ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰ ਲਿਆ। ਜੇ ਉਸ ਤੋਂ ਦੋ ਘੜੀਆਂ ਬਾਅਦ ਕਰਦਾ ਹੈ ਤਾਂ ਸਵਾ ਮਣ ਚਾਂਦੀ ਦੇ ਪੁੰਨ ਦਾ ਫਲ ਮਿਲਦਾ ਹੈ। ਉਸ ਤੋਂ ਦੋ ਘੜੀਆਂ ਯਾਨਿ 50 ਮਿੰਟ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਹਨੂੰ ਸਵਾ ਮਣ ਤਾਂਬੇ ਦਾ ਫਲ ਮਿਲਦਾ ਹੈ। ਜਿਹੜਾ ਫੇਰ ਉਸ ਤੋਂ ਬਾਅਦ ਘੜੀ ਬਾਅਦ ਕਰਦਾ ਹੈ, ਉਹਨੂੰ ਜਿੰਨਾ ਸਵਾ ਮਣ ਅਨਾਜ ਪੁੰਨ ਕਰਨ ਦਾ ਫਲ ਹੈ, ਓਨਾਂ ਕੇਵਲ ਇਸ਼ਨਾਨ ਦਾ ਫਲ ਮਿਲ ਜਾਏਗਾ। ਜਿਹੜਾ ਦਿਨ ਚੜ੍ਹੇ ਕਰਦਾ ਹੈ ਉਹਨੂੰ ਨਾ ਕੋਈ ਪਾਪ ਨਾ ਕੋਈ ਪੁੰਨ, ਸਰੀਰ ਦੀ ਸੋਧ ਵਾਸਤੇ ਕਰਦਾ ਹੈ। ਮਨ ਨਾਲ ਨਹੀਂ ਉਹਦਾ ਕੋਈ ਤੁਅੱਲਕ। ਸੋ ਪੁਰਖਾ! ਜੇ ਉਸ ਵੇਲੇ ਬੰਦਗੀ ਕਰੇ ਤਾਂ ਫਲਦੀ ਹੈ ਉਸ ਵੇਲੇ। ਕਿਉਂ ਫਲਦੀ ਹੈ? ਕਿਉਂਕਿ ਆਦਮੀ ਨੂੰ 83% ਗਿਆਨ ਅੱਖਾਂ ਨਾਲ ਹੁੰਦਾ ਹੈ। 100% ਦੀ ਮਾਤਰਾ ਗਿਆਨ ਲਾ ਲਓ ਗਿਆਨ ਦੀ। ਇਹਦੇ 'ਚੋਂ 83% ਅੱਖਾਂ ਵਾਲਿਆਂ ਨੂੰ ਹੋਏਗਾ, ਅੰਨ੍ਹੇ ਨੂੰ ਨਹੀਂ ਹੁੰਦਾ। 14% ਗਿਆਨ ਸੁਣ ਕੇ ਹੋਇਆ ਕਰਦਾ ਹੈ। ਇਕ 1% ਹੋਇਆ ਕਰਦਾ ਹੈ ਛੂਹਣ ਦੇ ਨਾਲ ਕਿ ਮੈਂ ਕਿਸ ਚੀਜ਼ ਨੂੰ ਛੂਹਿਆ ਹੈ, ਗਰਮ ਹੈ, ਠੰਢੀ ਹੈ, ਕੂਲੀ ਹੈ, ਸਖਤ ਹੈ। 1% ਗਿਆਨ ਹੁੰਦਾ ਹੈ taste ਕਰਨ ਦੇ ਨਾਲ ਕਿ ਕੌੜੀ ਹੈ ਕਿ ਮਿੱਠੀ ਹੈ, ਫਿੱਕੀ ਹੈ। 1% ਗਿਆਨ ਹੋਇਆ ਕਰਦਾ ਹੈ ਸੁੰਘਣ ਦੇ ਨਾਲ ਕਿ ਮੇਰੇ ਕੋਲੋਂ ਕੀ ਲੰਘ ਰਿਹਾ ਹੈ, ਬਦਬੂਦਾਰ ਚੀਜ਼ ਲੰਘ ਰਹੀ ਹੈ ਜਾਂ ਚੰਗੀ ਖੁਸ਼ਬੂ ਵਾਲੀ ਹੈ, ਮੈਂ ਕਿਸੇ ਬਾਗ ਵਿਚ ਆ ਗਿਆ ਕਿ ਜਾਂ ਮੈਂ ਕਿਸੇ ਰੂੜੀਆਂ ਦੇ ਕੋਲ ਹਾਂ। ਉਹ ਜਿਹੜਾ 83% ਗਿਆਨ ਤੇ 14% ਸੁਣਨ ਨਾਲ, 97% ਅੰਮ੍ਰਿਤ ਵੇਲੇ ਜਦੋਂ ਨੇਤਰ ਬੰਦ ਕਰਕੇ ਬੈਠਾ ਹੈ, ਉਸ ਵੇਲੇ ਕੁਛ ਦਿਸਦਾ ਹੀ ਨਹੀਂ ਕਿ ਕਾਰਾਂ-ਮੋਟਰਾਂ ਜਾ ਰਹੀਆਂ ਨੇ, ਕਿਹੜਾ ਬੰਦਾ ਲੰਘ ਰਿਹਾ ਹੈ, ਕਿਹੜਾ ਨਹੀਂ ਲੰਘ ਰਿਹਾ। ਉਹ ਵਾਸ਼ਨਾਵਾਂ ਨਹੀਂ ਬਣਦੀਆਂ ਮਨ ਟਿਕਿਆ ਰਹਿੰਦਾ ਹੈ। ਸੁਣਦਾ-ਬੋਲਦਾ ਵੀ ਕੋਈ ਨਹੀਂ ਹੁੰਦਾ ਇਸ ਕਰਕੇ ਉਹ ਵੀ 14% ਜਿਹੜਾ ਹੈ ਉਹ ਵੀ still ਹੁੰਦਾ ਹੈ। ਬਾਕੀ ਜਿਹੜਾ ਹੈ ਤਿੰਨ ਚੀਜ਼ਾਂ ਦਾ ਉਨ੍ਹਾਂ ਦਾ ਹੁੰਦਾ ਹੀ ਨਹੀਂ। ਕਿਉਂਕਿ ਅਸੀਂ ਛੂਹ ਕੁਛ ਨਹੀਂ ਰਹੇ, ਇਸ ਕਰਕੇ ਸ਼ਾਂਤੀ ਹੁੰਦੀ ਹੈ। ਸ਼ਾਂਤੀ ਦੇ ਵਿਚ ਜਦੋਂ ਅਸੀਂ ਨਾਮ ਜਪਦੇ ਹਾਂ, ਫੇਰ ਸਾਨੂੰ ਨਾਮ ਦੀ ਧੁਨ ਸੁਣਨ ਲਗ ਜਾਂਦੀ ਹੈ ਅੰਦਰੋਂ ਹੀ। ਇਕਾਗਰ ਚਿੱਤ ਹੋ ਕੇ ਜਦੋਂ ਬੈਠੋਗੇ, ਅੰਮ੍ਰਿਤ ਵੇਲੇ ਬੈਠੋਂਗੇ, ਉਸ ਵੇਲੇ ਨਾਮ ਧੁਨ ਸੁਣੇਗੀ। ਜਦ ਉਹਦੇ ਵਿਚ ਧਿਆਨ ਹੋਏਗਾ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਓਸ ਵੇਲੇ ਜਿਹੜਾ ਵਾਹਿਗੁਰੂ ਹੈ ਉਹਦਾ ਰਸਤਾ ਲੱਭ ਜਾਂਦਾ ਹੈ ਅੰਮ੍ਰਿਤ ਵੇਲੇ। ਸੋ ਇਸ ਕਰਕੇ ਅੰਮ੍ਰਿਤ ਵੇਲੇ ਜਾਗਣਾ-

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਅੰਗ - ੪੫੯*

ਓਸ ਰਾਮ ਦੇ ਪਿਆਰੇ ਜਾਗਦੇ ਨੇ। ਇਕ ਵਾਰੀ ਮਰਦਾਨਾ ਮਹਾਰਾਜ ਜੀ ਕੋਲ ਬੈਠਾ ਹੈ। ਦੇਖੀ ਜਾਂਦਾ ਹੈ।

ਮਹਾਰਾਜ ਕਹਿੰਦੇ, ਕੀ ਦੇਖਦਾ ਹੈਂ ਮਰਦਾਨਿਆਂ?

ਕਹਿੰਦਾ, ਸੱਚੇ ਪਾਤਸ਼ਾਹ! ਐਹੋ ਜਿਹਾ ਬੰਦਾ ਮੈਂ ਨਹੀਂ ਦੇਖਿਆ, ਐਡੇ ਕੱਦ ਵਾਲਾ। ਅਰ ਇਹ ਸਿਰ ਦੇ ਉਤੇ ਕਿੰਨਾ ਬੋਝ ਚੁੱਕੀ ਜਾਂਦਾ ਹੈ? ਕੌਣ ਹੋਇਆ?

ਮਹਾਰਾਜ ਜੀ ਕਹਿੰਦੇ ਬੁਲਾ ਲੈ। ਆਵਾਜ਼ ਦੇ ਦਿਤੀ। ਕੋਲ ਆ ਗਿਆ। ਹੱਥਾਂ ਵਿਚ ਕੀ ਦੇਖਦੇ ਨੇ, ਛੁਰੀਆਂ ਹੀ ਛੁਰੀਆਂ ਚੁੱਕੀਆਂ ਹੋਈਆਂ ਨੇ।

ਕਹਿੰਦੇ, ਕੌਣ ਹੈ ਭਾਈ?

ਉਸ ਨੇ ਕਿਹਾ ਕਿ ਮੈਂ ਕਲਜੁਗ ਹਾਂ।

ਕਹਿੰਦੇ ਆਹ ਕੀ ਚੁੱਕਿਆ ਹੈ ਤੂੰ ਸਿਰ ਦੇ ਉਤੇ ਰੱਖ ਦੇ ਥੱਲੇ?

ਹੇਠਾਂ ਲਾਹ ਦਿਤਾ ਤੇ ਖੋਲ੍ਹ ਕੇ ਦੇਖਿਆ ਮਰਦਾਨੇ ਨੇ ਵਿਚ ਗਲੀਆਂ ਨੇ।

ਕਹਿਣ ਲੱਗਿਆ, ਭਾਈ ਇਹ ਕੀ ਹੈ?

ਕਹਿਣ ਲੱਗਿਆ, ਇਹ ਮੇਰੇ ਕੋਲ ਆਲਸ ਦਾ ਜੁਲੜ ਹੈ।

ਕੰਮ ਕੀ ਕਰਦਾ ਹੈਂ ਇਹਦੇ ਨਾਲ?

ਕਹਿੰਦਾ, ਆਹ ਮੇਰੇ ਕੋਲ ਛੁਰੀਆਂ ਨੇ, ਮਨਮੁਖਾਂ ਨੂੰ

ਮੈਂ ਪਹਿਲੀ ਰਾਤ ਸੌਣ ਨਹੀਂ ਦਿੰਦਾ, ਵੱਖੀਆਂ 'ਚ ਚੌਭੀ ਜਾਂਦਾ ਹਾਂ, ਗੱਲਾਂ ਮਾਰੀ ਜਾਣਗੇ, ਖਾਂਦੇ ਪੀਂਦੇ ਰਹਿਣਗੇ, ਸ਼ਰਾਬ ਪੀਣਗੇ, ਇਹਦੇ ਘਰ ਚਲੇ ਗਏ, ਉਹਦੇ ਚਲੇ ਗਏ। ਗੱਲਾਬਾਤਾਂ ਦੇ ਵਿਚ 11-12 ਵਜਾ ਦਿੰਦੇ ਨੇ। ਫੇਰ ਜਦੋਂ ਉਹ ਸੌਂ ਜਾਂਦੇ ਨੇ ਮੈਂ ਜੁੱਲੜ ਉਤੇ ਦੇ ਦਿੰਦਾ ਹਾਂ, ਸਾਰੇ ਸੰਸਾਰ ਦੇ।

ਕਹਿੰਦੇ, ਆਹ ਗਲੀਆਂ?

ਕਹਿੰਦਾ, ਗੁਰੂ ਨਾਨਕ ਪਾਤਸ਼ਾਹ ਦੇ ਜਿਹੜੇ ਸਿੱਖ ਨੇ, ਪ੍ਰਮੇਸ਼ਰ ਦਾ ਪਿਆਰ ਜਿਨ੍ਹਾਂ ਦੇ ਹਿਰਦੇ 'ਚ ਸਮਾਇਆ ਹੋਇਆ ਹੈ, ਉਹ ਏਸ ਜੁਲੜ ਨੂੰ ਪਾੜ ਕੇ ਬਾਹਰ ਨਿਕਲ ਜਾਂਦੇ ਨੇ।

ਇਸੇ ਕਰਕੇ ਗੁਰੂ ਮਹਾਰਾਜ ਨੇ ਕਿਹਾ ਹੈ ਕਿ -

*ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ - ੩੦੫*

ਜਿਹੜਾ ਕਹਿੰਦਾ ਹੈ ਕਿ ਮੈਂ ਸਿੱਖ ਹਾਂ, ਕਹਿੰਦੇ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੋ। ਉਦਮ ਕਰਕੇ ਉਠ ਕੇ ਇਸ਼ਨਾਨ ਕਰਕੇ, ਮਨ ਨੂੰ ਅੰਮ੍ਰਿਤ ਦੇ ਸਰੋਵਰ 'ਚ ਇਸ਼ਨਾਨ ਕਰਾਓ। ਸਰੋਵਰ ਅੰਮ੍ਰਿਤ ਦਾ ਕਿੱਥੇ ਹੈ? ਬਾਹਰ ਵੀ ਹੈ ਤੇ ਅੰਦਰ ਵੀ ਹੈ। ਬਾਹਰ ਤਾਂ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ। ਅੰਦਰ ਜਿਹੜਾ ਹੈ ਉਹਦੇ ਬਾਰੇ ਮਹਾਰਾਜ ਜੀ ਦੱਸਦੇ ਨੇ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*
*ਕਰਤੈ ਆਪਿ ਖੁਆਇਆ ॥ ਅੰਗ - ੬੪੪*

ਉਹ ਅੰਮ੍ਰਿਤ ਸਾਡੇ ਅੰਦਰ ਹੈ ਜਿਹਨੂੰ ਨਾਮ ਕਹਿੰਦੇ ਨੇ। ਨਾਮ ਦੀ ਧੁਨ ਦੇ ਵਿਚ ਮਨ ਦਾ ਇਸ਼ਨਾਨ ਕਰਾਵੇ। ਨਾਮ ਦੇ ਜਾਪ ਦੇ ਵਿਚ ਮਨ ਦਾ ਇਸ਼ਨਾਨ ਕਰਾਵੇ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ - ੩੦੫*

ਜਿਹੜਾ ਪੰਜ ਪਿਆਰਿਆਂ ਨੇ ਉਪਦੇਸ਼ ਦਿਤਾ ਹੈ ਉਹਦਾ ਜਾਪ ਕਰੇ। ਮੂਲਮੰਤ੍ਰ ਹੈ। ਪਹਿਲਾਂ ਮੂਲਮੰਤ੍ਰ 'ਤੇ ਮਨ ਟਿਕਦਾ ਹੈ, ਨਾਮ ਤੇ ਨਹੀਂ ਟਿਕਦਾ ਹੁੰਦਾ। ਜਦੋਂ ਮੂਲਮੰਤ੍ਰ ਦਾ ਅਭਿਆਸ ਪੱਕ ਜਾਵੇ, ਫੇਰ ਨਾਮ 'ਤੇ ਆ ਜਾਂਦਾ ਹੁੰਦਾ ਹੈ। ਕਹਿੰਦੇ ਇਹਦਾ ਫਾਇਦਾ ਕੀ ਹੋਏਗਾ?

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਸਭ ਕਰਮਾਂ ਦਾ ਨਾਸ਼ ਹੋ ਜਾਏਗਾ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸੰਗਤ 'ਚ ਬੈਠੇ ਨੇ ਇਕ ਸਿੰਘ ਨੇ ਸਵਾਲ ਕਰਿਆ ਉਠ ਕੇ ਕਹਿੰਦਾ ਪਾਤਸ਼ਾਹ! ਆਹ ਕਰਮਾਂ ਦਾ ਬੜਾ ਰੌਲਾ ਹੈ? ਇਹ ਸਾਡੀ ਸਮਝ ਤੋਂ ਬਾਹਰਲੀ ਬਾਤ ਹੈ, ਕ੍ਰਿਪਾ ਕਰਕੇ ਸਾਨੂੰ ਸਮਝਾਓ ਤਾਂ ਸਹੀ। ਜਦੋਂ ਕੋਈ ਗੱਲ ਹੁੰਦੀ ਹੈ, ਕਹਿੰਦੇ ਨੇ ਕਿ ਤੇਰੇ ਕਰਮਾਂ ਦਾ ਫਲ ਹੈ ਭਾਈ। ਪਿਛਲੇ ਕਿਸੇ ਕਰਮ ਦਾ ਫਲ ਭੋਗ ਰਿਹਾ ਹੈ। ਮਹਾਰਾਜ ਜੀ, ਸਾਡੀ ਸਮਝ ਵਿਚ ਨਹੀਂ ਪੈਂਦੀ। ਇਕ ਪਾਸੇ ਤੁਸੀਂ ਕਹਿੰਦੇ ਓਂ ਕਿ ਕਰਮ ਕਰੋ?

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*
*ਅੰਗ - ੯੧੮*

ਇਹਦਾ ਮਤਲਬ ਹੈ ਸਾਡੇ ਅਖਤਿਆਰ ਵੀ ਹੈਗਾ।

ਇਕ ਪਾਸੇ ਤੁਸੀਂ ਕਹਿੰਦੇ ਓਂ ਕਿ ਇਹਦੇ ਹੱਥ ਵਿਚ ਹੀ ਕੁੱਛ ਨਹੀਂ।

*ਭੋਗੇ ਬਿਨ ਭਾਗੈ ਨਾਹੀ ਕਰਮਗਤੀ ਬਲਵਾਨ।*

ਉਹ ਤਾਂ ਭੋਗਣਾ ਹੀ ਪੈਣਾ ਹੈ। ਸਾਡੀ ਸਮਝ ਤੋਂ ਪਰ੍ਹੇ ਦੀ ਗੱਲ ਹੋ ਗਈ। ਮਹਾਰਾਜ ਜੀ ਨੇ ਕਿਹਾ ਕਿ ਭਾਈ ਦਇਆ ਸਿੰਘ ਜੀ! ਤੁਸੀਂ ਮੇਰਾ ਹੀ ਰੂਪ ਹੋ। ਤੁਸੀਂ ਸਮਝਾਓ ਇਨ੍ਹਾਂ ਨੂੰ। ਭਾਈ ਦਇਆ ਸਿੰਘ ਜੀ ਨੇ ਨਮਸਕਾਰ ਕਰੀ ਤੇ ਕਹਿਣ ਲੱਗੇ ਪਿਆਰਿਓ! ਕਰਮ ਬਿਲਕੁਲ ਸਮਝਣ ਵਾਲੀ ਚੀਜ਼ ਹੈ। ਤਿੰਨ ਕਿਸਮ ਦਾ ਕਰਮ ਹੁੰਦੇ ਨੇ, ਵੈਸੇ ਤਾਂ ਬਹੁਤ ਕਿਸਮ ਦੇ ਨੇ। ਕਾਇਕ ਕਰਮ ਹੈ, ਨਿਤ ਕਰਮ ਹੈ, ਪਸ਼ਚਾਤਾਪ ਕਰਮ ਹੈ, ਕਾਮਨਾ ਪ੍ਰਾਪਤ ਕਰਨ ਵਾਸਤੇ ਕਰਮ ਹੈ ਸਾਕਾਮ ਕਰਮ ਨੇ। ਵੈਸੇ ਜਿਨ੍ਹਾਂ ਕਰਮਾਂ ਦੀ ਤੁਸੀਂ ਗੱਲ ਕਰਦੇ ਓਂ ਉਹ ਤਿੰਨ ਕਿਸਮ ਦੇ ਨੇ। ਇਕ ਕਰਮ ਉਹ ਨੇ ਜਿਸ ਵਕਤ ਜੀਵ ਸੰਸਾਰ ਤੇ ਆਉਂਦਾ ਹੈ। ਉਸ ਵੇਲੇ ਏਸ ਨੂੰ ਇਕ ਤਾਂ life span ਦਿਤਾ ਜਾਂਦਾ ਹੈ ਕਿ ਐਨੇ ਘੰਟੇ, ਐਨੇ ਮਿੰਟ ਏਸ ਨੇ ਐਨੇ ਸਾਲ ਦੁਨੀਆਂ ਤੇ ਜੀਉਣਾ ਹੈ। ਫੇਰ ਨਾਲ ਮਿੱਥ ਦਿਤਾ ਜਾਂਦਾ ਹੈ ਕਿ ਇਹਨੇ ਸਰੀਰ ਛੱਡਣਾ ਹੈ ਫਲਾਣੇ ਥਾਂ, ਫਲਾਣੇ ਕਾਰਨ ਕਰਕੇ, ਐਸ ਸਮੇਂ ਸਰੀਰ ਛੱਡਣਾ ਹੈ। ਤਿੰਨ ਇਕੱਠੇ ਹੋਣ ਤਾਂ ਸਰੀਰ ਛੱਡ ਹੁੰਦਾ ਹੈ। ਥਾਂ ਆ ਜਾਵੇ, ਉਹ ਕਾਰਨ ਆ ਜਾਵੇ, ਉਹ ਸਮਾਂ ਆ ਜਾਵੇ। ਇਕ ਤਾਂ ਇਹ ਲਿਖ ਦਿਤਾ ਜਾਂਦਾ ਹੈ ਕਿ life span ਕਿੰਨਾ ਹੈ, ਕਿੰਨਾ ਚਿਰ ਧਰਤੀ 'ਤੇ ਰਹੇਗਾ। ਦੂਜਾ ਲਿਖਿਆ ਜਾਂਦਾ ਹੈ ਕਿ ਖਾਣ ਪੀਣ ਵਾਸਤੇ ਇਹਨੂੰ ਕਿੰਨਾ ਦੇਣਾ ਹੈ, ਉਹ ਕਰਮ ਨਾਲ ਬੰਨ੍ਹ ਦਿਤੇ ਜਾਂਦੇ ਨੇ। ਤੀਸਰਾ ਹੁੰਦਾ ਹੈ ਕਿ ਇਹਨੇ ਦੁੱਖ ਸੁੱਖ ਕਿੰਨਾ ਭੋਗਣਾ ਹੈ। ਕਿਸ-ਕਿਸ ਤੋਂ ਇਹਨੂੰ ਦੁਖ ਮਿਲਣਾ ਹੈ, ਕਿਸ-ਕਿਸ ਤੋਂ ਇਹਨੂੰ ਸੁੱਖ ਮਿਲਣਾ ਹੈ। ਕੀਹਨੇ ਇਹਦੇ ਨਾਲ ਧੋਖਾ ਕਰਨਾ ਹੈ, ਕੀਹਨੇ ਇਹਨੂੰ

ਫਾਇਦਾ ਦੇਣਾ ਹੈ। ਇਨ੍ਹਾਂ ਕਰਮਾਂ ਨੂੰ ਜਿਹੜੇ ਜੀਵ ਦੇ ਨਾਲ ਆਉਂਦੇ ਨੇ। ਇਨ੍ਹਾਂ ਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਕਹਿੰਦੇ, ਐਉਂ ਲਾ ਲਓ ਇਕ ਤਾਂ ਜਿਵੇਂ ਭੱਥਾ ਹੁੰਦਾ ਹੈ, ਉਹਦੇ 'ਚ ਤੀਰ ਪਏ ਨੇ, ਕਮਾਣ ਦੇ ਉਤੇ ਤੀਰ ਚਾੜ੍ਹ ਲਏ, ਕੋਈ ਹੌਲੀ ਰਫਤਾਰ ਨਾਲ ਆ ਰਹੇ ਨੇ, ਕੋਈ ਤੇਜ਼ ਨਾਲ, ਅਰਬਾਂ ਮੀਲ ਤੋਂ ਆ ਰਹੇ ਨੇ, ਉਨ੍ਹਾਂ ਨੇ ਆਪਣੇ ਸਮੇਂ-ਸਮੇਂ ਸਿਰ ਆ ਕੇ ਲਗਦੇ ਹੀ ਰਹਿਣਾ ਹੈ। ਉਹ ਤਾਂ ਟਲਿਆ ਨਹੀਂ ਕਰਦੇ। ਉਸੇ ਨੂੰ ਮਹਾਰਾਜ ਜੀ ਨੇ ਕਿਹਾ ਕਿ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩***

ਇਹ ਤਾਂ ਮੈਂ ਕਰੇ ਹੋਏ ਸੀ, ਓਹੀ ਭੁਗਤ ਰਿਹਾ ਹਾਂ। ਕਹਿੰਦੇ ਭੋਗੇ ਬਿਨਾਂ ਨਹੀਂ ਇਹ ਜਾਂਦੇ। ਇਹ ਤਾਂ ਭੋਗਣੇ ਹੀ ਪੈਣੇ ਨੇ ਚਾਹੇ ਸੌ ਸਾਲ ਬਾਅਦ ਭੋਗ ਲੈ। ਚਾਹੇ ਹਜ਼ਾਰ ਸਾਲ ਬਾਅਦ, ਚਾਹੇ ਦੱਸ ਹਜ਼ਾਰ ਸਾਲ ਬਾਅਦ।

ਜਿਸ ਵਕਤ ਮਹਾਂਭਾਰਤ ਦਾ ਯੁੱਧ ਹੋ ਕੇ ਹਟਿਆ, ਕ੍ਰਿਸ਼ਨ ਮਹਾਰਾਜ ਪੰਜੇ ਪਾਂਡਵਾਂ ਨੂੰ ਲੈ ਕੇ ਅਫਸੋਸ ਕਰਨ ਵਾਸਤੇ ਜਾਂਦੇ ਨੇ ਤੇ ਉਥੇ ਜਾ ਕੇ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਰਾਜਨ! ਅਸੀਂ ਆਪ ਦੇ ਪਾਸ ਆਏ ਹਾਂ ਤੇ ਅਸੀਂ ਪਰਚੌਣੀ ਕਰਨ ਵਾਸਤੇ ਆਏ ਹਾਂ। ਬੈਠ ਗਏ ਸਾਰੇ, ਰਾਜਾ ਬੈਠ ਗਿਆ ਧ੍ਰਿਤਰਾਸ਼ਟਰ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਦੇਖੋ ਰਾਜਨ! ਸੌ ਪੁੱਤਰ ਤੇਰਾ ਮਾਰਿਆ ਗਿਆ, ਸੌ ਨੂੰਹ ਤੇਰੀ ਵਿਧਵਾ ਹੋ ਗਈ, ਬੱਚੇ ਯਤੀਮ ਹੋ ਗਏ, ਰਾਜ ਤੇਰਾ ਜਾਂਦਾ ਰਿਹਾ। ਕੱਲ ਦਾ ਰਾਜਾ ਅੱਜ ਤੂੰ ਕੁਛ ਵੀ ਨਹੀਂ ਰਿਹਾ, ਬੜਾ ਹੀ ਅਫਸੋਸ ਹੈ ਸਾਨੂੰ। ਤੇਰੇ ਗਮ ਦੇ ਨਾਲ ਅਸੀਂ ਬਰਕਤ ਕਰਦੇ ਹਾਂ, ਬੜੀ ਮਾੜੀ ਗੱਲ ਹੈ।

ਕਹਿਣ ਲੱਗਿਆ, ਦੇਖੋ ਮਹਾਰਾਜ! ਇਹ ਐਨੀ ਮਾੜੀ ਗੱਲ ਨਹੀਂ। ਯੁੱਧ ਹੋਇਆ ਇਕ ਨੇ ਜਿੱਤਣਾ ਤੇ ਇਕ ਨੇ ਹਾਰਨਾ ਸੀ। ਮੇਰੇ ਪੁੱਤਰ ਸਨਮੁੱਖ ਜੂਝ ਕੇ ਮਰੇ ਨੇ ਨੱਠਿਆ ਨਹੀਂ ਕੋਈ, ਪਿੱਠ ਤੇ ਜ਼ਖਮ ਨਹੀਂ ਖਾਧਾ। ਏਸ ਕਰਕੇ ਉਹ ਸਵਰਗ ਲੋਕ ਦੇ ਅਧਿਕਾਰੀ ਨੇ। ਮੈਨੂੰ ਜਿਹੜਾ ਰੰਜ ਇਸ ਤੋਂ ਵੀ ਜ਼ਿਆਦਾ ਹੈ ਉਹ ਇਹ ਹੈ ਕਿ ਮੇਰੇ ਨਾਲ ਪ੍ਰਮੇਸ਼ਰ ਨੇ ਨਾਜਾਇਜ਼ ਗੱਲ ਕਰੀ ਹੈ। ਇਹ ਗੱਲ ਗਲਤ ਹੋਈ ਹੈ।

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਐਸ ਤਰ੍ਹਾਂ ਤਾਂ ਕੋਈ ਗੱਲ ਹੁੰਦੀ ਨਹੀਂ।

ਗੁਰੂ ਪਾਤਸ਼ਾਹ ਵੀ ਇਸੇ ਤਰ੍ਹਾਂ ਹੀ ਕਹਿੰਦੇ ਨੇ -

***ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ।***

ਉਹ ਕਰਮ ਜੋ ਸਾਡੇ ਨਾਲ ਛੱਡ ਦਿਤੇ ਗਏ, ਉਨ੍ਹਾਂ ਨੇ ਆਪਣੇ ਸਮੇਂ ਦੇ ਨਾਲ ਆਪਣਾ ਕੰਮ ਕਰਨਾ ਹੀ ਹੈ। ਉਹਦੇ 'ਚ ਦੂਸਰੇ ਨੂੰ ਨਹੀਂ ਦੋਸ਼ ਦੇਣ ਦੀ ਲੋੜ, ਉਹ ਤਾਂ ਤੇਰੇ ਕੀਤੇ ਹੋਏ ਦਾ ਫਲ ਭੁਗਤਾ ਰਹੇ ਨੇ। ਕਹਿਣ ਲੱਗਿਆ, ਮਹਾਰਾਜ! ਮੈਨੂੰ ਇਹ ਰੰਜ ਹੈ ਕਿ ਪ੍ਰਮੇਸ਼ਰ ਨੇ ਮੇਰੇ ਨਾਲ ਵਧੀਕੀ ਕਰੀ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਤੈਨੂੰ ਕਿਵੇਂ ਰੰਜ ਹੈ?

ਕਹਿਣ ਲੱਗਿਆ, ਮਹਾਰਾਜ! ਮੈਂ ਜਮਾਂਦਰੂ ਅੰਨਾ ਹਾਂ, ਮੇਰੀ ਸੁਰਤ ਸੁਖਮਨਾ ਨਾੜੀ ਦੇ ਵਿਚ ਰਹਿੰਦੀ ਹੈ। ਸੁਖਮਨਾ ਨਾੜੀ 'ਚ ਜਿਸਦੀ ਵੀ ਸੁਰਤ ਜਾਏਗੀ, ਜਿਸ ਵਕਤ ਮਾਂ ਦੇ ਪੇਟ ਵਿਚ ਬੱਚਾ ਹੁੰਦਾ ਹੈ, ਬੱਚੇ ਦੀ ਸੁਰਤ ਸੁਖਮਨਾ ਨਾੜੀ 'ਚ ਹੁੰਦੀ ਹੈ। ਸੁਖਮਨਾ ਨਾੜੀ ਦੇ ਵਿਚ ਦੀ ਧੁਨ ਸੁਣਦੀ ਹੈ, ਤੇ ਨਾਲ ਸੌ ਜਨਮ ਦਾ ਪ੍ਰਕਾਸ਼ ਹੁੰਦਾ ਹੈ। ਕਹਿੰਦਾ, ਮੈਂ ਯੋਗ ਦੇ ਨਾਲ ਸੁਰਤੀ ਆਪਣੀ ਸੁਖਮਨਾ ਨਾੜੀ 'ਚ ਚੜ੍ਹਾਈ ਹੋਈ ਹੈ। ਕੁੰਡਲਨੀ ਮੈਂ ਜਾਗ੍ਰਤ ਕਰਕੇ ਸਾਰੇ ਹੀ ਛੇ ਚੱਕਰ ਭੰਨ ਕੇ ਤ੍ਰਿਕੁਟੀ ਵਿਚ ਜਾ ਕੇ ਮੈਂ ਅਖੀਰ ਵਿਚ ਰਹਿੰਦਾ ਹਾਂ ਤੇ ਮੈਨੂੰ ਸੌ ਜਨਮ ਦਾ ਗਿਆਨ ਹੈ। ਸੌ ਜਨਮ 'ਚ ਮੈਂ ਦੇਖਿਆ ਹੈ ਕਿ ਮੈਂ ਕੋਈ ਪਾਪ ਨਹੀਂ ਕਰਿਆ, ਜਿਹਦਾ ਮੈਨੂੰ ਇਹ ਫਲ ਮਿਲਦਾ ਕਿ ਮੇਰੇ ਸਾਮ੍ਹਣੇ ਮੇਰਾ ਸੌ ਬੱਚਾ ਮਾਰਿਆ ਜਾਵੇ।

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਇਹ ਤਾਂ ਨਹੀਂ ਗਾਰੰਟੀ ਕਿ ਸੌ ਜਨਮ ਤੋਂ ਬਾਅਦ ਬਦਲਾ ਨਹੀਂ। ਕੀ ਪਤਾ ਦੋ ਸੌ ਜਨਮ ਪਹਿਲਾਂ ਕਰਮ ਕਰਿਆ ਹੋਵੇ। ਕਹਿੰਦਾ, ਫੇਰ ਮੈਨੂੰ ਦਿਖਾ ਦਿਓ? ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਤੈਨੂੰ ਅਸੀਂ 107ਵਾਂ ਜਨਮ ਦਿਖਾਉਂਦੇ ਹਾਂ, ਹੋ ਸਾਵਧਾਨ! ਸਿਰ ਤੇ ਹੱਥ ਰੱਖ ਦਿਤਾ। ਕੀ ਦੇਖਦਾ ਹੈ ਕਿ ਰਾਜਾ ਹੈ ਬਹੁਤ ਵੱਡਾ। ਮਾਸ ਖਾਂਦਾ ਹੈ, ਬਹੁਤ ਸ਼ੌਕੀਨ ਹੈ ਮਾਸ ਖਾਣ ਦਾ। ਇਕ ਦਿਨ ਕਿਤੋਂ ਮਿਲਿਆ ਨਾ?

ਬਾਵਰਚੀ ਕਹਿਣ ਲੱਗੇ ਕਿ ਮਹਾਰਾਜ! ਅੱਜ ਕਿਤੋਂ ਸ਼ਿਕਾਰ ਨਹੀਂ ਮਿਲਿਆ।

ਕਹਿਣ ਲੱਗਿਆ ਕਿ ਆਪਣੇ ਹੰਸ ਕਿੰਨੇ ਨੇ?

ਉਨ੍ਹਾਂ ਨੇ ਕਿਹਾ ਕਿ ਸੌ ਨੇ।

ਕਹਿਣ ਲੱਗਿਆ, ਇਕ ਮਾਰ ਲਓ।

ਹੰਸ ਦਾ ਬੱਚਾ ਮਾਰ ਲਿਆ, ਮਾਸ ਖਾਧਾ ਕਹਿਣ ਲੱਗਿਆ ਇਹ ਤਾਂ ਬੜਾ ਸੁਆਦ ਹੈ, ਇਹੀ ਬਣਾਇਆ ਕਰੋ। ਤਿੰਨ ਮਹੀਨੇ ਦੱਸ ਦਿਨ ਦੇ ਅੰਦਰ ਸਾਰੇ ਹੀ ਹੰਸ ਖਾ ਗਿਆ ਜਿਹੜੇ ਉਨ੍ਹਾਂ ਦੇ ਮਾਂ-ਬਾਪ ਸੀ, ਉਹ ਮਾਨ-ਸਰੋਵਰ ਝੀਲ ਵਲ ਨੂੰ ਗਏ ਹੋਏ ਸੀ। ਕਿਉਂਕਿ ਜਿਹੜੇ ਪੰਛੀ ਨੇ ਮੌਸਮ ਦੇ ਉਤੇ ਆ ਜਾਇਆ ਕਰਦੇ, ਫੇਰ ਚਲੇ ਜਾਇਆ ਕਰਦੇ ਨੇ। ਇਨ੍ਹਾਂ ਨੂੰ ਮਾਈਗ੍ਰੇਟ ਕਰਨ ਵਾਲੇ ਪੰਛੀ ਕਿਹਾ ਜਾਂਦਾ ਹੈ।

ਉਹ ਜਿਸ ਵਕਤ ਆਏ, ਉਨ੍ਹਾਂ ਨੇ ਦੇਖਿਆ ਕਿ ਬੱਚੇ

ਕਿੱਥੇ ਚਲੇ ਗਏ? ਹੰਸ ਦਾ ਆਪਣੇ ਬੱਚੇ ਨਾਲ ਬਹੁਤ ਜ਼ਬਰਦਸਤ ਮੋਹ ਹੈ, ਇਕ ਬਾਂਦਰ ਦਾ ਤੇ ਇਕ ਹੰਸ ਦਾ ਇਕ ਸਾਰਸ ਦਾ। ਸਾਰਸ ਵੀ ਬੱਚੇ ਤੋਂ ਬਗੈਰ ਜੀਉਂਦਾ ਨਹੀਂ ਰਹਿੰਦਾ। ਬਾਂਦਰੀ ਜਿਹੜੀ ਹੈ ਇਹ ਮਰੇ ਹੋਏ ਬੱਚੇ ਦੇ ਕਰੰਗ ਨੂੰ ਚੁੱਕੀਂ ਫਿਰਦੀ ਰਹਿੰਦੀ ਹੈ, ਜਦੋਂ ਤੱਕ ਝੜ ਕੇ ਗਿਰ ਨਾ ਜਾਵੇ।

ਸੋ ਇਹ ਜਦੋਂ ਹੰਸ ਆਏ ਇਨ੍ਹਾਂ ਨੇ ਦੇਖ ਲਿਆ ਕਿ ਬੱਚੇ ਤਾਂ ਮਾਰ ਦਿਤੇ ਇਨ੍ਹਾਂ ਨੇ, ਮਹਿਲਾਂ ਦੇ ਉਤੇ ਘੁੰਮਦੇ-ਘੁੰਮਦੇ ਗਿਰ ਕੇ ਉਹ ਵੀ ਮਰ ਗਏ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਕਿਉਂ ਰਾਜਨ! ਕਿੰਨਾ ਕੁ ਦੁੱਖ ਮਿਲਿਆ ਇਨ੍ਹਾਂ ਨੂੰ?

ਕਹਿੰਦਾ, ਜੀ ਬਹੁਤ ਦੁੱਖ।

ਕਹਿੰਦੇ, ਦੇਖ ਲੈ 107 ਜਨਮ ਬਾਅਦ ਤੇਰੇ ਤੋਂ ਬਦਲਾ ਲਿਆ ਗਿਆ।

ਕਰਮ ਆਪਣਾ ਫਲ ਦੇਣ ਤੋਂ ਨਹੀਂ ਕਦੇ ਵੀ ਹਟਦਾ। ਜਿਵੇਂ ਸੌ ਗਊ ਹੋਵੇ ਤੇ ਬੱਛੇ ਸਾਰੇ ਅੱਡ ਬੰਨ੍ਹੇ ਹੋਣ, ਵੱਛਾ ਛੱਡ ਦਿਓ ਨੱਠ ਕੇ ਜਾ ਕੇ ਆਪਣੀ ਮਾਂ ਨੂੰ ਪਛਾਣ ਲੈਂਦਾ ਹੈ। ਇਵੇਂ ਜਿਵੇਂ ਕਰਮ ਹੈ ਜਿਹੜਾ ਸਮੇਂ ਸਿਰ ਆ ਕੇ ਆਪਣੇ ਨੂੰ ਸਿਆਣ ਲੈਂਦਾ ਹੈ ਕਿ ਆਹ ਜੀਵ ਨੇ ਕਰਿਆ ਹੋਇਆ ਹੈ, ਇਹਨੇ ਭੋਗਣਾ ਹੈ।

ਕਹਿਣ ਲੱਗਿਆ ਮਹਾਰਾਜ! ਮੈਂ ਅੱਖਾਂ ਤੋਂ ਮੁਨਾਖਾ ਹਾਂ ਉਹ ਵੀ ਕ੍ਰਿਪਾ ਕਰਕੇ ਦੱਸ ਦਿਓ? ਕਹਿੰਦੇ 104ਵਾਂ ਜਨਮ ਦੇਖ, ਜਦ 104ਵਾਂ ਜਨਮ ਦੇਖਦਾ ਹੈ, ਕੀ ਦੇਖਦਾ ਹੈ ਕਿ ਬੱਚਿਆਂ ਨਾਲ ਖੇਲ੍ਹਦਾ ਫਿਰਦਾ ਹੈ, ਬੱਚਿਆਂ ਨੇ ਅੱਕ ਦੇ ਉਤੋਂ ਟਿੱਡਾ ਫੜ ਲਿਆ। ਸਿਆਣੇ ਸੀ ਬੱਚੇ, ਉਨ੍ਹਾਂ ਨੇ ਕੱਚਾ ਧਾਗਾ ਬੰਨ੍ਹ ਦਿਤਾ, ਬੰਨ੍ਹ ਕੇ ਉਡਾਉਣ ਲੱਗ ਗਏ, ਧਾਗਾ ਟੁੱਟ ਗਿਆ ਉਹ ਦੂਰ ਚਲਿਆ ਗਿਆ। ਇਹਨੇ ਕੀ ਕਰਿਆ, ਇਕ ਫੜ ਲਿਆ, ਫੜ ਕੇ ਸੂਲ ਤੋੜੀ ਦੋਵੇਂ ਅੱਖਾਂ ਦੇ ਵਿਚੋਂ ਦੀ ਸਾਰ ਪਾਰ ਲੰਘਾ ਕੇ ਉਤੇ ਨੂੰ ਵਗਾਹ ਕੇ ਮਾਰਿਆ, ਉਸ ਨੇ ਤੜਫ-ਤੜਫ ਕੇ ਜਾਨ ਦਿਤੀ।

ਕ੍ਰਿਸ਼ਨ ਮਹਾਰਾਜ ਨੇ ਕਿਹਾ, ਕਿਉਂ ਰਾਜਨ! ਆਹ ਕਰਮ ਕਰਿਆ ਸੀ ਨਾ, 104 ਜਨਮ ਬਾਅਦ ਤੈਨੂੰ ਭੋਗਣਾ ਪੈ ਗਿਆ।

***ਭੋਗੇ ਬਿਨ ਭਾਗੈ ਨਾਹੀ ਕਰਮ ਗਤੀ ਬਲਵਾਨ।***

ਉਹ ਤਾਂ ਭੋਗਣੀ ਹੀ ਪੈਂਦੀ ਹੈ, ਹਰ ਹਾਲਤ 'ਚ। ਜੇ ਕਹੇ ਨਾ ਕਿ ਮੈਂ ਅਕਲ ਦੇ ਨਾਲ ਹਟਾ ਦੇਵਾਂਗਾ, ਬਿਲਕੁਲ ਨਹੀਂ ਹਟਦੀ। ਮਹਾਰਾਜ ਕਹਿੰਦੇ -

***ਰਾਜਾ ਜਨਮੇਜਾ ਦੇ ਮਤੀਂ***
***ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ***
***ਕਿਰਤੁ ਨ ਚਲੈ ਚਲਾਇਆ ॥ ਅੰਗ - ੧੩੪੪***

ਜਿਹੜਾ ਮੱਥੇ 'ਚ ਲੇਖ ਲਿਖ ਦਿਤਾ, ਉਹ ਨਹੀਂ ਬਦਲਿਆ ਕਰਦਾ।

***ਲੇਖੁ ਨ ਮਿਟਈ ਹੇ ਸਖੀ***
***ਜੋ ਲਿਖਿਆ ਕਰਤਾਰਿ ॥ ਅੰਗ - ੯੩੭***

ਇਹਨੂੰ ਪਰਾਲਬਧ ਕਰਮ ਕਹਿੰਦੇ ਨੇ, ਇਹ ਤਾਂ ਭਾਈ ਭੋਗਣੇ ਹੀ ਪੈਣੇ ਨੇ। ਵੱਡਿਆਂ ਨੂੰ ਵੀ, ਛੋਟਿਆਂ ਨੂੰ ਵੀ, ਇਥੇ ਜ਼ੋਰ ਨਹੀਂ ਚੱਲਿਆ ਕਰਦਾ। ਵੱਡੇ-ਵੱਡੇ ਹਾਰ ਗਏ ਕਿ ਮੈਂ ਨਹੀਂ ਭੋਗਦਾ।

ਇਕ ਵਾਰੀ ਰਾਜਾ ਜਨਕ ਬੀਰ ਯਾਤਰਾ ਕਰਦਾ-ਕਰਦਾ ਜਿਸ ਵਕਤ ਇਕ ਪਿੰਡ ਕੋਲ ਗਿਆ, ਸੜਕ ਦੇ ਉਤੇ ਲੋਕ ਇਕੱਠੇ ਹੋਏ ਪਏ ਨੇ। ਕੀ ਦੇਖਿਆ ਕਿ ਇਕ ਬੀਬੀ ਚੜ੍ਹਾਈ ਕਰ ਗਈ ਤੇ ਉਹਦਾ ਛੇ ਮਹੀਨੇ ਦਾ ਬੱਚਾ ਕਦੇ ਇਧਰਲਾ ਦੁੱਧ ਮੂੰਹ ਵਿਚ ਪਾਉਂਦਾ ਹੈ, ਤੇ ਕਦੇ ਇਧਰਲਾ ਪਾਉਂਦਾ ਹੈ। ਦੁੱਧ ਨਿਕਲਦਾ ਨਹੀਂ ਤੇ ਫੇਰ ਰੋ ਪੈਂਦਾ ਹੈ। ਫੇਰ ਦੂਜੇ ਵਲ ਨੂੰ ਧਿਆਨ ਜਾਂਦਾ ਹੈ। ਸਾਰੇ ਅਫਸੋਸ 'ਚ ਬੈਠੇ ਨੇ।

ਇਕ ਲੜਕੀ ਦੇ ਸਿਰ ਦੇ ਉਤੇ ਗਾਗਰ ਚੁੱਕੀ ਹੋਈ ਹੈ, ਉਹ ਆਈ, ਉਹ ਦੇਖ ਕੇ ਉਚੀ-ਉਚੀ ਹੱਸ ਪਈ, ਰਾਜੇ ਜਨਕ ਨੂੰ ਬਹੁਤ ਬੁਰੀ ਲੱਗੀ। ਹੱਸ ਕੇ ਉਸੇ ਵਕਤ ਤੁਰ ਪਈ। ਇਹ ਰਾਜਾ ਜਨਕ ਕਾਹਲੀ-ਕਾਹਲੀ ਪਿਛੇ ਹੋ ਲਿਆ। ਕਹਿਣ ਲੱਗਿਆ, ਬੀਬਾ! ਐਹੋ ਜਿਹਾ ਦਰਦਨਾਕ ਦ੍ਰਿਸ਼ ਸੀ ਤੇ ਤੂੰ ਹੱਸੀਂ ਕਿਉਂ? ਕਹਿਣ ਲੱਗੀ, ਮੈਂ ਭਾਵੀ ਨੂੰ ਦੇਖ ਕੇ ਹੱਸੀ ਕਿ ਇਹ ਵਰਤਣੀ ਹੀ ਸੀ, ਇਥੇ ਹੀ ਵਰਤਣੀ ਸੀ ਇਹਦੇ ਨਾਲ, ਇਸੇ ਤਰ੍ਹਾਂ। ਇਹ ਟਲ੍ਹਿਆ ਨਹੀਂ ਕਰਦੀ।

ਰਾਜੇ ਜਨਕ ਨੇ ਕਿਹਾ ਕਿ ਟਲਦਾ ਨਹੀਂ? ਜੇ ਪਤਾ ਹੋਵੇ ਤਾਂ ਬੰਦਾ ਟਾਲ ਲੈਂਦਾ ਹੈ।

ਕਹਿੰਦੀ, ਬਿਲਕੁਲ ਨਹੀਂ।

ਉਹ ਗੱਲਾਂਬਾਤਾਂ ਕਰਨ ਲੱਗਿਆ, ਉਹ ਕਹਿਣ ਲੱਗੀ ਦੇਖ, ਮੇਰੇ ਪਤੀ ਦਾ ਮੈਂ ਇਸ਼ਨਾਨ ਕਰਾਉਣਾ ਹੈ, ਪਤੀਵਰਤਾ ਇਸਤਰੀ ਹਾਂ ਮੈਂ ਤੇ ਉਹਦੇ ਇਸ਼ਨਾਨ ਦਾ ਸਮਾਂ ਹੋ ਗਿਆ। ਤੇ ਮੈਂ ਆਪ ਵੀ ਇਸ਼ਨਾਨ ਕਰਨਾ ਹੈ ਨਦੀ 'ਚ। ਤੂੰ ਮੈਨੂੰ ਬੁਲਾ ਨਾ, ਕਿਉਂਕਿ ਮੇਰਾ ਅੰਤ ਸਮਾਂ ਨੇੜੇ ਆ ਗਿਆ। ਆਪਣੇ ਪਤੀ ਦਾ ਇਸ਼ਨਾਨ ਕਰਾਉਣ ਤੋਂ ਬਾਅਦ ਮੈਂ ਅੰਦਰ ਜਾਣਾ ਹੈ ਤੇ ਛੱਤ ਮੇਰੇ 'ਤੇ ਗਿਰ ਪੈਣੀ ਹੈ, ਮੈਂ ਮਰ ਜਾਣਾ ਹੈ। ਸੋ ਸਮਾਂ ਨੇੜੇ ਆ ਗਿਆ, ਮੈਨੂੰ ਪ੍ਰਭੂ ਦੇ ਨਾਲ ਲਿਵ ਲਾ ਲੈਣ ਦੇ। ਕਿਉਂਕਿ ਜੇ ਮੇਰੀ ਲਿਵ ਲੱਗ ਗਈ ਤਾਂ ਮੈਂ ਸੱਚਖੰਡ ਚਲੀ ਜਾਵਾਂਗੀ। ਉਹ ਕਹਿਣ ਲੱਗਿਆ ਕਿ ਬੀਬਾ! ਤੂੰ ਟਾਲ ਦੇ ਮੈਂ ਤੈਨੂੰ ਫੜ ਲੈਂਦਾ ਹਾਂ। ਕਹਿੰਦੀ, ਫੜ ਨਹੀਂ ਸਕਦਾ ਤੂੰ, ਤੈਨੂੰ ਪ੍ਰੇਰਨਾ ਹੀ ਨਹੀਂ ਹੋਣੀ ਪ੍ਰਮੇਸ਼ਰ ਵਲੋਂ। ਚੱਲ ਮੇਰਾ ਖਹਿੜਾ ਤੂੰ ਛੱਡ, ਮੈਂ ਤੈਨੂੰ ਦੱਸਦੀ ਹਾਂ ਕਿ ਰਾਵਣ ਦੇ ਨਾਲ ਭਾਵੀ ਬੀਤਣੀ ਹੈ, ਉਹ ਟਾਲ ਲਵੇ ਜੇ ਟਲਦਾ ਹੈ ਉਸ ਤੋਂ।

ਕਹਿਣ ਲੱਗਿਆ, ਕੀ ਬੀਤਣੀ ਹੈ?

"ਉਸ ਦੇ ਇਕ ਲੜਕੀ ਜਨਮ ਲੈ ਰਹੀ ਹੈ ਤੇ ਉਹਦਾ ਜਿਹੜਾ ਵਿਆਹ ਹੈ ਉਹਦੇ ਘਰ ਦੇ ਸਫਾਈ ਕਰਨ ਵਾਲੇ ਦੇ ਬੱਚੇ ਨਾਲ ਹੋਣਾ ਹੈ। ਜਿਹੜਾ ਉਹਦੇ ਮਲਮੂਤਰ ਸਾਫ ਕਰਦੇ ਨੇ, ਉਹਦੇ ਪੁੱਤਰ ਨਾਲ ਉਹਦਾ ਵਿਆਹ ਹੋਣਾ ਹੈ। ਜਾਹ, ਰਾਵਣ ਨੂੰ ਕਹਿ ਦੇ ਕਿ ਹਟਾ ਲਵੇ ਜੇ ਹਟਾ ਸਕਦਾ ਹੈ। ਮੇਰੇ ਖਹਿੜੇ ਨਾ ਤੂੰ ਪੈ। ਤੂੰ ਮੇਰੇ ਕੰਮ ਵਿਚ ਵਿਘਨ ਨਾ ਪਾ, ਮੈਂ ਪ੍ਰਭੂ ਦੇ ਚਰਨਾਂ ਵਿਚ ਬਿਰਤੀ ਲਾਵਾਂ। ਇਸ਼ਨਾਨ ਕਰਕੇ, ਗਾਗਰ ਭਰ ਕੇ ਚੱਲ ਪਈ, ਰਾਜਾ ਜਨਕ ਵੀ ਪਿੱਛੇ ਹੋ ਲਿਆ, ਦੂਰ। ਉਹਨੇ ਜਾ ਕੇ ਆਪਣੇ ਪਤੀ ਨੂੰ ਇਸ਼ਨਾਨ ਕਰਾਇਆ। ਨੇੜੇ ਆ ਗਿਆ ਕਿ ਹੁਣ ਇਹ ਕਹਿੰਦੀ ਸੀ ਕਿ ਇਸ਼ਨਾਨ ਕਰਾ ਕੇ ਮੈਂ ਜਦੋਂ ਅੰਦਰ ਜਾਵਾਂਗੀ, ਕਈ ਵਾਰੀ ਮਨ ਵਿਚ ਆਵੇ ਕਿ ਮੈਂ ਫੜ ਲਵਾਂ ਏਸ ਕੁੜੀ ਨੂੰ। ਅੰਦਰ ਜਾਣ ਨਾ ਦੇਵਾਂ। ਉਹ ਪ੍ਰੇਰਨਾ ਹੀ ਨਹੀਂ ਹੁੰਦੀ ਅੰਦਰੋਂ ਜਵਾਬ ਆ ਜਾਂਦਾ ਹੈ। ਉਸ ਵੇਲੇ ਜਦੋਂ ਉਹ ਅੰਦਰ ਗਈ, ਦੜੰਮ ਦੇ ਕੇ ਛੱਤ ਗਿਰ ਗਈ ਤੇ ਉਹ ਮਰ ਗਈ ਵਿਚਾਰੀ। ਬੜਾ ਇਹਨੂੰ ਅਫਸੋਸ ਹੋਇਆ। ਇਹਨੇ ਕਿਹਾ ਕਿ ਗੱਲ ਰਾਵਣ ਨੂੰ ਵੀ ਦੱਸ ਦੇਈਏ।

ਰਾਵਣ ਨੂੰ ਮਿਲਿਆ ਤੇ ਉਸਨੂੰ ਸਾਰੀ ਗੱਲ ਦੱਸੀ। ਉਹ ਕਹਿੰਦਾ ਕਿ ਇਹ ਗੱਲ ਹੋ ਹੀ ਨਹੀਂ ਸਕਦੀ। ਇਸ ਨੇ ਕਿਹਾ ਕਿ ਮੈਂ ਤਾਂ ਸੁਣੀ ਸੁਣਾਈ ਦਸਦਾ ਹਾਂ ਤੈਨੂੰ। ਤੂੰ ਬੰਦੋਬਸਤ ਕਰ ਲੈ। ਉਸ ਨੇ ਬ੍ਰਹਮਾ ਦਾ ਆਵਾਹਨ ਕਰਿਆ, ਬ੍ਰਹਮਾ ਨੂੰ ਕਹਿਣ ਲੱਗਿਆ ਕਿ ਮੇਰੇ ਔਲਾਦ ਕੀ ਆ ਰਹੀ ਹੈ?

ਕਹਿਣ ਲੱਗੇ, ਲੜਕੀ।

ਉਸਦਾ ਸੰਜੋਗ ਕਿੱਥੇ ਹੈ?

ਤੇਰੇ ਘਰ ਦਾ ਜਿਹੜਾ ਸਫਾਈ ਕਰਦਾ ਹੈ ਨਾ, ਉਹਦਾ ਛੇ ਮਹੀਨੇ ਦਾ ਮੁੰਡਾ ਹੈ ਉਹਦੇ ਨਾਲ ਸੰਜੋਗ ਹੈ ਉਹਦਾ।

ਕਹਿਣ ਲੱਗਿਆ ਕਿ ਇਹ ਕੱਟ ਦਿਓ। ਮੈਂ ਬ੍ਰਾਹਮਣ ਤੇ ਮੈਂ ਬਾਦਸ਼ਾਹ, ਐਨਾ ਨੀਵਾਂ ਮੇਰੀ ਲੜਕੀ ਦਾ ਸੰਜੋਗ ਹੋਏਗਾ?

ਕਹਿੰਦੇ, ਹਾਂ। ਇਹ ਨਹੀਂ ਟਲਣਾ, ਇਹਦੇ ਲੇਖ ਹੀ ਐਸੇ ਨੇ।

ਕਹਿਣ ਲੱਗਿਆ, ਮੈਂ ਟਾਲ ਦੇਵਾਂਗਾ।

ਕਹਿੰਦੇ, ਟਾਲ ਲੈ ਜੇ ਤੇਰੇ 'ਚ ਜ਼ੋਰ ਹੈ। ਸਾਡੇ 'ਚ ਨਹੀਂ ਤਾਕਤ ਹੈ। ਕਿਸੇ ਦੇਵਤੇ 'ਚ ਤਾਕਤ ਨਹੀਂ ਹੈ ਕਿ ਰੱਬ ਦਾ ਲਿਖਿਆ ਹੋਇਆ ਮੋੜ ਦੇਵੇ।

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥ ਅੰਗ - ੭੪***

ਇਹ ਜੀਵ ਉਹੀ ਕਲਮ ਲੈ ਕੇ ਆਇਆ ਹੋਇਆ ਹੈ, ਜਿਹੜੀ ਇਹਦੇ ਮੱਥੇ 'ਚ ਲਿਖ ਦਿਤੀ ਗਈ। ਇਹਨੂੰ ਨਹੀਂ ਕੋਈ ਟਾਲ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬੜੇ ਇਸ ਤਰ੍ਹਾਂ ਦੇ ਸ਼ਬਦ ਆਉਂਦੇ ਨੇ।

ਅਖੀਰ ਜਿਸ ਵਕਤ ਲੜਕੀ ਪੈਦਾ ਹੋ ਗਈ, ਵਿਹੁ ਮਾਤਾ ਆਈ। ਆਵਾਹਨ ਇਸਨੇ ਕਰਿਆ ਤੇ ਵਿਹੁ ਮਾਤਾ ਨੂੰ ਪ੍ਰਗਟ ਕਰ ਲਿਆ।

ਕਹਿਣ ਲੱਗੀ ਕਿ ਕੀ ਗੱਲ ਹੈ?

ਇਸ ਨੇ ਪੁਛਿਆ ਕਿ ਤੂੰ ਕੀ ਲਿਖਣ ਜਾ ਰਹੀ ਹੈਂ?

ਕਹਿਣ ਲੱਗੀ, ਮੈਨੂੰ ਨਹੀਂ ਪਤਾ ਕਿ ਮੈਂ ਕੀ ਲਿਖਣ ਜਾ ਰਹੀ ਹਾਂ।

ਕਹਿਣ ਲੱਗਿਆ ਕਿ ਤੂੰ ਨਹੀਂ ਲਿਖਦੀ ਹੁੰਦੀ?

ਕਹਿੰਦੀ, ਨਾ ਮੈਂ ਤਾਂ ਕਲਮ ਰੱਖਦੀ ਹਾਂ ਮੱਥੇ ਦੇ ਉਤੇ, ਲਿਖਣ ਵਾਲਾ ਕੋਈ ਹੋਰ ਹੈ। ਇਹ ਆਪੇ ਆਟੋਮੈਟਿਕ ਚਲਦੀ ਹੈ।

ਜਦੋਂ ਵਾਪਸ ਆਈ ਤਾਂ ਕਹਿੰਦਾ ਕਿ ਕੀ ਲਿਖਿਆ ਹੈ?

ਉਹ ਕਹਿੰਦੀ ਕਿ ਬੜੀ ਭਾਗਸ਼ਾਲੀ ਹੋਏਗੀ, ਰਾਜੇ ਨਾਲ ਵਿਆਹੀ ਜਾਏਗੀ, ਸੁਖ ਹੋਣਗੇ।

ਕਹਿੰਦਾ, ਸੰਜੋਗ ਇਹਦਾ ਕੀਹਦੇ ਨਾਲ ਹੈ?

ਕਹਿੰਦਾ, ਸੰਜੋਗ ਇਹਦਾ, ਤੇਰੇ ਘਰ ਦਾ ਜਿਹੜਾ ਸਫਾਈਦਾਰ ਹੈ ਉਹਦੇ ਲੜਕੇ ਨਾਲ ਹੈ।

ਕਹਿੰਦਾ, ਇਹ ਕੱਟ ਦੇ?

ਉਹ ਕਹਿਣ ਲੱਗੀ ਕਿ ਮੇਰੇ 'ਚ ਨਹੀਂ ਤਾਕਤ ਕੱਟਣ ਦੀ।

ਇਹ veeto power ਜੇ ਪ੍ਰਮੇਸ਼ਰ ਨੇ ਦਿਤੀ ਹੈ ਤਾਂ ਸਿਰਫ ਗੁਰੂ ਪ੍ਰਮੇਸ਼ਰ ਨੂੰ ਜਾਂ ਅਭੇਦ ਅਵਸਥਾ ਵਾਲੇ ਮਹਾਂਪੁਰਸ਼ਾਂ ਨੂੰ ਦਿਤੀ ਹੈ, ਹੋਰ ਕਿਸੇ ਕੋਲ ਨਹੀਂ ਇਹ veeto power, ਉਹ ਰੇਖ ਵਿਚ ਮੇਖ ਮਾਰ ਦਿੰਦੇ ਨੇ। ਬਾਕੀ ਨਹੀਂ ਕੋਈ ਕਰ ਸਕਦਾ ਸੰਸਾਰ 'ਚ, ਨਾ ਕੋਈ ਦੇਵਤਾ, ਕੋਈ ਸ਼ਕਤੀ ਸੰਸਾਰ ਦੀ ਨਹੀਂ ਮਿਟਾ ਸਕਦੀ। ਰਾਵਣ ਕਹਿੰਦਾ, ਮੈਂ ਮਿਟਾਉਦਾ ਹਾਂ।

ਕ੍ਰੋਧ 'ਚ ਆ ਗਿਆ, ਵਜ਼ੀਰ ਬੁਲਾ ਲਏ। ਕਹਿੰਦਾ, ਐਉਂ ਕਰੋ, ਜਿਹੜਾ ਸਾਡਾ ਸਫਾਈ ਕਰਮਚਾਰੀ ਹੈ ਨਾ, ਉਹਦੇ ਬੱਚੇ ਨੂੰ ਲਿਆਓ। ਉਹਦੇ ਟੁਕੜੇ-ਟੁਕੜੇ ਕਰਕੇ ਸਮੁੰਦਰ 'ਚ ਸੁੱਟ ਦਿਓ। ਮੱਛੀਆਂ ਖਾ ਜਾਣਗੀਆਂ, ਫੇਰ ਮੈਂ ਦੇਖਦਾ ਹਾਂ ਕਿ ਕਿਹੜਾ ਵਿਆਹੁੰਦਾ ਹੈ, ਮੇਰੀ ਲੜਕੀ ਨੂੰ। ਮੇਰਾ ਯੁੱਧ ਹੋ ਗਿਆ ਦੇਵਤਿਆਂ ਨਾਲ। ਵਜ਼ੀਰ ਕਹਿਣ ਲੱਗੇ, ਮਹਾਰਾਜ! ਤ੍ਰੇਤਾ ਯੁੱਗ ਚਲ ਰਿਹਾ ਹੈ, ਪਰਜਾ ਦਾ ਜ਼ੋਰ ਬਹੁਤਾ ਹੈ ਤੇ ਪਰਜਾ ਖਿਲਾਫ ਹੋ ਜਾਏਗੀ ਸਾਰੀ। ਗੱਦੀ ਤੋਂ ਲਾਹ ਦੇਵੇਗੀ ਤੁਹਾਨੂੰ। ਇਹ ਨਾ ਕੰਮ ਕਰੋ, ਕਿਸੇ ਜੁਗਤ

ਤੋਂ ਕੰਮ ਲਓ। ਬੱਚੇ ਨੂੰ ਮਾਰੋ ਨਾ ਕਿਸੇ ਨਿਰ-ਜਨ ਬਣ ਦੇ ਵਿਚ ਛੱਡ ਦਿਓ, ਆਪੇ ਮਰ ਜਾਏਗਾ ਭੁੱਖਾ। ਸਕੀਮ ਮਨ ਨੂੰ ਭਾਅ ਗਈ, ਬੱਚਾ ਲਿਆਂਦਾ ਤੇ ਲਿਆ ਕੇ ਇਕ ਨਿਰ-ਜਨ ਜੰਗਲ ਦੇ ਵਿਚ ਛੱਡ ਦਿਤਾ ਤੇ ਨਾਲ ਇਹ ਕਹਿ ਦਿਤਾ ਕਿ ਏਸ ਬੱਚੇ ਦੀਆਂ ਚਾਰ ਉਂਗਲਾਂ ਪੈਰ ਦੀਆਂ ਵੱਢ ਕੇ ਲਿਆਓ। ਜਲਾਦਾਂ ਨੇ ਚਾਰ ਉਂਗਲਾਂ ਵੱਢ ਲਈਆਂ, ਬੱਚੇ ਨੂੰ ਛੱਡ ਆਏ। ਬੱਚਾ ਰੋਂਦਾ ਹੈ, ਕੋਈ ਮਹਾਂਪੁਰਸ਼ ਨੇੜੇ ਤਪ ਕਰਦੇ ਸੀ, ਆਵਾਜ਼ ਸੁਣੀ ਆ ਕੇ ਬੱਚਾ ਦੇਖਿਆ। ਖੂਨ ਉਂਗਲੀਆਂ 'ਚੋਂ ਚਲ ਰਿਹਾ ਹੈ, ਪੱਟੀ ਬੰਨ੍ਹੀ, ਆਸ਼ਰਮ 'ਚ ਲੈ ਗਏ, ਰਾਜ਼ੀ ਕਰਿਆ, ਵੱਡਾ ਕਰਿਆ, ਪੜ੍ਹਾਇਆ ਲਿਖਾਇਆ, ਚੌਦਾਂ ਵਿਦਿਆ ਪੜ੍ਹਾ ਕੇ ਮਹਾਤਮਾ ਕਹਿਣ ਲੱਗੇ ਕਿ ਲੈ ਬਈ ਲੜਕੇ ਤੇਰੀ ਕਿਸਮਤ ਬੜੀ ਪ੍ਰਬਲ ਹੈ, ਤੇਰੀ ਕਿਸਮਤ 'ਚ ਰਾਜ ਲਿਖਿਆ ਹੋਇਆ ਹੈ, ਪਰ ਤੂੰ ਐਉਂ ਕਰ, ਸਮੁੰਦਰ ਦਾ ਸਫਰ ਕਰ। ਜਹਾਜ਼ ਲੈ ਲਿਆ ਉਸ ਨੇ ਤੇ ਸਮੁੰਦਰ ਦਾ ਸਫਰ ਕਰਕੇ ਇਕ ਟਾਪੂ 'ਤੇ ਉਤਰ ਗਿਆ। ਉਸ ਟਾਪੂ ਦਾ ਰਾਜਾ ਮਰ ਗਿਆ ਤੇ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਜਿਹੜਾ ਸਭ ਤੋਂ ਪਹਿਲਾਂ ਉਤਰੇਗਾ ਉਹਨੂੰ ਰਾਜਾ ਬਣਾ ਦੇਵਾਂਗੇ। ਜਦੋਂ ਇਹ ਉਤਰਿਆ ਤਾਂ ਪਹਿਲੇ ਨੰਬਰ ਤੇ ਹੋਣ ਕਰਕੇ ਉਨ੍ਹਾਂ ਨੇ ਰਾਜਾ ਬਣਾ ਦਿਤਾ। ਪੜ੍ਹਿਆ ਲਿਖਿਆ ਬਹੁਤ ਸੀ ਤੇ ਉਸ ਨੇ ਰਾਜ ਪ੍ਰਬੰਧ ਬਹੁਤ ਵਧੀਆ ਚਲਾਇਆ। ਦੂਰ-ਦੂਰ ਤੱਕ ਖਬਰਾਂ ਪਹੁੰਚ ਗਈਆਂ, ਰਾਵਣ ਦੀ ਲੜਕੀ ਤੱਕ ਵੀ ਖਬਰ ਪਹੁੰਚ ਗਈ।

ਇਧਰੋਂ ਉਹ ਵਰ ਯੋਗ ਹੋਈ ਤਾਂ ਰਾਵਣ ਨੇ ਬੰਦੇ ਭੇਜੇ ਤਾਂ ਉਹ ਵੀ ਉਥੇ ਹੀ ਪਹੁੰਚੇ ਰਾਜੇ ਕੋਲ। ਜਦੋਂ ਵਾਪਸ ਗਏ ਤਾਂ ਰਾਵਣ ਨੇ ਪੁੱਛਿਆ ਕਿ ਕੋਈ ਦੇਖਿਆ? ਕਹਿਣ ਲੱਗੇ ਕਿ ਆਹ ਰਾਜਕੁਮਾਰ, ਫਲਾਣੇ ਟਾਪੂ ਦਾ, ਬਹੁਤ ਹੀ ਸੁੰਦਰ ਤੇ ਬਹੁਤ ਕਾਬਿਲ ਹੈ। ਕਹਿੰਦੇ ਠੀਕ ਹੈ, ਲੜਕੀ ਨੂੰ ਪੁੱਛੋ। ਲੜਕੀ ਨੂੰ ਪੁੱਛਿਆ, ਲੜਕੀ ਕਹਿੰਦੀ ਠੀਕ ਹੈ। ਵਿਆਹ ਹੋ ਗਿਆ। ਸਾਰੇ ਦੇਵਤੇ ਵਿਆਹ 'ਚ ਬੁਲਾਏ। ਉਸ ਵੇਲੇ ਬੜੇ ਗਰੂਰ ਦੇ ਨਾਲ ਮਗਰੂਰ ਹੋ ਕੇ ਕਹਿੰਦਾ ਹੈ। ਕਹਿੰਦਾ ਐ ਦੇਵ ਜਨੋ! ਵੱਡੀਆਂ-ਵੱਡੀਆਂ ਸ਼ਕਤੀਆਂ ਨੇ, ਤੁਹਾਡੀ ਪੂਜਾ ਹੁੰਦੀ ਹੈ ਦੁਨੀਆਂ 'ਚ, ਪਰ ਜਿਹੜਾ ਕੰਮ ਤੁਸੀਂ ਨਹੀਂ ਕਰ ਸਕੇ, ਮੈਂ ਕਰ ਦਿਤਾ।

ਕਹਿੰਦੇ, ਕੀ ਕਰ ਦਿਤਾ?

ਕਹਿੰਦਾ, ਮੈਨੂੰ ਤੁਸੀਂ ਸਾਰੇ ਕਹਿੰਦੇ ਸੀ ਕਿ ਤੇਰੀ ਲੜਕੀ ਦੀ ਸ਼ਾਦੀ ਹੋਣੀ ਹੈ, ਸਫਾਈ ਕਰਮਚਾਰੀ ਦੇ ਲੜਕੇ ਦੇ ਨਾਲ, ਛੋਟੀ ਜਾਤ ਦੇ। ਮੈਂ ਦੇਖੋ ਰਾਜੇ ਦੇ ਨਾਲ ਕਰੀ ਨਾ ਆਪਣੀ ਲੜਕੀ ਦੀ ਸ਼ਾਦੀ?

ਉਹ ਕਹਿੰਦੇ, ਰਾਜਨ! ਇਹ ਗੱਲ ਹੋ ਹੀ ਨਹੀਂ ਸਕਦੀ। ਬੰਦੇ ਦੇ ਅਖਤਿਆਰ ਨਹੀਂ ਹੈ।

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਕਹਿੰਦੇ, ਕੋਈ ਨਿਸ਼ਾਨੀ ਰੱਖੀ ਸੀ?

ਕਹਿੰਦਾ, ਹਾਂ ਚਾਰ ਉਂਗਲੀਆਂ ਵੱਢੀਆਂ ਸੀ।

ਕਹਿੰਦੇ, ਫੇਰ ਜੁਰਾਬ ਲਾਹ ਕੇ ਦੇਖ।

ਜੁਰਾਬ ਲੁਹਾਈ ਤਾਂ ਹੈਰਾਨ ਹੋ ਗਿਆ।

ਕਹਿੰਦੇ, ਹੁਣ ਹੈਰਾਨ ਹੋਣ ਦੀ ਗੱਲ ਨਹੀਂ।

***ਭੋਗੇ ਬਿਨ ਭਾਗੈ ਨਹੀ ਕਰਮ ਗਤੀ ਬਲਵਾਨ***

ਇਹ ਤਾਂ ਗਤੀ ਬਹੁਤ ਬਲਵਾਨ ਹੈ। ਸੋ ਭਾਈ ਦਇਆ ਸਿੰਘ ਕਹਿਣ ਲੱਗੇ ਕਿ ਪਿਆਰਿਓ! ਇਕ ਤਾਂ ਉਹ ਕਰਮ ਨੇ ਜਿਹੜੇ ਆਦਮੀ ਦੇ ਪੈਦਾ ਹੋਣ ਵੇਲੇ ਤੋਂ ਨਾਲ ਆਉਂਦੇ ਨੇ। ਦੂਸਰੇ ਕਰਮ ਉਹ ਨੇ ਜਿਹੜੇ ਸਟੋਰ 'ਚ ਪਏ ਨੇ। ਅਜੇ ਉਨ੍ਹਾਂ ਦੀ ਵਾਰੀ ਨਹੀਂ ਆਈ, ਜਮ੍ਹਾਂ ਕਰੇ ਪਏ ਨੇ, ਜਿਵੇਂ ਕਿਸਾਨ ਆਪਣਾ ਬੀਜ ਰੱਖ ਲੈਂਦਾ ਹੈ, ਉਹਦੀ ਛੇ ਮਹੀਨੇ, ਸਾਲ ਤੋਂ ਬਾਅਦ ਵਾਰੀ ਆਉਂਦੀ ਖੇਤ 'ਚ ਬੀਜਣ ਦੀ, ਐਉਂ ਉਹ ਜਮ੍ਹਾਂ ਪਏ ਨੇ। ਉਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਤੀਸਰੇ ਕਰਮ ਉਹ ਨੇ ਜਿਹੜੇ ਬੰਦੇ ਦੇ ਆਪਣੇ ਅਖਤਿਆਰ ਵਿਚ ਨੇ। ਇਹਨੇ ਕਰਮ ਕਰਨੇ ਨੇ। ਇਹ ਜਿਹੋ ਜਿਹੇ ਕਰਮ ਕਰੇਗਾ, ਉਹੋ ਜਿਹਾ ਭੋਗਣਾ ਪੈਣਾ ਹੈ। ਉਹ ਇਹਦੇ ਅਖਤਿਆਰ ਵਿਚ ਹੈ।

***ਐਸੀ ਕਲਾ ਨ ਖੇਡੀਐ***
***ਜਿਤੁ ਦਰਗਹ ਗਇਆ ਹਾਰੀਐ ॥ ਅੰਗ - ੪੬੯***

ਕਹਿੰਦੇ, ਐਹੋ ਜਿਹਾ ਕਰਮ ਨਾ ਕਰੋ ਜਿਹੜਾ ਦਰਗਾਹ 'ਚ ਜਾ ਕੇ ਜਵਾਬਦੇਹ ਹੋਣਾ ਪਵੇ। ਸੋ ਏਸ ਤਰ੍ਹਾਂ ਦੇ ਨਾਲ ਇਹ ਜਿਹੜੇ ਕਰਮ ਚਲਦੇ ਨੇ ਆਦਮੀ ਦੇ। ਇਹ ਬੰਦੇ ਦੇ ਨਾਲ ਚਲਦੇ ਨੇ। ਦੁੱਖ ਤੇ ਸੁਖ ਇਨ੍ਹਾਂ ਦੇ ਨਾਲ ਮਿਲਦਾ ਹੈ, ਇਹਨੂੰ ਕੋਈ ਮਿਟਾ ਨਹੀਂ ਸਕਦਾ। ਸਿਰਫ ਇਕ ਸ਼ਕਤੀ ਹੈ, ਜਦੋਂ ਬੰਦਗੀ ਕਰਦਾ ਹੈ, ਨਾਮ ਜਪਦਾ ਹੈ, ਸੁਰਤੀ ਚੜ੍ਹਦੀ ਹੈ ਇਹਦੀ, ਇਹ ਅੰਦਰੋਂ ਚੜ੍ਹਾਈ ਕਰਕੇ ਬ੍ਰਹਮਗਿਆਨ ਦੇ ਮੰਡਲ 'ਚ ਪਹੁੰਚਦਾ ਹੈ। ਜਿਹਨੂੰ ਵਿਵੇਕ ਮੰਡਲ ਕਹਿੰਦੇ ਨੇ, ਉਥੇ ਐਨਾ ਸੇਕ ਹੈ ਤਪ ਦਾ ਕਿ ਉਹ ਜਿਹੜੇ ਸਟੋਰ ਹੋਏ ਪਏ ਨੇ, ਉਹ ਜਲ ਜਾਂਦੇ ਨੇ। ਜਿਵੇਂ ਸੇਕ ਦੇ ਦੇਈਏ ਦਾਣਿਆਂ ਨੂੰ, ਨਤੀਜਾ ਕੀ ਹੋਏਗਾ, ਜੰਮਣ ਸ਼ਕਤੀ ਉਨ੍ਹਾਂ ਦੀ ਖਤਮ ਹੋ ਜਾਂਦੀ ਹੈ। ਦੂਸਰੇ ਕਰਮ ਨੇ ਜਿਹੜੇ ਅਸੀਂ ਕਰਦੇ ਹਾਂ ਉਹ ਕਰਮ ਮਾੜਾ ਨਾ ਕਰੋ ਕਿ ਫੇਰ ਭੋਗਣਾ ਪਵੇ, ਪਹਿਲਾਂ ਖਿਆਲ ਰੱਖੋ।

***ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥***
***ਨਾਨਕ ਸਾਈ ਭਲੀ ਪਰੀਤਿ***
***ਜਿਤੁ ਸਾਹਿਬ ਸੇਤੀ ਪਤਿ ਰਹੈ ॥ ਅੰਗ - ੫੯੦***

ਪੱਤ ਨੂੰ ਸਾਮ੍ਹਣੇ ਰੱਖੋ ਕਿ ਪੱਤ ਰਹਿ ਜਾਏ ਦਰਗਾਹ 'ਚ ਜਾ ਕੇ। ਉਹ ਕੰਮ ਨਾ ਕਰੋ ਜਿਥੇ ਜਾ ਕੇ ਜਵਾਬ ਦੇਣਾ ਪੈ ਜਾਵੇ। ਉਹ ਤਾਂ ਬਹੁਤ ਔਖਾ ਹੋ ਜਾਂਦਾ ਹੈ। ਸੋ ਏਸ ਕਰਕੇ ਜੋ ਜਮ੍ਹਾਂ ਨੇ ਉਹ ਜਲ ਗਏ ਤੇ ਜਿਹੜੇ ਕਰਨੇ ਸੀ

ਉਹ ਅਸੀਂ ਸੰਭਾਲ ਲਏ। ਜਿਹੜੇ ਭੋਗਣੇ ਨੇ ਉਹ ਭੋਗਣ ਤੋਂ ਬਾਅਦ ਸਾਨੂੰ ਕਰਮ ਫੇਰ ਜੰਮਣ ਮਰਨ 'ਚ ਨਹੀਂ ਲਿਆ ਸਕਦਾ। ਅਸੀਂ ਮੁਕਤ ਹੋ ਜਾਵਾਂਗੇ।

ਸੋ ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਪਿਆਰਿਓ! ਇਹ ਕਰਮ ਏਸ ਤਰ੍ਹਾਂ ਕੰਮ ਕਰਦੇ ਨੇ।

ਸੋ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਉਹਦੇ ਨਾਲ ਕੀ ਹੁੰਦਾ ਹੈ?

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਅੰਗ - ੩੦੫*

ਜਿੰਨੇ ਕਰਮ ਸਾਡੇ ਪਏ ਨੇ ਫਲ ਦੇਣ ਵਾਲੇ, ਮਹਾਰਾਜ ਕਹਿੰਦੇ ਸਭ ਮਿਟ ਜਾਣੇ ਨੇ। ਇਕ ਵੀ ਨਹੀਂ ਰਹਿਣਾ।

ਸੋ ਇਸ ਤਰ੍ਹਾਂ ਦੇ ਨਾਲ ਅੰਮ੍ਰਿਤ ਵੇਲੇ ਜਾਗਣਾ, ਗੁਰੂ ਘਰ 'ਚ ਵਿਧਾਨ ਹੈ।

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਅੰਗ - ੪੫੯*

ਸੋ ਉਹ ਬੀਬੀ ਜਾਗੀ ਤਾਂ ਬਾਬਾ ਅਮਰਦਾਸ ਜੀ ਸੋਚਦੇ ਨੇ ਕਿ ਕੌਣ ਹੋਈ? ਕਹਿਣ ਲੱਗੇ, ਸਾਡੇ ਘਰ 'ਚ ਤਾਂ ਜਾਗਣ ਵਾਲਾ ਕੋਈ ਹੈ ਹੀ ਨਹੀਂ? ਇਹ ਤਾਂ ਜਿਹੜੀ ਨਵੀਂ ਬੀਬੀ ਹੈ, ਨੂੰਹ ਹੈ ਸਾਡੀ ਲਗਦੀ, ਹੋ ਸਕਦਾ ਹੈ ਉਹ ਹੋਵੇ। ਆਪ ਨੇ ਮੰਜਾ ਜਿਹੜਾ ਸੀ ਉਹ ਤਾਂ ਛੱਡ ਦਿਤਾ। ਇਕ ਕਪੜਾ ਚੁੱਕ ਕੇ ਨੇੜੇ ਆ ਗਏ ਕਿ ਇਹ ਕੀ ਕਰਦੀ ਹੈ, ਦੇਖਾਂ ਤਾਂ ਸਹੀ।

ਬੀਬੀ ਨੇ ਇਸ਼ਨਾਨ ਕਰਿਆ ਬਾਥਰੂਮ 'ਚ। ਉਸ ਤੋਂ ਬਾਅਦ ਆਪ ਬਾਹਰ ਆਈ, ਆਸਣ ਵਿਛਾਇਆ, ਖੁਲ੍ਹੇ, ਸਵੱਛ ਥਾਂ 'ਤੇ। ਚੌਂਕੜਾ ਮਾਰਿਆ, ਸਿੱਧੀ 90 ਡਿਗਰੀ ਤੇ ਰੀੜ੍ਹ ਦੀ ਹੱਡੀ ਸਿੱਧੀ ਕਰਕੇ ਬੈਠ ਗਈ। ਉਸ ਤੋਂ ਬਾਅਦ ਆਪ ਸਮਝ ਗਏ ਕਿ ਕੋਈ ਯੋਗ ਕਰ ਰਹੀ ਹੈ। ਕੋਈ ਸਾਧਨ ਕਰ ਰਹੀ ਹੈ।

ਦੋ ਘੰਟੇ ਏਸ ਤਰ੍ਹਾਂ ਬੈਠਣ ਤੋਂ ਬਾਅਦ, ਉਹ ਫੇਰ ਉਠੀ ਤੇ ਕਾੜ੍ਹਨੀ ਦੇ ਵਿਚੋਂ ਚਾਟੀ ਵਿਚ ਦੁੱਧ ਪਾਇਆ, ਮਧਾਣੀ ਉਹਦੇ ਵਿਚ ਪਾਈ, ਕੁੜ੍ਹ ਪਾਇਆ ਤੇ ਕੁੜ੍ਹ ਨੂੰ ਬੰਨ੍ਹਿਆ, ਬੈਠ ਕੇ ਪੀੜ੍ਹੀ ਤੇ ਨੇਤੀ ਖਿੱਚਣੀ ਸ਼ੁਰੂ ਕਰ ਦਿਤੀ। ਕਾਫੀ ਦੇਰ ਤੱਕ ਜਿਹੜਾ ਸੱਜਾ ਹੱਥ ਹੈ ਉਸ ਨਾਲ ਖਿੱਚਦੀ ਹੈ ਤਾਂ ਸਤਿਨਾਮ ਕਹਿੰਦੀ ਹੈ, ਜਦੋਂ ਖੱਬਾ ਖਿੱਚਦੀ ਹੈ ਤਾਂ ਵਾਹਿਗੁਰੂ ਕਹਿੰਦੀ ਹੈ। ਸਮਝ 'ਚ ਆ ਗਿਆ ਕਿ ਕੋਈ ਭਜਨ ਕਰਦੀ ਹੈ ਤੇ ਅਜੇ ਸੁਣਦੇ ਹੀ ਨੇ ਕਿ ਨਾਲ ਦੀ ਨਾਲ ਬੀਬੀ ਨੇ ਨਾਮ ਜਪਣ ਤੋਂ ਬਾਅਦ 'ਆਸਾ ਜੀ ਦੀ ਵਾਰ' ਜੋ ਉਸ ਵੇਲੇ ਕੇਵਲ ਸਲੋਕਾਂ ਤੇ ਪਉੜੀਆਂ ਦੀ ਸੀ। ਉਸ ਵੇਲੇ ਆਪ ਨੇ ਬੜੇ ਪਿਆਰ ਦੇ ਨਾਲ ਇਸ ਤਰ੍ਹਾਂ ਨਾਲ ਪੜ੍ਹਨਾ ਸ਼ੁਰੂ ਕਰ ਦਿਤਾ -

***ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ।***

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ*
*ਕਰਤ ਨ ਲਾਗੀ ਵਾਰ ॥ ਅੰਗ - ੪੬੩*

ਬੜੇ ਧਿਆਨ ਨਾਲ ਸੁਣ ਲਿਆ ਕਿ ਬੀਬੀ ਪਹਿਲਾਂ ਆਪਣੇ ਗੁਰੂ ਦਾ ਮੰਗਲ ਕਰਦੀ ਹੋਈ ਕਹਿੰਦੀ ਹੈ ਕਿ -

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ*
*ਕਰਤ ਨ ਲਾਗੀ ਵਾਰ ॥ ਅੰਗ - ੪੬੩*

ਐਸੇ ਗੁਰੂ ਦਾ ਜ਼ਿਕਰ ਜਿਹਨੇ ਮਨੁੱਖ ਨੂੰ ਇਕ ਦਮ ਦੇਵਤਾ ਬਣਾ ਦਿਤਾ ਤੇ ਦੇਰ ਵੀ ਕੋਈ ਨਹੀਂ ਲੱਗੀ।

ਹਉਕਾ ਆਇਆ ਕਿ ਸ਼ਾਇਦ ਮੈਨੂੰ ਹੁਣ ਕੋਈ ਗੁਰੂ ਦਾ ਭੇਤ ਲੱਗ ਜਾਵੇ। ਇਹ ਜਿਹੜੀ ਸਾਡੀ ਲੜਕੀ ਹੈ, ਸਾਡੀ ਨੂੰਹ, ਏਸ ਤੋਂ ਹੀ ਮੈਨੂੰ ਕਿਸੇ ਗੁਰੂ ਦਾ ਭੇਤ ਲੱਗੇਗਾ। ਅਜੇ ਇਨ੍ਹਾਂ ਸੋਚਾਂ ਦੇ ਵਿਚ ਹੀ ਸੀ ਕਿ ਉਸੇ ਵੇਲੇ ਦੂਸਰੀ ਧੁਨ ਸੁਣਾਈ ਦਿਤੀ -

***ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਅੰਧੇਰਾ, ਚੰਦ ਭਾਵੇਂ ਸੌ ਚੜ੍ਹ ਜਾਏ।***

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*
*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥*
*ਅੰਗ - ੪੬੩*

ਸਾਰਾ ਸੁਣ ਲਿਆ ਤੇ ਸਮਝਿਆ ਕਿ ਹੈਂ ਗੁਰੂ ਤੋਂ ਬਗੈਰ ਤਾਂ ਜਿਵੇਂ ਛੁਟੜ ਤਿਲ ਹੁੰਦਾ ਹੈ ਇਸ ਤਰ੍ਹਾਂ ਦਾ ਹੁੰਦਾ ਹੈ ਜੀਵਨ। ਕਿਸਾਨ ਓਸ ਤਿਲ ਨੂੰ ਛੱਡਦਾ ਹੈ ਜਿਹਦੀਆਂ ਡੋਡੀਆਂ ਵਿਚ ਸੁਆਹ ਪੈ ਜਾਵੇ। ਉਹਨੂੰ ਫੇਰ ਡੰਗਰ ਚਾਰਨ ਵਾਲੇ ਬੰਦੇ ਡੰਡੇ ਮਾਰ-ਮਾਰ ਕੇ ਤੋੜ ਦਿੰਦੇ ਨੇ। ਐਹੋ ਜਿਹਾ ਜੀਵਨ, ਬੇਕੀਮਤ ਕੁਛ ਵੀ ਕੀਮਤ ਨਾ ਹੋਈ, ਇਹ ਤਾਂ ਕਉਡੀ ਦੀ ਕੀਮਤ ਤੋਂ ਵੀ ਘੱਟ ਹੋਇਆ। ਅਫਸੋਸ ਲੱਗਿਆ ਕਿ ਐ ਮਨਾਂ! ਨਿਗੁਰੇ ਰਹਿ ਕੇ ਤੇਰੇ ਜੀਵਨ ਦੀ ਤਾਂ ਕੀਮਤ ਐਨੀ ਕੁ ਹੈ, ਜਿੰਨੀ ਬੁਆੜ ਤਿਲ ਦੀ ਹੁੰਦੀ ਹੈ।

ਬਾਣੀ ਸੁਣੀ ਜਾਂਦੇ ਨੇ, ਪਉੜੀਆਂ 'ਚ ਆਈ ਜਾਂਦਾ

ਹੈ ਗੁਰੂ ਬਾਰੇ। ਅਖੀਰ ਜਾ ਕੇ ਆਪ ਦੇ ਕੰਨਾਂ ਦੇ ਵਿਚ ਬਹੁਤ ਪ੍ਰਤੱਖ ਰੂਪ ਵਿਚ ਇਹ ਸ਼ਬਦ ਪਿਆ।

*ਧਾਰਨਾ - ਗੁਰ ਬਿਨ ਗਿਆਨ ਨ ਹੋਵੇ*
*ਪਿਆਰੇ ਗੁਰ ਬਿਨ ਗਿਆਨ ਨਾ ਹੋਵੇ।*

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*
*ਗਿਆਨ ਕਾ ਬਧਾ ਮਨੁ ਰਹੈ*
*ਗੁਰ ਬਿਨੁ ਗਿਆਨੁ ਨ ਹੋਇ ॥ ਅੰਗ - ੪੬੯*

ਉਸ ਵੇਲੇ ਕਾਫੀ ਧਰਵਾਸ ਆ ਗਿਆ ਕਿ ਐਹ ਬੀਬੀ ਤੋਂ ਮੈਨੂੰ ਕਿਸੇ ਪੂਰੇ ਗੁਰੂ ਦਾ ਪਤਾ ਲੱਗੂ। ਹੌਲੀ-ਹੌਲੀ ਦਿਨ ਚੜ੍ਹ ਗਿਆ, ਪਸ਼ੂ ਤੁਰਨ ਲਗ ਗਏ, ਲੋਕਾਂ ਦੀ ਆਵਾਜਾਈ ਹੋ ਗਈ, ਪੈੜ ਚਾਲ ਹੋ ਗਈ। ਆਵਾਜ਼ ਮੱਧਮ ਹੋਣ ਲੱਗ ਗਈ, ਉਸ ਵੇਲੇ ਆਪ ਕੋਠੇ ਤੋਂ ਉਤਰ ਕੇ ਜਾ ਕੇ, ਓਟੇ ਦੀ ਕੰਧ ਦੇ ਓਹਲੇ ਹੋ ਕੇ ਖੜ੍ਹ ਗਏ ਕਿ ਕਿਤੇ ਦੇਖ ਨਾ ਲਵੇ ਮੈਨੂੰ ਤੇ ਐਸਾ ਨਾ ਹੋਵੇ ਪੜ੍ਹਨ ਤੋਂ ਬੰਦ ਹੋ ਜਾਵੇ। ਉਸ ਤੋਂ ਬਾਅਦ ਆਪ ਨੇ ਹੋਰ ਕਈ ਸ਼ਬਦ ਸੁਣੇ -

*ਕਾਇਆ ਆਰਣੁ ਮਨੁ ਵਿਚਿ ਲੋਹਾ*
*ਪੰਚ ਅਗਨਿ ਤਿਤੁ ਲਾਗਿ ਰਹੀ ॥*
*ਕੋਇਲੇ ਪਾਪ ਪੜੇ ਤਿਸੁ ਊਪਰਿ*
*ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ਅੰਗ - ੯੯੦*

ਵਿਚਾਰ ਕਰ ਰਹੇ ਨੇ, ਵਿਦਵਾਨ ਸੀ। ਸਮਝ ਗਏ ਕਿ ਇਹ ਤਾਂ ਬਹੁਤ ਉਤਮ ਬਚਨ ਆ ਰਹੇ ਨੇ। ਅਖੀਰ ਉਸ ਬੀਬੀ ਨੇ ਦੁੱਧ ਰਿੜਕ ਲਿਆ, ਦੁੱਧ ਰਿੜਕਣ ਤੋਂ ਬਾਅਦ ਕੁੜ੍ਹ ਕੱਢਿਆ ਤੇ ਮੱਖਣ ਮਧਾਣੀ ਤੋਂ ਲਾਹਿਆ ਤੇ ਰੱਖ ਦਿਤਾ। ਉਸ ਤੋਂ ਬਾਅਦ ਬਰਤਨ 'ਚ ਪਾ ਲਿਆ। ਲੱਸੀ ਵਗੈਰਾ ਢਕ ਦਿਤੀ, ਜਿਸ ਵਕਤ ਉਠਣ ਲੱਗੀ ਉਸ ਵੇਲੇ ਆਪ ਨੇ ਖਘੂੰਰਾ ਮਾਰਿਆ। ਦੇਖਿਆ ਕਿ ਕੋਈ ਬੰਦਾ ਖੜ੍ਹਾ ਹੈ ਪਿੱਛੇ ਤੇ ਨਾਲ ਦੀ ਨਾਲ ਪਤਾ ਲੱਗ ਗਿਆ ਉਨ੍ਹਾਂ ਨੂੰ ਕਿ ਇਹ ਤਾਂ ਮੇਰੇ ਪਿਤਾ ਜੀ ਦੇ ਸਹੁਰਾ ਸਾਹਿਬ ਦੇ ਛੋਟੇ ਭਰਾ ਨੇ। ਇਹ ਵੀ ਪਿਤਾ ਦੇ ਯੋਗ ਨੇ। ਉਸ ਵੇਲੇ ਬਾਬਾ ਜੀ ਨੇ ਕਿਹਾ ਕਿ ਬੀਬਾ, ਆਹ ਕੀਹਦੇ ਤੂੰ ਬਿਸਨਪਦੇ ਪੜ੍ਹੇ ਨੇ। ਕਿਸਦੇ ਪੜ੍ਹੇ ਨੇ, ਇਹ ਜੋ ਬਚਨ ਤੂੰ ਪੜ੍ਹੇ ਨੇ ਮੈਂ ਬੜੀ ਦੇਰ ਦਾ ਸੁਣਦਾ ਹਾਂ। ਕਹਿਣ ਲੱਗੀ ਕਿ ਪਿਤਾ ਜੀ! ਇਹ ਕੁੱਛ ਮੇਰੇ ਪਿਤਾ ਜੀ ਦੇ ਨੇ, ਕੁੱਛ ਮੇਰੇ ਪਿਤਾ ਜੀ ਤੋਂ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਤਾਂ ਸਾਰਾ ਸੰਸਾਰ ਹੀ ਜਾਣਦਾ ਹੈ, ਉਨ੍ਹਾਂ ਦੇ ਨੇ।

ਸੁਣਿਆ ਸੀ ਇਨ੍ਹਾਂ ਨੇ, ਇਕ ਵਾਰੀ ਵਾਹ ਵੀ ਪਿਆ ਸੀ। ਕੁਝ ਚੀਜ਼ਾਂ ਦੇ ਆਏ ਸੀ, ਤਾਂ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਵੀ ਸੀ ਕਿ ਐਹ ਖੱਤਰੀ ਦਾ ਆਪਾਂ ਨੇ ਕਰਜ਼ਾ ਦੇਣਾ ਹੈ। ਸਮਾਂ ਆਉਣ ਤੇ ਦੇਣੇ ਪੈਣਾ ਹੈ ਇਹਨੂੰ। ਗੁਰਗੱਦੀ ਇਹਦੇ ਹਿੱਸੇ ਆਉਣੀ ਹੈ। ਯਾਦ ਆ ਗਿਆ ਕਿ ਖੂਹ 'ਤੇ ਬੈਠੇ ਮੈਨੂੰ ਮਿਲੇ ਸੀ। ਬੜੀ ਮੇਰੀ ਮਾੜੀ ਕਿਸਮਤ ਹੈ, ਮੈਨੂੰ ਪਿੱਛੋਂ ਪਤਾ ਲੱਗਿਆ ਕਿ ਇਹ ਗੁਰੂ ਨਾਨਕ ਨੇ। ਉਸ ਵੇਲੇ ਮੇਰੇ ਭਾਗ ਕਿਉਂ ਸੌਂ ਗਏ, ਜਿਸ ਵਕਤ ਗੁਰੂ ਨਾਨਕ ਸੀ। ਐਨਾ ਬਚਨ ਕਹਿ ਕੇ ਕਹਿਣ ਲੱਗੇ ਕਿ ਬੀਬਾ, ਹੁਣ ਗੁਰੂ ਨਾਨਕ ਕਿੱਥੇ ਨੇ? ਕਹਿਣ ਲੱਗੀ, ਪਿਤਾ ਜੀ! ਉਹ ਤਾਂ ਆਪਣੀ ਜੋਤ ਵਿਚ ਸਮਾਂ ਗਏ ਨੇ। ਬਾਕੀ ਜੋ ਉਨ੍ਹਾਂ ਦੀ ਜੋ ਗੁਰੂ ਜੋਤ ਹੈ ਉਹ ਮੇਰੇ ਪਿਤਾ ਜੀ ਵਿਚ ਪ੍ਰਵੇਸ਼ ਕਰ ਗਈ ਹੈ। ਕਹਿਣ ਲੱਗੇ, ਅੰਗਦ ਜੀ ਵਿਚ? ਕਹਿਣ ਲੱਗੀ, ਹਾਂ।

ਕਹਿੰਦੇ ਬੇਟਾ, ਮੈਨੂੰ ਉਨ੍ਹਾਂ ਕੋਲ ਲੈ ਚੱਲ।

ਉਹ ਕਹਿਣ ਲੱਗੀ, ਦੇਖੋ ਪਿਤਾ ਜੀ, ਜਿਥੇ ਮੈਂ ਆਪਣੇ ਪਿਤਾ ਨੂੰ ਪਿਤਾ ਸਮਝਦੀ ਹਾਂ, ਉਥੇ ਨਾਲ ਮੈਂ ਉਨ੍ਹਾਂ ਨੂੰ ਪੂਰਨ ਗੁਰੂ ਵੀ ਸਮਝਦੀ ਹਾਂ ਤੇ ਮੈਂ ਉਨ੍ਹਾਂ ਦਾ ਬਚਨ ਉਲੱਦ ਦਿਤਾ, ਮੇਰਾ ਨਾ ਕੋਈ ਦੀਨ ਬਚਣਾ ਹੈ ਨਾ ਦੁਨੀਆਂ ਬਚਣੀ ਹੈ। ਸੋ ਉਹ ਸਮਰੱਥ ਨੇ, ਪਿਤਾ ਦੀ ਥਾਂ ਪਿਤਾ ਨੇ, ਲੇਕਿਨ ਗੁਰੂ ਨੇ। ਮੇਰੇ ਪਿਤਾ ਜੀ ਨੇ ਜਦੋਂ ਮੈਨੂੰ ਵਿਦਾ ਕਰਿਆ, ਉਸ ਵੇਲੇ ਇਕ ਬਚਨ ਕਿਹਾ ਸੀ ਕਿ ਬੀਬਾ! ਦੇਖ ਤੇਰਾ ਘਰ ਅੱਗੇ ਤਿਆਰ ਹੈ, ਤੂੰ ਉਸ ਘਰ 'ਚ ਰਹਿਣਾ ਵਸਣਾ ਹੈ, ਸੁਖੀ ਰਹੀਂ, ਦੁਖੀ ਰਹੀਂ ਇਹ ਤੇਰੇ ਕਰਮਾਂ ਦੀ ਖੇਡ ਹੈ। ਆਪੇ ਨਾ ਆਈਂ, ਬਿਨਾਂ ਬੁਲਾਏ ਕਦੇ ਵੀ। ਦੁਖ-ਸੁਖ ਸਭ ਆਪਣੇ ਘਰ ਵਿਚ ਹੀ ਸਹਿ ਲਈਂ। ਸੋ ਪਿਤਾ ਜੀ, ਜੋ ਮੇਰੇ ਪਿਤਾ ਜੀ ਦਾ ਬਚਨ ਹੈ ਮੈਂ ਉਸਨੂੰ ਉਲੱਦ ਨਹੀਂ ਸਕਦੀ। ਜਦੋਂ ਤੱਕ ਮੈਨੂੰ ਉਥੋਂ ਸੁਨੇਹਾ ਨਹੀਂ ਆਉਂਦਾ, ਓਨਾਂ ਚਿਰ ਨਹੀਂ ਮੈਂ ਜਾ ਸਕਦੀ।

ਕਹਿਣ ਲੱਗੇ, ਬੇਟਾ! ਮੈਂ ਵੀ ਤਾਂ ਤੇਰਾ ਕੁਛ ਲਗਦਾ ਹੀ ਹੋਵਾਂਗਾ?

ਕਹਿਣ ਲੱਗੀ, ਤੁਸੀਂ ਵੀ ਮੇਰੇ ਧਰਮ ਦੇ ਪਿਤਾ ਹੋਂ।

ਕਹਿੰਦੇ, ਚੱਲੋ, ਮੇਰੇ ਨਾਲ ਚੱਲੋ। ਮੇਰੀ ਜਾਨ ਨਿਕਲ ਰਹੀ ਹੈ, ਮੇਰੀ ਹਾਲਤ ਜੋ ਹੈ ਉਹ ਇਸ ਵੇਲੇ ਇਹੋ ਜਿਹੀ ਹੈ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਬੇਟਾ! ਜੇ ਕੋਈ ਗਲਤੀ ਹੋ ਗਈ, ਤੇਰੇ ਪਿਤਾ ਜੀ ਦੇ ਚਰਨਾਂ 'ਤੇ ਸੀਸ ਨਿਵਾ ਕੇ ਮੈਂ ਖਿਮਾ ਮੰਗਾਂਗਾ। ਮੈਨੂੰ ਬਚਾ ਲੈ, ਮੇਰੀ ਹਾਲਤ ਓਸ ਮੱਛੀ ਵਰਗੀ ਹੈ, ਜਿਹੜੀ ਪਾਣੀ 'ਚੋਂ ਨਿਕਲ ਕੇ ਤੜਫ ਰਹੀ ਹੈ। ਕ੍ਰਿਪਾ ਕਰ।

ਉਸ ਵੇਲੇ ਮਾਤਾ ਵੀ ਨਿਕਲ ਆਈ, ਸੱਸ ਉਨ੍ਹਾਂ ਦੀ। ਕਹਿਣ ਲੱਗੀ, ਬੇਟੀ ਅਮਰੋ! ਇਹ ਤਾਂ ਤਿੰਨ ਦਿਨ ਦੇ ਰੋ ਰਹੇ ਨੇ। ਕਿਸੇ ਨੂੰ ਇਨ੍ਹਾਂ ਦੇ ਦੁੱਖ ਦਾ ਪਤਾ ਨਹੀਂ ਲੱਗਿਆ। ਬੇਟਾ! ਸਾਡੇ ਵਲੋਂ ਖੁਸ਼ੀ ਹੈ ਤੇ ਤੂੰ ਜਾਹ ਉਥੇ।

ਉਸ ਵੇਲੇ ਡੋਲੀ ਮੰਗਾ ਲਈ ਗਈ, ਡੋਲੀ ਦੇ ਵਿਚ ਬਿਠਾ ਕੇ, ਬਾਬਾ ਜੀ ਨਾਲ ਤੁਰ ਪਏ। ਖਡੂਰ ਸਾਹਿਬ ਪਹੁੰਚ ਜਾਂਦੇ ਨੇ। ਕਹਿਣ ਲੱਗੀ, ਦੇਖੋ! ਮੇਰੇ ਪਿਤਾ ਜੀ ਖਬਰੇ ਮੈਨੂੰ ਕੀ ਕਹਿਣ। ਤੁਹਾਨੂੰ ਦੁਖ ਹੋਏਗਾ ਤੇ ਦੂਸਰਾ ਉਹ ਕਿਸ ਭਾਵ ਦੇ ਵਿਚ ਨੇ, ਸਮਾਂ ਪਏ 'ਤੇ ਮੈਂ ਤੁਹਾਨੂੰ ਬੁਲਾ ਲਵਾਂਗੀ। ਤੁਸੀਂ ਇਥੇ ਬੈਠੋ।

ਬੜੀ ਸਿਆਣੀ ਗੱਲ ਸੀ, ਸਿਆਣੀ ਲੜਕੀ ਸੀ ਕਿ ਪਤਾ ਨਹੀਂ ਕੀ ਮਹਿਸੂਸ ਕਰਨ। ਸੋ ਉਸ ਵੇਲੇ ਆਪ ਚਲੇ ਜਾਂਦੇ ਨੇ ਜਾ ਕੇ ਜਿਸ ਵਕਤ ਮਹਾਰਾਜ ਜੀ ਦੇ ਸਾਮ੍ਹਣੇ ਹੋਈ, ਬੜੇ ਪਿਆਰ ਦੇ ਨਾਲ ਆਪ ਨੇ ਨਮਸ਼ਕਾਰ ਕਰੀ। ਉਨ੍ਹਾਂ ਨੇ ਪਹਿਲਾ ਹੀ ਸਵਾਲ ਕਰਿਆ ਬੀਬਾ! ਬਿਨ ਬੁਲਾਏ ਕਿਉਂ ਆ ਗਏ ਤੁਸੀਂ। ਸਾਡਾ ਤਾਂ ਬਚਨ ਸੀ ਕਿ ਬਿਨ ਬੁਲਾਏ ਤੁਸੀਂ ਆਉਣਾ ਨਹੀਂ। ਨਾਲ ਹੀ ਕਹਿਣ ਲੱਗੇ ਕਿ ਜੇ ਤੁਸੀਂ ਆ ਗਏ ਸੀ ਤਾਂ ਜਿਨ੍ਹਾਂ ਨੂੰ ਨਾਲ ਲੈ ਕੇ ਆਏ ਓਂ ਉਨ੍ਹਾਂ ਨੂੰ ਬਾਹਰ ਕਿਉਂ ਬਿਠਾ ਆਏ? ਜਾਓ ਲੈ ਕੇ ਆਓ ਉਨ੍ਹਾਂ ਨੂੰ।

ਉਸ ਵੇਲੇ ਬੀਬੀ ਅਮਰੋ ਜਾਂਦੀ ਹੈ, ਜਾ ਕੇ ਬਾਬਾ ਜੀ ਨੂੰ ਲਿਆਉਂਦੀ ਹੈ, ਉਹ ਜਿਸ ਵਕਤ ਅੰਦਰ ਦਾਖਲ ਹੁੰਦੇ ਨੇ ਕਮਰੇ ਦੇ, ਤਾਂ ਗੁਰੂ ਮਹਾਰਾਜ ਨੇ ਕਿਹਾ ਇਸ ਵੇਲੇ ਸਾਕ-ਸਬੰਧੀਆਂ ਦੇ ਹਿਸਾਬ ਨਾਲ ਕੁੜਮ ਆ ਰਹੇ ਨੇ, ਚਲੋ ਦੁਨੀਆਂਦਾਰੀ ਦੇ ਹਿਸਾਬ ਨਾਲ ਮੈਂ ਉਠ ਕੇ ਮਿਲਾਂ ਇਨ੍ਹਾਂ ਨੂੰ। ਕਿਉਂਕਿ ਰਿਸ਼ਤੇਦਾਰ, ਭਾਈ, ਭਰਾਵਾਂ ਦੇ ਮਨ ਵਿਚ ਹੁੰਦਾ ਹੈ ਕਿ ਸਾਡਾ ਹੀ ਹੈ ਇਹ। ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਅੰਦਰਲੀ ਗੱਲ ਦਾ ਕਿ ਇਹ ਕਿੱਥੇ ਕੁ ਹੈ, ਕਿੱਡਾ ਕੁ ਉੱਚਾ ਹੈ, ਉਹ ਆਪਣੀ ਰਿਸ਼ਤੇਦਾਰੀ ਦੇ ਗਜ਼ ਨਾਲ ਨਾਪਦੇ ਨੇ। ਸੋ ਉਸ ਵੇਲੇ ਜਿਸ ਵਕਤ ਮਹਾਰਾਜ ਜੀ ਉਠਣ ਲੱਗੇ, ਦੌੜ ਕੇ ਆਪ ਨੇ ਜਾ ਕੇ ਚਰਨ ਫੜ ਲਏ ਪਾਤਸ਼ਾਹ! ਮੈਂ ਰਿਸ਼ਤੇਦਾਰ ਬਣ ਕੇ ਨਹੀਂ ਆਇਆ, ਮੈਂ ਮੰਗਤਾ ਬਣ ਕੇ ਆਇਆ ਹਾਂ, ਮੈਂ ਪਿਆਸਾ ਹਾਂ ਖੂਹ ਦੇ ਕੋਲ ਆਇਆ ਹਾਂ, ਮੈਨੂੰ ਬਚਾ ਲਓ। ਕ੍ਰਿਪਾ ਕਰੋ ਮੇਰੇ ਉਤੇ। ਮੈਂ ਰਿਸ਼ਤੇਦਾਰ ਨਹੀਂ ਹਾਂ ਸੱਚੇ ਪਾਤਸ਼ਾਹ, ਮੈਂ ਕੁਛ ਲੈਣ ਆਇਆ ਹਾਂ ਤੁਹਾਡੇ ਤੋਂ। ਕ੍ਰਿਪਾ ਕਰੋ ਮੇਰੀ ਝੋਲੀ ਦੇ ਵਿਚ ਪਾ ਦਿਓ -

***ਧਾਰਨਾ - ਇਹੋ ਮੇਰੀ ਓ ਬੇਨਤੀ ਗੁਰਾਂ***
***ਮੈਨੂੰ ਮਿਲ ਜਾਵੇ ਨਾਮ ਆਧਾਰਾ।***
***ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥***
***ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥***
***ਅੰਗ - ੭੪੯***

ਪਾਤਸ਼ਾਹ! ਮੈਂ ਕੁੜਮ ਬਣ ਕੇ ਨਹੀਂ ਆਇਆ, ਮੈਂ ਤਾਂ ਤੇਰੇ ਦਰ ਦਾ ਮੰਗਤਾ ਬਣ ਕੇ, ਝੋਲੀ ਲੈ ਕੇ ਤੇਰੇ ਦਰ ਤੇ ਆਇਆ ਹਾਂ, ਕ੍ਰਿਪਾ ਕਰ ਮੈਨੂੰ ਖੈਰ ਪਾ ਦੇ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਬਾਬਾ ਅਮਰਦਾਸ! ਇਹ ਬੜੀ ਕੀਮਤੀ ਚੀਜ਼ ਹੈ 'ਨਾਮ', ਐਨਾ ਸੁਖਾਲਾ ਨਹੀਂ ਮਿਲਿਆ ਕਰਦਾ। ਨਾਮ ਲੈਣ ਵਾਸਤੇ ਜੇ ਤੂੰ ਯਤਨਸ਼ੀਲ ਹੈਂ ਤਾਂ ਬੜੀ ਭਾਰੀ ਕੀਮਤ ਦੇਣੀ ਪਵੇਗੀ। ਐਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਸੀਸ ਤਲੀ 'ਤੇ ਧਰਨਾ ਪੈਂਦਾ***
***ਔਖੀ ਖੇਡ ਪ੍ਰੇਮ ਦੀ।***
***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - ੧੧੦੨***

ਬਾਬਾ ਅਮਰਦਾਸ! ਇਹਦੇ 'ਚ ਤਾਂ ਆਪ ਮਰਨਾ ਪੈਂਦਾ ਹੈ, ਆਪੇ ਵੱਟੇ ਨਾਮ ਮਿਲਦਾ ਹੈ।

***ਆਪੁ ਗਵਾਈਐ ਤਾ ਸਹੁ ਪਾਈਐ***
***ਅਉਰੁ ਕੈਸੀ ਚਤੁਰਾਈ ॥ ਅੰਗ - ੭੨੨***

ਮੈਂ ਰਿਸ਼ਤੇਦਾਰ ਹਾਂ, ਮੈਂ ਕੁੜਮ ਹਾਂ, ਮੇਰੇ ਨਾਲ ਇਹਦੀ ਲੜਕੀ ਵਿਆਹੀ ਹੋਈ ਹੈ, ਆਹ ਗੱਲਾਂ ਨਹੀਂ ਚਲਣੀਆਂ ਭਾਈ। ਕਿਉਂਕਿ ਤੂੰ ਸੌਦਾ ਮੰਗਦਾ ਹੈਂ ਜਿਹੜਾ ਹੱਦ ਤੋਂ ਜ਼ਿਆਦਾ ਕੀਮਤੀ ਹੈ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - ੮੧***

ਪਹਿਲਾਂ ਤਿਆਰ ਹੋ ਉਹਦੇ ਵਾਸਤੇ, ਪਹਿਲਾਂ ਗੁਣ ਹੋਣੇ ਚਾਹੀਦੇ ਨੇ। ਜਦੋਂ ਤਕ ਗੁਣ ਨਹੀਂ ਹਨ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲੑ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਅੰਗ - ੧੩੬੫***

ਚਾਰ ਵਾਰੀ ਲਿਖ ਦਿਤਾ ਕਿ ਇਹ ਤਾਂ ਔਖੀ ਚੀਜ਼ ਹੈ, ਸੁਖਾਲੀ ਚੀਜ਼ ਨਹੀਂ ਹੈ, ਜਿਹਨੇ ਇਸ ਜੀਵ ਨੂੰ ਪ੍ਰਮੇਸ਼ਰ ਬਣਾ ਦੇਣਾ ਹੈ, ਕੁੱਲ ਦੁਨੀਆਂ ਦਾ ਮਾਲਕ ਬਣਾ ਦੇਣਾ ਹੈ, ਕਿਤੇ ਉਹ ਛੋਟੀ ਜਿਹੀ ਚੀਜ਼ ਹੈ, ਮੰਗਣ ਵਾਸਤੇ ਜਾਂਦਾ ਹੈ ਉਹ ਤਾਂ ਮਰਨਾ ਪੈਂਦਾ ਹੈ। ਜਦੋਂ ਤੱਕ ਮੈਂ ਹੈ ਇਹਦੇ ਵਿਚ ਤਦ ਤਕ ਨਹੀਂ ਮਿਲਦਾ, ਮੈਂ ਨੂੰ ਖਤਮ ਕਰਨਾ ਪੈਂਦਾ ਹੈ। ਕਈ ਪ੍ਰੇਮੀ ਸਰੀਰ ਨੂੰ ਖਤਮ ਕਰਨਾ ਕਹਿੰਦੇ ਨੇ। ਮਹਾਰਾਜ ਸਰੀਰ ਨਹੀਂ ਕਿਸੇ ਦਾ ਵੀ ਖਤਮ ਕਰਾਉਂਦੇ, ਕਹਿੰਦੇ, ਮੈਂ ਖਤਮ ਕਰੋ। ਜਿਹੜਾ ਤੇਰੇ ਅੰਦਰ ਮੈਂ ਭਾਵ ਹੈ ਇਹਨੂੰ ਖਤਮ ਕਰ। ਪਹਿਲਾਂ ਕਬੂਲ ਹੈ ਤਾਂ, ਤਾਂ ਤੈਨੂੰ 'ਨਾਮ' ਦੀ ਦਾਤ ਮਿਲ ਜਾਏਗੀ। ਜੇ ਤੂੰ ਜੀਉਂਦਾ ਰਹਿਣਾ ਹੈ, ਫੇਰ ਇਹ ਜੀਉਂਦਿਆਂ ਦਾ ਕੰਮ ਨਹੀਂ ਇਹ ਤਾਂ ਮਰਿਆਂ ਹੋਇਆਂ ਦਾ ਹੈ। ਗੁਰੂ ਕੋਲ ਮਰ ਕੇ ਆਵੇ। ਮੈਂ ਨੂੰ ਮਾਰ ਕੇ ਆਵੇ ਫੇਰ ਨਾਮ ਦੀ ਦਾਤ ਮਿਲਦੀ ਹੈ।

ਬਾਬਾ ਅਮਰਦਾਸ! ਇਹ ਜੇ ਚਲਦਾ ਹੈ ਤਾਂ ਮੈਂ ਤੈਨੂੰ

ਦੱਸਾਂ ਕਿ ਪਹਿਲੀ ਗੱਲ ਪ੍ਰਤੀਤ ਦੀ ਹੁੰਦੀ ਹੈ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ - ੨੮੩*

ਗੁਰੂ ਅੰਗਦ ਸਾਹਿਬ ਮਹਾਰਾਜ ਜੀ, ਸਾਰੀ ਸੰਗਤ ਬੈਠੀ ਹੈ, ਕਹਿੰਦੇ ਕਿਉਂ ਭਾਈ ਬਾਲਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਨੌਆਂ ਖੰਡਾਂ, ਸਾਰਿਆਂ ਦੀਪਾਂ ਦੇ ਅੰਦਰ ਗਏ, ਜਿੱਥੇ ਤੱਕ ਧਰਤੀ ਸੀ ਉਥੇ ਤੱਕ ਫਿਰੇ। ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ? ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਬਹੁਤ ਉਚ ਕੋਟੀ ਦੇ ਸੰਤ ਸੀਗੇ। ਮਹਾਰਾਜ ਕਹਿੰਦੇ, ਤੂੰ ਸੰਤ ਹੋਇਆ ਭਾਈ।

ਬਾਬਾ ਬੁੱਢਾ ਜੀ, ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਕਹਿਣ ਲੱਗੇ, ਸੱਚੇ ਪਾਤਸ਼ਾਹ! ਗੁਰੂ ਨਾਨਕ ਪਾਤਸ਼ਾਹ ਤਾਂ ਪੂਰਨ ਬ੍ਰਹਮਗਿਆਨੀ ਸੀਗੇ। ਕਹਿੰਦੇ, ਭਾਈ ਤੂੰ ਬ੍ਰਹਮਗਿਆਨੀ ਹੋਇਆ।

ਭਾਈ ਭਗੀਰਥ ਜੀ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਕਹਿੰਦੇ ਜੀ, ਉਹ ਤਾਂ ਜੀ ਰੱਬ ਵਰਗੇ ਹੀ ਸੀ।

ਕਹਿੰਦੇ ਹੱਛਾ।

ਸਾਰਿਆਂ ਨੇ ਪੁੱਛਿਆ ਕਿ ਸੱਚੇ ਪਾਤਸ਼ਾਹ! ਆਪ ਵੀ ਦੱਸੋ ਨਾ ਕਿ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਤਾਂ ਕਿ ਸਾਨੂੰ ਮੱਤ ਆਵੇ।

ਉਸ ਵੇਲੇ ਮਹਾਰਾਜ ਜੀ ਚੁੱਪ ਕਰ ਗਏ, ਬੜਾ ਲੰਮਾ ਹਉਕਾ ਲੈਣ ਤੋਂ ਬਾਅਦ ਨੇਤਰਾਂ ਦੇ ਕੋਇਆਂ 'ਚੋਂ ਦੋ ਜਲ ਦੇ ਕਤਰੇ ਚੱਲ ਪਏ। ਉਸ ਵਕਤ ਆਪ ਨੇ ਇਸ ਭਾਵ ਦਾ ਬਚਨ ਕੀਤਾ -

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ***
***ਨਾਨਕ ਭੇਦ ਨ ਭਾਈ।***

ਕਹਿਣ ਲੱਗੇ, ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ! -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ - ੧੩੯੫*

ਉਹ ਤਾਂ ਆਪ ਪਾਤਸ਼ਾਹ ਸੀ ਗੁਰੂ ਜੋਤੀ। ਆਪ ਹੀ ਆਏ ਸਨ। ਸਾਰਿਆਂ ਨੇ ਨਮਸ਼ਕਾਰ ਕਰ ਦਿਤੀ ਕਿਉਂਕਿ ਚਾਰ ਨਿਸ਼ਚੇ ਹੁੰਦੇ ਨੇ, ਗੁਰੂ ਬਾਰੇ।

ਪਹਿਲਾ ਹੁੰਦਾ ਹੈ ਕਿ ਮੇਰਾ ਗੁਰੂ ਬਹੁਤ ਉਚਾ ਸੰਤ ਹੈ।

ਦੂਜਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ।

ਤੀਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਰੱਬ ਵਰਗਾ ਹੈ।

ਚੌਥਾ ਹੋਇਆ ਕਰਦਾ ਹੈ ਕਿ ਮੇਰਾ ਤਾਂ ਗੁਰੂ ਆਪ ਹੀ ਪ੍ਰਮੇਸ਼ਰ ਹੈ।

ਸੋ ਜਦੋਂ ਤੱਕ ਇਹ ਪ੍ਰਤੀਤ ਨਹੀਂ ਨਾ ਆਉਂਦੀ, ਗੁਰੂ ਤੇ ਪ੍ਰਮੇਸ਼ਰ ਦੇ ਵਿਚ ਭੇਦ ਸਮਝਦਾ ਹੈ, ਨਹੀਂ ਜਗਿਆਸੂ ਤਰਿਆ ਕਰਦਾ। ਗੁਰੂ ਤੇ ਪ੍ਰਮੇਸ਼ਰ ਇਕੋ ਹੀ ਨੇ, ਦੋ ਨਹੀਂ ਹਨ। ਉਹ ਸਾਕਾਰ ਰੂਪ ਹੈ ਉਹਦਾ, ਉਹ ਨਿਰਾਕਾਰ ਹੈ।

ਦੂਸਰਾ ਭਾਈ ਪ੍ਰੇਮੀਆਂ! ਪ੍ਰਮੇਸ਼ਰ ਤੇ ਭਰੋਸਾ। ਕਿਹੋ ਜਿਹਾ ਭਰੋਸਾ ਹੋਣਾ ਚਾਹੀਦਾ ਹੈ ਪ੍ਰਮੇਸ਼ਰ 'ਤੇ? ਅਸੀਂ ਕਹਿੰਦੇ ਹਾਂ ਕਿ ਸਾਰੇ ਵਾਹਿਗੁਰੂ ਹੈ, ਅਸੀਂ ਸਭ ਮੰਨਦੇ ਹਾਂ ਰੱਬ ਨੂੰ। ਮਹਾਰਾਜ ਕਹਿੰਦੇ ਨਹੀਂ ਮੰਨਦੇ, ਜੇ ਤੁਸੀਂ ਮੰਨਦੇ ਹੋਵੋਂ ਨਾ ਤਾਂ ਕੋਈ ਦੁੱਖ ਨਾ ਹੋਵੇ। ਕੋਈ ਤੋਟਾ ਨਾ ਹੋਵੇ, ਕੋਈ ਘਾਟਾ ਨਾ ਹੋਵੇ। ਕੋਈ ਸ਼ਿਕਵਾ ਨਾ ਹੋਵੇ, ਕੋਈ ਹੌਲ ਨਾ ਪਵੇ, ਨਾ ਝੁੰਜਲਾਹਟ ਹੋਵੇ। ਜੋ ਪ੍ਰਮੇਸ਼ਰ ਹੈ ਪਹਿਲਾਂ ਉਸ ਉਤੇ ਨਿਹਚਾ ਲਿਆਓ ਕਿ ਵਾਹਿਗੁਰੂ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਅੰਗ - ੬੭੭*

ਇਹ ਤੁਕ ਮੈਂ ਬੋਲੀ ਹੈ ਇਹਦੇ ਉਤੇ ਕੋਸ਼ਿਸ਼ ਕਰੋ ਕਿ ਇਸ ਗੱਲ ਉਤੇ ਭਰੋਸਾ ਲਿਆਉਣਾ ਹੈ। ਜਿਧਰ ਮੈਂ ਦੇਖਦਾ ਹਾਂ, ਉਹ ਹਾਜ਼ਰ ਹੈ। ਕਹਿੰਦੇ, ਦੂਰ ਨਹੀਂ ਓਹ ਜਾਂਦਾ -

*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਅੰਗ - ੬੭੭*

ਉਹ ਸਾਰਿਆਂ ਦੇ ਅੰਦਰ ਰਵਿਆ ਹੋਇਆ ਹੈ, ਉਹਦਾ ਧਿਆਨ ਕਰ।

ਇਕ ਵਾਰੀ ਇਕ ਮਹਾਤਮਾ, ਦੋ ਚੇਲੇ ਸੀ ਉਹਦੇ, ਇਕ ਤਾਂ ਬਹੁਤ ਗੱਲਾਂਬਾਤਾਂ 'ਚ ਹੁਸ਼ਿਆਰ ਸੀ, ਇਕ ਵਿਚਾਰਾ ਸੇਵਾ ਕਰਦਾ ਹੁੰਦਾ। ਮਹਾਤਮਾ ਦੀ ਨਿਗ੍ਹਾ 'ਚ ਸੀ ਉਹ ਜਿਹੜਾ ਥੋੜ੍ਹਾ ਬੋਲਦਾ ਸੀ, ਉਹ ਸੀ। ਜਿਹੜਾ ਗੱਲਾਂਬਾਤਾਂ ਵਾਲਾ ਸੀ ਕਹਿੰਦੇ ਇਹ ਨਹੀਂ ਜਗਿਆਸੂਆਂ ਨੂੰ ਤਾਰ ਸਕਦਾ, ਇਹ ਬਾਤਾਂ -ਚੀਤਾਂ ਦਾ ਹੀ ਖਾਂਦਾ ਹੈ। ਉਸ ਵੇਲੇ ਸੰਗਤ ਬੁਲਾ ਲਈ ਕਹਿਣ ਲੱਗੇ ਭਾਈ ਪ੍ਰੇਮੀਓ! ਅਸੀਂ ਸਰੀਰ ਛੱਡਣਾ ਹੈ ਤੇ ਆਹ ਦੋ ਮੁਖੀ ਚੇਲੇ ਨੇ ਸਾਡੇ, ਤੁਸੀਂ ਸਾਰੇ ਵੀ ਇਨ੍ਹਾਂ ਦੇ ਬਾਰੇ ਕਹਿੰਦੇ ਰਹਿੰਦੇ ਓਂ। ਆਓ, ਅੱਜ ਆਪਾਂ ਇਨ੍ਹਾਂ ਨੂੰ ਪ੍ਰਤਿਆ ਕੇ ਦੇਖਦੇ।

ਕਹਿੰਦੇ, ਸੁਣੋ ਬਈ ਭਾਈਓ! ਮੈਂ ਗੱਦੀ ਦੇਣੀ ਹੈ ਆਪਣੀ, ਪਰ ਉਹਨੂੰ ਦੇਣੀ ਹੈ ਜਿਹੜਾ ਆਹ ਦੋ ਕਬੂਤਰ ਨੇ, ਕਬੂਤਰ ਦਾ ਗਲ ਘੁੱਟ ਕੇ ਛੇਤੀ ਤੋਂ ਛੇਤੀ ਲਿਆਵੇ, ਸ਼ਰਤ ਇਹ ਹੈ ਕਿ ਉਥੇ ਦੇਖਣ ਵਾਲਾ ਕੋਈ ਨਾ ਹੋਵੇ। ਜਿਹੜਾ ਗੱਲਾਬਾਤਾਂ ਕਰਦਾ ਸੀ ਉਹਨੇ ਇਕ ਦਮ ਹੱਥ ਕੱਢ ਲਏ ਕਿ ਹੁਣੇ ਫੜ ਕੇ ਨੱਠ ਚੱਲੀਏ, ਹੁਣੇ ਲੈ ਆਉਂਦੇ ਹਾਂ। ਕੋਠੇ ਦੇ ਪਿੱਛੇ ਕਿਹੜਾ ਕੋਈ ਦੇਖਦਾ ਹੈ, ਉਹਦੇ ਪਿਛੇ ਗੰਨੇ ਦਾ ਖੇਤ ਹੈ, ਉਥੇ ਦੇਖਣ ਵਾਲਾ ਹੀ ਨਹੀਂ ਕੋਈ। ਕਹਿੰਦਾ

ਸਕਿੰਟ ਦੀ ਗੱਲ ਹੈ, ਬੱਸ ਪੈਰਾਂ ਦੀ ਚਲਾਕੀ ਚਾਹੀਦੀ ਹੈ। ਉਹ ਤਾਂ ਰੈਲੀ ਰੇਸ ਵਾਂਗਣ ਤਿਆਰ ਹੋ ਗਿਆ। ਦੂਜਾ ਜਿਹੜਾ ਸੀ ਉਸਨੂੰ ਮਹਾਤਮਾ ਨੇ ਕਿਹਾ ਕਿ ਤੂੰ ਵੀ ਚੁੱਕ ਲੈ, ਉਹ ਅਜੇ ਉਥੇ ਹੀ ਖੜ੍ਹਾ ਹੈ ਇਸਨੇ ਜਾ ਕੇ, ਮਾਰ ਕੇ ਲਿਆ ਕੇ ਸਿੱਟ ਵੀ ਦਿਤਾ। ਕਹਿੰਦਾ, ਲਓ ਮਹਾਰਾਜ! ਜਿਹੜਾ ਦੂਸਰਾ ਸੀ ਉਹ ਸਾਰਾ ਹੀ ਦਿਨ ਨਾ ਆਇਆ। ਸ਼ਾਮ ਨੂੰ ਜਦੋਂ ਆਇਆ ਤਾਂ ਜੀਉਂਦਾ ਹੀ ਕਬੂਤਰ ਮਹਾਤਮਾ ਨੂੰ ਦੇ ਦਿਤਾ।

ਕਹਿੰਦੇ, ਕਿਉਂ ਬਈ ਪ੍ਰੇਮੀਆ! ਹੁਣ ਮੇਰੀ ਸ਼ਰਤ ਦੇ ਮੁਤਾਬਿਕ ਤਾਂ ਫੇਰ ਜਿਹੜਾ ਮਾਰ ਲਿਆਇਆ ਪਹਿਲਾਂ ਉਹ ਹੀ ਬੈਠਿਆ ਨਾ ਸਾਡੀ ਗੱਦੀ ’ਤੇ? ਪਰ ਪ੍ਰੇਮੀਆ! ਤੂੰ ਕਿਉਂ ਨਹੀਂ ਮਾਰ ਕੇ ਲਿਆਇਆ, ਕਹਿੰਦਾ, ਮਹਾਰਾਜ! ਮੈਂ ਕੋਠੇ ਦੇ ਪਿਛੇ ਗਿਆ ਸੀ, ਗੰਨੇ ਦੇ ਵਿਚ ਮੈਂ ਵੜਿਆ, ਉਥੇ ਟਿੱਡੀਆਂ ਦੇਖਦੀਆਂ ਸੀ, ਉਪਰ ਛਾਲਾਂ ਮਾਰਦੀਆਂ ਸੀ। ਫੇਰ ਮੈਂ ਪਰ੍ਹੇ ਜੰਗਲ ’ਚ ਚਲਿਆ ਗਿਆ, ਉਥੇ ਜਦੋਂ ਮੈਂ ਆਲਾ-ਦੁਆਲਾ ਦੇਖਦਾ ਹਾਂ, ਉਥੇ ਚਿੜੀਆਂ-ਗਟਾਰਾਂ ਬੈਠੀਆਂ ਨੇ, ਕਾਂ ਬੈਠੇ ਨੇ ਉਹ ਸਾਰੇ ਹੀ ਮੇਰੇ ਵਲ ਦੇਖਦੇ ਸੀ। ਫੇਰ ਮਹਾਰਾਜ! ਮੈਂ ਅੱਗੇ ਚਲਿਆ ਗਿਆ ਬੜੇ ਡੂੰਘੇ ਟੋਇਆਂ ਵਿਚ। ਉਥੇ ਮੈਂ ਸੋਚਿਆ ਕਿ ਇਥੇ ਨਹੀਂ ਕਿਸੇ ਨੇ ਦੇਖਣਾ, ਪਰ ਉਥੇ ਮੈਂ ਇਹਦੇ ਵਲ ਦੇਖਦਾ ਸੀ ਤੇ ਇਹ ਮੇਰੇ ਵਲ ਦੇਖਦਾ ਸੀ। ਤੁਸੀਂ ਕਿਹਾ ਸੀ ਕਿ ਉਥੇ ਮਾਰੀਂ ਜਿਥੇ ਕੋਈ ਦੇਖਣ ਵਾਲਾ ਨਾ ਹੋਵੇ। ਫੇਰ ਮਹਾਰਾਜ ਮੈਂ ਆਪਣੀਆਂ ਅੱਖਾਂ ’ਤੇ ਪੱਟੀ ਬੰਨ੍ਹ ਕੇ ਜਦੋਂ ਦੇਖਿਆ ਕਿ ਹੁਣ ਕੋਈ ਦੇਖਦਾ ਤਾਂ ਨਹੀਂ ਹੈ। ਫੇਰ ਮੈਨੂੰ ਤੁਹਾਡਾ ਬਚਨ ਯਾਦ ਆ ਗਿਆ।

***ਧਾਰਨਾ - ਪੇਖਤ ਸੁਨਤ ਸਦਾ ਸੰਗੇ***
***ਮੈਂ ਮੂਰਖ ਜਾਨਿਆ ਦੂਰੀ ਰੇ।***

ਮੈਨੂੰ ਤੁਹਾਡਾ ਬਚਨ ਯਾਦ ਆ ਗਿਆ ਕਿ -

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ ॥ ਅੰਗ - ੬੧੨***

ਉਹ ਤਾਂ ਕਦੇ ਦੂਰ ਹੁੰਦਾ ਹੀ ਨਹੀਂ ਹੈ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥***
***ਅੰਗ - ੬੭੭***

ਕਹਿੰਦਾ, ਮਹਾਰਾਜ ਫੇਰ ਉਹ ਤਾਂ ਜਾਂਦਾ ਹੀ ਨਹੀਂ ਕਿਤੇ। ਜਦੋਂ ਮੈਂ ਆਪਣੀਆਂ ਅੱਖਾਂ ’ਤੇ ਪੱਟੀ ਬੰਨ੍ਹ ਲਈ ਤੇ ਫੇਰ ਮੈਂ ਵਿਚਾਰ ਕਰੀ ਕਿ ਹੁਣ ਤਾਂ ਨਹੀਂ ਕੋਈ ਦੇਖਦਾ। ਫੇਰ ਤੁਹਾਡਾ ਬਚਨ ਆ ਗਿਆ ਕਿ ਵਾਹਿਗੁਰੂ ਤਾਂ ਕੋਈ ਥਾਂ ਨਹੀਂ ਜਿਥੇ ਨਹੀਂ ਦੇਖਦਾ। ਉਹ ਤਾਂ ਹਰ ਥਾਂ ਦੇ ਉਤੇ ਦੇਖਦਾ ਹੈ, ਕੋਈ ਥਾਂ ਐਸਾ ਨਹੀਂ।

ਫੇਰ ਮਹਾਰਾਜ! ਮੈਂ ਦੁਨੀਆਂ ’ਚ ਕਿੱਥੇ ਥਾਂ ਭਾਲਦਾ ਜਿਥੇ ਕੋਈ ਨਾ ਦੇਖਦਾ। ਇਸ ਕਰਕੇ ਮੈਨੂੰ ਥਾਉਂ ਲੱਭੀ ਨਹੀਂ, ਆਹ ਫੜੋ ਆਪਣਾ ਕਬੂਤਰ।

ਸੰਤਾਂ ਨੇ ਕਿਹਾ ਕਿ ਕਿਉਂ ਸਾਧਸੰਗਤ ਜੀ! ਹੁਣ ਤੁਸੀਂ ਫੈਸਲਾ ਕਰੋ। ਆਹ ਪ੍ਰੇਮੀ ਦੇ ਤਾਂ ਨੇਤਰ ਬੰਦ ਨੇ, ਅੰਨ੍ਹਾ ਹੈ ਇਹ, ਇਹਨੂੰ ਨਹੀਂ ਪਤਾ ਕਿ ਵਾਹਿਗੁਰੂ ਨਾਲ ਹੈ। ਆਹ ਪ੍ਰੇਮੀ ਦੇ ਨੇਤਰ ਖੁਲ੍ਹੇ ਨੇ ਇਹਨੂੰ ਪ੍ਰਮੇਸ਼ਰ ਹਰ ਥਾਂ ਦੇ ਉਤੇ ਨਜ਼ਰ ਆਉਂਦਾ ਹੈ। ਸੋ ਉਹ ਪ੍ਰਵਾਨ ਹੋ ਗਿਆ ਕਿਉਂਕਿ ਉਸਦਾ ਨਿਸ਼ਚਾ ਵਾਹਿਗੁਰੂ ’ਤੇ ਸੀ।

ਸੋ ਅੰਗਦ ਪਾਤਸ਼ਾਹ ਕਹਿਣ ਲੱਗੇ, ਬਾਬਾ ਅਮਰਦਾਸ! ਇਹ ਵਿਸ਼ਵਾਸ਼ ਗੁਰੂ ਤੇ ਹੋਣਾ ਚਾਹੀਦਾ ਹੈ ਕਿ ਹਰ ਵਕਤ ਅੰਦਰ ਬਾਹਰ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥***
***ਜੈਸੀ ਆਗਿਆ ਤੈਸਾ ਕਰਮੁ ॥***
***ਪਉਣ ਪਾਣੀ ਬੈਸੰਤਰ ਮਾਹਿ ॥***
***ਚਾਰਿ ਕੁੰਟ ਦਹ ਦਿਸੇ ਸਮਾਹਿ ॥***
***ਤਿਸ ਤੇ ਭਿੰਨ ਨਹੀ ਕੋ ਠਾਉ ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੪***

ਉਸ ਤੋਂ ਤਾਂ ਭਿੰਨ ਹੈ ਹੀ ਨਹੀਂ ਜਗ੍ਹਾ। ਐਨਾ ਨਿਹਚਾ ਹੋਵੇ, ਤਾਂ ਪਿਆਰਿਆ, ਨਾਮ ਚੱਲਿਆ ਕਰਦਾ ਹੈ। ਫੇਰ ਆਦਮੀ ਨੂੰ ਪਤਾ ਹੈ ਕਿ ਮੈਨੂੰ ਵਾਹਿਗੁਰੂ ਦੇਖਦਾ ਹੈ, ਮੈਂ ਐਵੇਂ ਹੀ ਵਾਹਿਗੁਰੂ-ਵਾਹਿਗੁਰੂ ਕਰਦਾ ਹਾਂ, ਤੇ ਵਾਹਿਗੁਰੂ ਜੀ ਤਾਂ ਮੈਨੂੰ ਦੇਖ ਰਹੇ ਨੇ ਕਿ ਇਹ ਤਾਂ ਨੱਠਿਆ ਫਿਰਦਾ ਹੈ। ਜੀਭ ਇਹਦੀ ਹਿਲਦੀ ਹੈ ਜਿਹਨੇ ਨਾਮ ਜਪਣਾ ਹੈ ਉਹ ਤਾਂ ਦੌੜਿਆ ਫਿਰਦਾ ਹੈ, ਛਲਾਗਾਂ ਲਾਉਂਦਾ ਫਿਰਦਾ ਹੈ। ਕਦੇ ਇਧਰ ਕਦੇ ਉਧਰ। ਸੋ ਇਹ ਨਿਹਚਾ ਹੋਣਾ ਚਾਹੀਦਾ ਹੈ।

ਤੀਸਰਾ ਹੈ ਮੰਤਰ ’ਤੇ ਨਿਹਚਾ। ਚੌਥਾ ਹੈ ਦੁਖ ਵਿਚ ਸਮ ਰਹਿਣਾ। ਦੁਖ ਆ ਜਾਏ ਚਾਹੇ ਸੁਖ ਆ ਜਾਏ। ਧਰਮ ਦਾ ਧਾਰਨੀ ਹੋਣਾ, ਦੱਸ ਗੁਣ ਹੁੰਦੇ ਨੇ ਧਰਮ ਦੇ। ਦੱਸ ਹੀ ਗੁਣ ਧਾਰਨ ਕਰਨੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਬੜੇ ਵਿਸਥਾਰ ਦੇ ਨਾਲ ਦੱਸ ਰਹੇ ਨੇ, ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਬੰਦਗੀ ਕਰਨ ਵਾਲੇ, ਨਾਮ ਜਪਣ ਵਾਲੇ ਖਾਸ ਧਿਆਨ ਦੇ ਕੇ ਇਹ ਬਚਨ ਸੁਣ ਲੈਣ ਕਿਉਂਕਿ ਉਨ੍ਹਾਂ ਨੂੰ ਬੜੀ ਹੀ ਸ਼ਿਕਾਇਤ ਰਹਿੰਦੀ ਹੈ ਕਿ ਜੀ ਬਾਣੀ ’ਚ ਮਨ ਨਹੀਂ ਲਗਦਾ, ਨਾਮ ਜਪ ਹੀ ਨਹੀਂ ਹੁੰਦਾ। ਰਸ ਨਹੀਂ ਆਉਂਦਾ। ਰਸ ਕਿਉ ਨਹੀਂ ਆਉਂਦਾ ਕਿਉਂਕਿ ਰਹਿਤਾਂ ਨਹੀਂ ਰਖਦਾ। ਇਹ ਬਾਹਰਲੀਆਂ ਰਹਿਤਾਂ ਨੇ ਕੁਛ ਨਹੀਂ ਕਰਨਾ, ਅੰਦਰਲੀ ਰਹਿਤ ਬੜੀ ਜ਼ਰੂਰੀ ਹੈ ਨਾਮ ਜਪਣ ਵਾਸਤੇ। ਜਦੋਂ ਅਸੀਂ ਅੰਦਰਲੀ ਰਹਿਤ ਨਹੀਂ ਰਖਦੇ, ਸਾਡੀ ਪ੍ਰਮੇਸ਼ਰ ਨਾਲ ਬਣ ਨਹੀਂ ਆਉਂਦੀ। ਸੋ ਇਹਦੀ ਵਿਚਾਰ ਅਗਲੀ ਵਾਰ ਹੋਏਗੀ।

(*********)

# 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ'

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸੰਨ 1666 ਈਸਵੀ (ਸੰਮਤ 1723 ਬਿਕ੍ਰਮੀ ਪੋਹ ਸੁਦੀ ਸੱਤਵੀਂ) ਦੀ ਸੁਭਾਗੀ ਰਾਤ ਨੂੰ ਸਾਰੇ ਅਕਾਸ਼ ਮੰਡਲ ਵਿਚ ਇਕ ਮਹਾਨ ਪ੍ਰਕਾਸ਼ ਹੋਇਆ ਅਤੇ ਗੁਰੂ ਦਸਮੇਸ਼ ਪਿਤਾ ਜੀ ਸੰਸਾਰ ਦੇ ਕਰਮ ਮੰਡਲ ਉਪਰ ਪ੍ਰਵੇਸ਼ ਹੋਏ। ਉਚੀਆਂ ਉਡਾਰੀਆਂ ਵਾਲੀਆਂ ਰੂਹਾਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਇਕ ਭੀਖਣ ਸ਼ਾਹ ਫਕੀਰ, ਘੁੜਾਮ (ਜ਼ਿਲ੍ਹਾ ਪਟਿਆਲਾ) ਨਿਵਾਸੀ ਨੂੰ ਭੀ ਪ੍ਰਤੱਖ ਰੂਪ ਵਿੱਚ ਇਹ ਮਹਾਨ ਪ੍ਰਕਾਸ਼ ਪਟਨੇ ਵਿਖੇ ਇਕ ਬਾਲ ਸਰੀਰ ਵਿਚ ਪ੍ਰਵੇਸ਼ ਕਰਦਾ ਦਿਸਿਆ; ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆਇਆ ਹੈ। ਹੋਰ ਭੀ ਕਈ ਪੁੱਗੀਆਂ ਹੋਈਆਂ ਰੂਹਾਂ ਨੂੰ ਇਸ ਮਹਾਨ ਪ੍ਰਕਾਸ਼ ਦਾ ਅਨੁਭਵ ਹੋਇਆ। ਇਹ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਇਆ ਕਰਦੀ। ਆਦਮੀ ਦੇ ਅੰਦਰ ਪਰਮੇਸ਼ਰ ਨੇ ਅਜਿਹੀਆਂ ਅਲੌਕਿਕ ਸ਼ਕਤੀਆਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਪੂਰੀ ਤਰ੍ਹਾਂ ਨਾਲ ਗਿਆਨ ਹੋ ਜਾਇਆ ਕਰਦਾ ਹੈ। ਅੱਜ ਪੁੱਗੀ ਹੋਈ ਮਹਾਨ ਆਤਮਾ ਪੀਰ ਭੀਖਣ ਸ਼ਾਹ ਨੂੰ ਭੀ ਪ੍ਰਭੂ ਨੇ ਕਿਰਪਾ ਕਰਕੇ ਵਿਖਾਇਆ। ਇਹ ਪੀਰ ਪਟਨੇ ਵਿੱਚ ਪਹੁੰਚ ਕੇ ਦਰਸ਼ਨ ਕਰਕੇ ਪਰਖਣ ਦਾ ਯਤਨ ਕਰਦਾ ਹੈ ਕਿ ਇਹ ਪੈਗੰਬਰ ਕਿਹੜੇ ਧਰਮ ਨਾਲ ਸਬੰਧ ਰਖੇਗਾ - ਕੀ ਇਹ ਮਹਾਨ ਆਤਮਾ ਹਿੰਦੂਆਂ ਵਾਸਤੇ ਕੰਮ ਕਰੇਗੀ ਜਾਂ ਮੁਸਲਮਾਨਾਂ ਵਾਸਤੇ ਕੁਝ ਕਰੇਗੀ। ਇਸ ਫਕੀਰ ਨੇ ਪਟਨੇ ਪਹੁੰਚ ਕੇ ਦਰਸ਼ਨ ਕੀਤੇ। ਪਹਿਲਾਂ ਪਲੰਘ ਦੇ ਨੇੜੇ ਜਾ ਕੇ ਗੋਡੇ ਟੇਕ ਕੇ ਸਿਜਦਾ ਕੀਤਾ। ਇਸ ਦੇ ਨੈਣ ਪਾਣੀ ਨਾਲ ਤਰ ਹੋ ਚੁਕੇ ਸਨ। ਸਿੱਜਦਾ ਕਰਨ ਉਪਰੰਤ ਉਸ ਦਾ ਸਿਰ ਉਠਿਆ ਅਤੇ ਦੋਵੇਂ ਹੱਥ ਖੋਲ੍ਹੇ ਅਤੇ ਖੁੱਲ੍ਹੇ ਨੈਣਾਂ ਨੂੰ ਗੁਰੂ ਨੇਤਰਾਂ ਵੱਲ ਜੋੜ ਲਿਆ ਅਤੇ ਅਬੋਲ ਭਾਵਨਾ ਦੀ ਬੋਲੀ ਵਿੱਚ ਪੀਰ ਜੀ ਨੇ ਉਸੇ ਮਹਾਨ ਆਤਮਾ ਅੱਗੇ ਕੀ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਕੋਈ ਨਹੀਂ ਜਾਣ ਸਕਦਾ ਪਰ ਇਹ ਦੇਖਿਆ ਗਿਆ ਕਿ ਪੀਰ ਜੀ ਨੇ ਦੋ ਕੁੱਜੇ ਮਿਠਾਈ ਦੇ ਆਪਣੇ ਮੁਰੀਦਾਂ ਕੋਲੋਂ ਲੈ ਕੇ ਗੁਰੂ ਜੀ ਅੱਗੇ ਪੇਸ਼ ਕੀਤੇ ਜੋ ਗੁਰੂ ਮਹਾਰਾਜ ਜੀ ਦੇ ਦੋਵੇਂ ਪਾਸੇ ਹੱਥਾਂ ਦੇ ਨੇੜੇ ਟਿਕਾਏ। ਗੁਰੂ ਮਹਾਰਾਜ ਜੀ ਨੇ ਆਪਣੇ ਕੋਮਲ ਬਾਲ ਹਸਤ ਕਮਲ ਉਠਾਏ ਅਤੇ ਦੋਹਾਂ ਕੁੱਜਿਆਂ ਉਪਰ ਰੱਖ ਕੇ ਆਪ ਸਿਆਣੇ ਵਿਅਕਤੀਆਂ ਵਾਂਗ ਮੁਸਕਰਾਏ। ਪੀਰ ਜੀ ਨੇ ਭੇਦ ਸਮਝ ਲਿਆ, ਵਿਸਮਾਦ ਵਿੱਚ ਆਇਆ ਅਤੇ 'ਸੁਭਾਨ ਅੱਲਾ, ਸੁਭਾਨ ਅੱਲਾ' ਕਹਿੰਦਾ ਹੋਇਆ ਮੁੜ ਸਿੱਜਦਾ ਕਰਨ ਲੱਗਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਪ੍ਰੀਖਿਆ ਕੀਤੀ ਹੈ, ਹੇ ਵਲੀ ਅੱਲਾ! ਜਿਵੇਂ ਗੁਰੂ ਬਾਬਾ ਨਾਨਕ ਜੀ ਨੇ ਛੋਟੀ ਉਮਰ ਵਿੱਚ ਰਾਏ ਬੁਲਾਰ ਨੂੰ ਚਮਤਕਾਰ ਵਿਖਾ ਕੇ ਮੁਰੀਦ ਬਣਾ ਲਿਆ ਸੀ, ਤਿਵੇਂ ਹੀ ਮੈਨੂੰ ਆਪ ਨੇ ਗਿਆਨ ਕਰਾ ਕੇ ਮੁਰੀਦ ਬਣਾਇਆ ਹੈ, ਮੈਨੂੰ ਮੁਆਫ ਕਰ ਦੇਣਾ। ਇਸ ਤਰ੍ਹਾਂ ਦੇ ਨਾਲ ਪੀਰ ਭੀਖਣ ਸ਼ਾਹ ਨੇ ਪ੍ਰਤੱਖ ਸ਼ਕਤੀ ਵੇਖੀ। ਗੁਰੂ ਦਸਮੇਸ਼ ਪਿਤਾ ਜੀ ਨੇ ਇਸੇ ਹੀ ਘਟਨਾ ਨੂੰ ਸਪਸ਼ਟ ਕਰਦੇ ਹੋਏ ਅਪਣੀ ਰਚਨਾ 'ਅਕਾਲ ਉਸਤਤਿ' ਵਿੱਚ ਇਉਂ ਅੰਕਿਤ ਕੀਤਾ ਹੈ:-

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ***
***ਜੋਗੀ ਭਇਓ***
***ਕੋਊ ਬ੍ਰਹਮਚਾਰੀ ਕੋਈ ਜਤੀਅਨ ਮਾਨਬੋ।।***
***ਹਿੰਦੂ ਔ ਤੁਰਕ ਕੋਊ ਰਾਫਸੀ ਇਮਮਸਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।***
***ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ***
***ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ।।***
***ਏਕ ਹੀ ਕੀ ਸੇਵ ਸਭਹੀ ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।।***

ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਜੋ ਉਪਦੇਸ਼ ਦਿੱਤਾ ਅਤੇ ਸੰਸਾਰ ਨੂੰ ਪੈਗਾਮ ਦਿੱਤਾ, ਉਸ ਰਾਹੀਂ ਆਪ ਜੀ ਨੇ ਫੁਰਮਾਇਆ ਹੈ ਕਿ ਆਦਮੀ ਦੇ ਅੰਦਰ ਇਕੋ ਪਰਮੇਸ਼ਰ ਦੀ ਜੋਤਿ ਪਸਰੀ ਹੋਈ ਹੈ:-

***ਪਾਰਬ੍ਰਹਮ ਕੇ ਸਗਲੇ ਠਾਉ।।***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ।।***
***ਆਪੇ ਕਰਨ ਕਰਾਵਨ ਜੋਗੁ।।***
***ਪ੍ਰਭ ਭਾਵੈ ਸੋਈ ਫੁਨਿ ਹੋਗੁ।।***
***ਪਸਰਿਓ ਆਪਿ ਹੋਇ ਅਨਤ ਤਰੰਗ।।***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।***
***ਜੈਸੀ ਮਤਿ ਦੇਇ ਤੈਸਾ ਪਰਗਾਸ।।***
***ਪਾਰਬ੍ਰਹਮੁ ਕਰਤਾ ਅਬਿਨਾਸ।।***
***ਸਦਾ ਸਦਾ ਸਦਾ ਦਇਆਲ।।***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ।।***

***ਪੰਨਾ - 275***

ਇਸ ਇਲਾਹੀ ਸਿਧਾਂਤ ਨੂੰ ਗੁਰੂ ਮਹਾਰਾਜ ਜੀ ਨੇ ਆਪਣੇ ਜੀਵਨ ਅੰਦਰ ਪ੍ਰਤੱਖ ਰੂਪ ਵਿਚ ਵਰਤੋਂ ਵਿਚ ਲਿਆਂਦਾ। ਆਪ ਨੂੰ ਜਿੰਨਾਂ ਸਤਿਕਾਰ ਦੇਹੁਰੇ ਦਾ ਸੀ, ਓਨਾਂ ਹੀ ਮਸੀਤ ਦਾ ਸੀ। ਆਪ ਪੂਜਾ ਕਰਨ ਵਾਲੇ ਨੂੰ ਭੀ ਸਤਿਕਾਰਦੇ ਸਨ ਅਤੇ ਨਿਮਾਜ਼ ਪੜ੍ਹਨ ਵਾਲੇ ਨੂੰ ਭੀ ਪਿਆਰਦੇ ਸਨ। ਇਨ੍ਹਾਂ ਗੱਲਾਂ ਦਾ ਸਹੀ ਸਰੂਪ ਆਪ ਜੀ ਦੇ ਜੀਵਨ ਵਿੱਚੋਂ ਪ੍ਰਤੱਖ ਭਾਸਦਾ ਹੈ। ਆਪ ਜੀ ਦੇ ਬਚਨ ਹਨ-

***ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ਼ ਓਈ***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।।***
***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ***

*ਨਿਆਰੇ ਨਿਆਰੇ ਦੇਸਨ ਕੇ*
*ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥*
*(ਅਕਾਲ ਉਸਤਤਿ)*

ਆਪ ਜੀ ਦੇ ਜੀਵਨ ਵਿੱਚ ਜੰਗਾਂ ਯੁੱਧਾਂ ਦਾ ਬਹੁਤ ਜ਼ਿਕਰ ਆਉਂਦਾ ਹੈ ਪਰ ਉਨ੍ਹਾਂ ਦੇ ਮੰਤਵ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ ਕਿਉਂਕਿ ਇਹ ਯੁੱਧ ਕਿਸੇ ਰਾਜਸੀ ਲਾਲਚ, ਕਿਸੇ ਸਮਾਜਿਕ ਬੜ੍ਹੌਤੀ ਜਾਂ ਕਿਸੇ ਹੋਰ ਮੰਤਵ ਲਈ ਜਾਂ ਕਿਸੇ ਧਰਮ ਨੂੰ ਨੀਚਾ ਦਿਖਾਉਣ ਲਈ ਨਹੀਂ ਸਨ ਲੜੇ ਗਏ, ਇਹ ਤਾਂ ਸਤਿ ਉਪਰ ਆਧਾਰਤ ਸਨ ਅਤੇ ਮਾਨੁਖ ਦੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਜਾਬਰਾਂ ਨਾਲ ਲੜੇ ਗਏ ਸਨ। ਜਾਬਰ ਭਾਵੇਂ ਪਹਾੜੀ ਰਾਜੇ ਸਨ ਜਾਂ ਆਮ ਮੁਲਖਈਆ ਜਾਂ ਮੁਸਲਮਾਨ ਸਰਕਾਰਾਂ, ਪਰ ਆਪ ਕੇਵਲ ਜਬਰ ਨੂੰ ਹਟਾਉਣ ਲਈ ਅਤੇ ਆਦਮੀ ਦੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਅਤੇ ਸਾਰੇ ਮਜ਼ਹਬਾਂ ਦੀ ਆਜ਼ਾਦੀ ਲਈ, ਜਿਵੇਂ ਕਿ ਦੇਹੁਰੇ ਅਤੇ ਮਸੀਤ ਦੀ ਸਮਾਨਤਾ, ਪੂਜਾ ਅਤੇ ਨਿਮਾਜ਼ ਪੜ੍ਹਨ ਦੀ ਆਜਾਦੀ ਲਈ ਹੀ ਲੜਦੇ ਸਨ। ਇਸਲਾਮ ਵਾਲੇ ਗੁਰੂ ਮਹਾਰਾਜ ਜੀ ਦਾ ਤਨੋ ਮਨੋ ਸਤਿਕਾਰ ਕਰਦੇ ਸਨ। 'ਮਿਤਰ ਉਹ ਜਿਹੜਾ ਲੋੜ ਸਮੇਂ ਕੰਮ ਆਵੇ' ਦੇ ਕਥਨ ਅਨੁਸਾਰ ਜਦੋਂ ਅਸੀਂ ਗੁਰੂ ਮਹਾਰਾਜ ਜੀ ਦੇ ਜੀਵਨ ਉਤੇ ਝਾਤ ਮਾਰਦੇ ਹਾਂ ਤਾਂ ਦੇਖਦੇ ਹਾਂ ਕਿ ਸਭ ਤੋਂ ਪਹਿਲਾਂ ਇਨ੍ਹਾਂ ਦੀ ਪੈਗੰਬਰੀ ਦਾ ਐਲਾਨ ਕਰਨ ਵਾਲਾ ਮੁਸਲਮਾਨ ਪਰਤਾਪੀ ਪੀਰ ਭੀਖਣ ਸ਼ਾਹ ਸੀ ਅਤੇ ਉਨ੍ਹਾਂ ਨਾਲ ਹਾਰਦਿਕ ਪਿਆਰ ਕਰਨ ਵਾਲੇ ਪਟਨੇ ਦੇ ਦੋ ਨਵਾਬ ਰਹੀਮ ਬਖਸ਼ ਅਤੇ ਕਰੀਮ ਬਖਸ਼ ਸਨ। ਉਨ੍ਹਾਂ ਦਾ ਪਿਆਰ ਐਨਾ ਵਧ ਗਿਆ ਸੀ ਕਿ ਜਦੋਂ ਬਾਲ ਗੁਰੂ ਜੀ, ਪਿਤਾ ਗੁਰੂ ਜੀ ਦੀ ਆਗਿਆ ਅਨੁਸਾਰ ਪਟਨੇ ਤੋਂ ਪੰਜਾਬ ਦੇਸ ਨੂੰ ਚੱਲੇ ਤਾਂ ਉਨ੍ਹਾਂ ਨੇ ਗੁਰੂ ਜੀ ਪ੍ਰਤੀ ਆਪਣਾ ਬਿਰਹਾ ਪ੍ਰਗਟ ਕਰਦੇ ਹੋਏ ਕਿਹਾ ਕਿ 'ਸਾਹਿਬ! ਅਸੀਂ ਆਪ ਦੇ ਦੀਦਾਰ ਬਿਨਾਂ ਕਿਵੇਂ ਜਿਉਂਦੇ ਰਹਾਂਗੇ, ਸਾਡੇ ਤਾਂ ਰੋਮ ਰੋਮ ਵਿੱਚ ਤੇਰਾ ਪਿਆਰ ਰਚ ਗਿਆ ਹੈ ਅਤੇ ਜਿਵੇਂ ਮਛਲੀ ਪਾਣੀ ਤੋਂ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ, ਤਿਵੇਂ ਅਸੀਂ ਭੀ ਅਪਣੇ ਪ੍ਰਾਣ ਤਿਆਗ ਦਿਆਂਗੇ।' ਉਨ੍ਹਾਂ ਦੇ ਨੇਤਰਾਂ ਵਿੱਚੋਂ ਜਲ ਵਹਿ ਰਿਹਾ ਸੀ ਅਤੇ ਬੋਲਿਆ ਨਹੀਂ ਸੀ ਜਾ ਰਿਹਾ; ਸਾਰਾ ਮਾਹੌਲ ਹੀ ਪਿਆਰ ਦੇ ਵਲਵਲਿਆਂ ਨਾਲ ਭਰਿਆ ਹੋਇਆ ਸੀ। ਆਪ ਜੀ ਨੇ ਉਨ੍ਹਾਂ ਨੂੰ ਪਿਆਰ ਦਿੱਤਾ ਅਤੇ ਪਿੱਠ ਤੇ ਹੱਥ ਰਖਦੇ ਹੋਏ ਕਿਹਾ ਕਿ ਤੁਸੀਂ ਨਿਮਾਜ਼ ਪੜ੍ਹਨ ਪਿਛੋਂ ਜਦੋਂ ਜਪੁ ਸਾਹਿਬ ਦਾ ਪਾਠ ਕਰਿਆ ਕਰੋਗੇ, ਉਸ ਸਮੇਂ ਤੁਹਾਨੂੰ ਸਾਡੇ ਪ੍ਰੱਤਖ ਦਰਸ਼ਨ ਹੋਇਆ ਕਰਨਗੇ। ਇਸੇ ਤਰ੍ਹਾਂ ਆਪ ਪਿਆਰ ਜਿੱਤਾਂ ਜਿੱਤਦੇ ਪੰਡਤ ਸ਼ਿਵ ਦੱਤ ਅਤੇ ਰਾਣੀ ਮੈਣੀ ਨੂੰ ਧੀਰਜ ਦਿੰਦੇ ਹੋਏ ਲਖਨੌਰ ਪਹੁੰਚਦੇ ਹਨ। ਉਥੇ ਦਾ ਪੀਰ ਆਰਫ ਦੀਨ ਆਪ ਜੀ ਨੂੰ ਸਤਿਕਾਰ ਸਹਿਤ ਸਿੱਜਦਾ ਕਰਦਾ ਹੋਇਆ ਐਲਾਨ ਕਰਦਾ ਹੈ ਕਿ ਇਹ ਬਾਲ ਰੂਪ ਵਿੱਚ ਆਇਆ ਪੈਗੰਬਰ ਸਭ ਤੋਂ ਉਚਾ ਹੈ। ਮੁਰੀਦਾਂ ਦੇ ਪੁੱਛਣ ਤੇ ਕਿ ਤੁਸੀਂ ਇਸ ਬਾਲਕ ਨੂੰ ਕਿਉਂ ਐਨੀ ਪ੍ਰੇਮ ਭਾਵਨਾ ਨਾਲ ਸਿੱਜਦਾ ਕੀਤਾ ਹੈ, ਪੀਰ ਆਰਫ ਦੀਨ ਨੇ ਬਹੁਤ ਅਦਬ ਵਿੱਚ ਆ ਕੇ ਫੁਰਮਾਨ ਕੀਤਾ, ਜਿਸ ਨੂੰ ਭਾਈ ਵੀਰ ਸਿੰਘ ਜੀ ਨੇ ਆਪਣੀ ਸ਼ਰਧਾ ਭਰੀ ਕਲਮ ਨਾਲ ਦਸ਼ਮੇਸ਼ ਚਮਤਕਾਰ ਦੇ ਪੰਨਾ ੬੦੯ ਉਤੇ ਇਉਂ ਅੰਕਿਤ ਕੀਤਾ ਹੈ–

*ਸੱਚਾ ਪ੍ਰਸ਼ਨ ਸੁਣੋਂ ਬਈ ਲੋਕੋ!*
*ਦੇਖਿਆ ਹੈ ਦਿਆਂ ਸੁਣਾਯਾ।*
*'ਕਦੇ ਕਦੇ ਜਦ ਚੜ੍ਹਾਂ ਮੁਰਾਕਬੇ*
*ਵਿੱਚ ਸਮਾਧੀ ਜਾਵਾਂ।*
*'ਵਿਚ ਦਰਗਾਹ ਜਦੋਂ ਮੈਂ ਜਾਵਾਂ,*
*ਜਾਕੇ ਕੀਹ ਤਕਾਵਾਂ।*
*'ਏਹੋ ਬਾਲ, ਜੋਤਿ ਦਾ ਜਾਮਾਂ ਜਗਮਗ ਰੂਪ ਨੂੰਰਾਨੀ।*
*'ਸੁੰਦਰਤਾ ਜਿਸ ਦੇ ਪਗ ਚੁੰਮੇ*
*ਨੂਰੋ ਨੂਰ ਰੂਹਾਨੀ।*
*'ਸਭ ਤੋਂ ਉਚਾ,*
*ਸਭ ਤੋਂ ਵੱਡਾ ਸਭ ਤੋਂ ਨੂਰ ਜਲਾਲੀ।*
*'ਸਭ ਝੁਕਦੇ ਹਨ ਇਸ ਦੇ ਅੱਗੇ*
*ਇਸ ਦੀ ਚਾਲ ਨਿਰਾਲੀ।*
*'ਅੱਲਾ ਵਿੱਚ ਫਨਾ - ਦਾ ਦਰਜਾ,*
*ਮੇਰੀ ਪਹੁੰਚ ਨ ਜਿਥੇ।*
*'ਉਥੋਂ ਤਕ ਦੇਖਿਆ ਇਸ ਨੂੰ,*
*ਅੱਜ ਡਿਠਾ ਮੈ ਇਥੇ।*
*'ਉਥੋਂ ਇਹ ਏਥੇ ਹੈ ਆਇਆ,*
*ਅੱਲਾ ਆਪ ਪਠਾਯਾ।*
*ਕੁਫਰ ਜ਼ੁਲਮ ਦਾ ਪਾਪ ਮੇਟਸੀ,*
*ਏਸ ਲਈ ਹੈ ਆਯਾ।*
*'ਮੈ ਅੱਲਾ ਦੇ ਦਰ ਤੇ ਏਹੋ*
*ਸਭ ਤੋਂ ਉਚਾ ਡਿਠਾ।*
*'ਅੱਜ ਸਿਵਾਤਾ ਖਾਕੀ ਜਾਮਾ,*
*ਰੰਗ ਜਮਾਲੀ ਮਿੱਠਾ।*
*'ਸਿੱਜਦਾ ਏਸ ਲਈ ਮੈ ਕੀਤਾ,*
*ਤੁਸੀਂ ਅਦਬ ਵਿੱਚ ਆਓ।*
*'ਸ਼ੱਕ ਕਰੋ ਤਾਂ ਕਾਫਰ ਹੋਸੋ,*
*ਲਿਆ ਇਮਾਨ ਸੁਖ ਪਾਓ।*
*'ਅੱਲਾ ਕਰਨੇ ਅੱਲਾ ਜਾਣੇ,*
*ਸਾਨੂੰ ਚਾਹੀਏ ਝੁਕਣਾ।*
*'ਹੁਕਮ ਉਸ ਦੇ ਅੱਗੇ ਝੁਕਣਾ,*
*ਸਚ ਕਹਿਣੋਂ ਨਾ ਰੁਕਣਾ।*
*ਤਦੋਂ ਮੁਰੀਦਾਂ ਸੀਸ ਨਿਵਾਯਾ,*
*'ਪੀਰਾਂ ਕਿਹਾ ਸਿਰ ਧਰਿਆ।*
*ਛਡ ਤੁੱਅਸਬ ਸੱਚ ਪਛਾਤਾ,*
*ਝੂਠਾ ਹਠ ਨ ਕਰਿਆ।''*

ਇਸੇ ਤਰ੍ਹਾਂ ਪੀਰ ਬੁਧੂ ਸ਼ਾਹ ਸਢੌਰੇ ਵਾਲੇ ਗੁਰੂ ਮਹਾਰਾਜ ਜੀ ਪਾਸ ਪਹੁੰਚਦੇ ਹਨ ਅਤੇ ਪ੍ਰਸ਼ਨ ਕਰਦੇ ਹਨ– "ਖੁਦਾ ਕਾ ਔਰ ਰੂਹ ਕਾ ਮੇਲ ਕੈਸੇ?" ਗੁਰੂ ਮਹਾਰਾਜ ਜੀ ਨੇ ਉਤਰ ਵਿੱਚ ਕਿਹਾ – "ਦਿਨ ਕਾ ਔਰ ਰਾਤ ਕਾ ਜੈਸੇ।" ਗੱਲ ਉਸ ਦੀ ਸਮਝ 'ਚ ਨ ਆਈ, ਇਸ ਲਈ ਉਸ ਨੇ ਫੇਰ ਆਪਣਾ ਪ੍ਰਸ਼ਨ ਦੁਹਰਾਇਆ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ 'ਸੱਚ ਕਾ ਔਰ ਝੂਠ ਕਾ ਜੈਸੇ' ਅਤੇ ਆਪਣੇ ਉਤਰ ਨੂੰ ਹੋਰ ਵਿਸਥਾਰ ਦਿੰਦੇ ਹੋਏ ਫੁਰਮਾਇਆ ਕਿ ਬੁੱਧੂ ਸ਼ਾਹ! ਸੱਚ ਵਾਹਿਗੁਰੂ ਹੈ, ਇਸ ਦਾ ਪ੍ਰਕਾਸ਼ ਹੋਇਆਂ ਅਗਿਆਨ ਦੀ ਰਾਤ ਨਹੀਂ ਰਿਹਾ ਕਰਦੀ। ਇਸ ਸਰੀਰ ਵਿੱਚ ਆਤਮਾ ਪ੍ਰੀਪੂਰਨ ਹੈ ਪਰ ਹਉਮੈ ਦਾ ਪਰਦਾ ਪੈ ਜਾਣ ਕਰਕੇ ਆਪਣੇ ਆਪ ਨੂੰ ਪ੍ਰਭੂ ਤੋਂ ਵੱਖਰਾ ਜਾਣ ਕੇ ਇਕ ਝੂਠੀ ਕੰਧ ਖੜ੍ਹੀ ਕਰ ਲਈ ਹੈ ਅਤੇ ਅਪਣੀ ਹਸਤੀ ਨੂੰ ਪਰਮ ਆਤਮਾ ਨਾਲੋਂ ਵੱਖਰੀ ਕਰਨ ਕਰਕੇ ਇਹ ਜੀਵ, ਅਗਿਆਨ ਦੇ ਪਾਏ ਹੋਏ ਦੁਖਾਂ ਨੂੰ ਸਹਿ ਰਿਹਾ ਹੈ।' ਇਹ ਸੁਣ ਕੇ ਪੀਰ ਜੀ ਵਲੋਂ ਬੇਨਤੀ ਕਰਨ ਤੇ ਗੁਰੂ ਮਹਾਰਾਜ ਜੀ ਨੇ ਕਿਰਪਾ ਕੀਤੀ ਅਤੇ ਇਸੇ ਸਰੀਰ ਰੂਪੀ ਘਰ ਵਿੱਚ ਪ੍ਰਭੂ ਦਾ ਅਸਲ ਘਰ ਦਿਖਾ ਦਿੱਤਾ ਅਤੇ ਆਤਮਾ ਸਾਖਸ਼ਾਤ ਹੋਣ ਤੇ ਪੀਰ ਬੁੱਧੂ ਸ਼ਾਹ ਸਦਾ ਲਈ ਗੁਰੂ ਮਹਾਰਾਜ ਜੀ ਦਾ ਬਣ ਗਿਆ। ਜਦੋਂ ਪਹਾੜੀ ਰਾਜਿਆਂ ਨਾਲ ਪਾਉਂਟਾ ਸਾਹਿਬ ਦੇ ਨੇੜੇ ਭੰਗਾਣੀ ਦਾ ਯੁੱਧ ਹੋਇਆ ਤਾਂ ਆਪਣੇ ੭੦੦ ਮੁਰੀਦ ਲੈ ਕੇ ਬੜੀ ਭਾਰੀ ਕੁਰਬਾਨੀ ਦਿੱਤੀ। ਉਸ ਦੇ ਦੋ ਪੁੱਤਰ ਸ਼ਹੀਦ ਹੋ ਗਏ ਅਤੇ ਪਰਿਵਾਰ ਦੇ ਹੋਰ ਕਈ ਬੰਦੇ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਲੋਕਾਂ ਨੇ ਪੀਰ ਜੀ ਤੋਂ ਪੁੱਛਿਆ ਕਿ ਤੈਂ ਗੁਰੂ ਗੋਬਿੰਦ ਸਿੰਘ ਦੀ ਮਦਦ ਕਰਕੇ ਕੀ ਖੱਟਿਆ, ਤੇਰੇ ਘਰ ਦੇ ਦੀਵੇ ਬੁਝ ਗਏ ਅਤੇ ਹਨ੍ਹੇਰਾ ਛਾ ਗਿਆ ਕਿਉਂਕਿ ਤੇਰੇ ਦੋ ਫਰਜੰਦ ਸ਼ਹੀਦ ਹੋ ਗਏ ਹਨ। ਉਨ੍ਹਾਂ ਦੇ ਸ਼ਬਦ ਸਨ:–

*"ਬੁਝ ਗਏ ਉਹ ਜਗਦੇ ਦੀਵੇ*
*ਘੁੱਪ ਹਨੇਰਾ ਕਰ ਗਏ।*
*ਚਸ਼ਮ ਚਰਾਗ ਜਿਗਰ ਦੇ ਟੁਕੜੇ*
*ਦੋ ਘੜੀ ਵਿੱਚ ਤੁਰ ਗਏ।*
*ਮਰ ਗਏ ਆਪ ਮਾਰ ਗਏ ਮਾਪੇ,*
*ਲਾ ਗਏ ਸੱਲ ਅਵੱਲਾ।*
*ਪੁੱਤਾਂ ਨਾਲ ਸੰਤਾਨ ਸ਼ਾਹ ਦੀ ਦੇ*
*ਗਿਆ ਜਗ ਤਰਥੱਲਾ।"*

ਬੁੱਧੂ ਸ਼ਾਹ ਨੇ ਆਪਣਾ ਯਕੀਨ ਕਾਇਮ ਰਖਦਿਆਂ ਅਤੇ ਆਪਣੇ ਅਗੰਮੀ ਪਿਆਰ ਦੇ ਮਹਾਨ ਅਨੰਦ ਨੂੰ ਅਨੁਭਵ ਕਰਦਿਆਂ ਫੁਰਮਾਨ ਕੀਤਾ–

*ਕਿਉਂ ਅਫਸੋਸ ਕਰੇਂ ਤੇ*
*ਰੋਵੇਂ ਕੁਰਲਾਵੇਂ ਹੇ ਭੋਲੇ।*
*ਧੰਨ ਧੰਨ ਹਨ ਮੇਰੇ ਬਚੜੇ,*
*ਗੁਰੂ ਦੇ ਦਰ ਲੱਗੇ।*
*ਜਿਊਣਾ ਮਰਨਾ ਸਫਲ*
*ਉਨ੍ਹਾਂ ਦਾ ਜੋ ਜੂਝੇ ਹੋਇ ਅੱਗੇ।*
*ਧੰਨ ਜਣੇਦੀ ਮਾਉਂ ਜਿਨਿ ਜਣਿ*
*ਐਸੇ ਪੁੱਤਰ ਪਾਲੇ।*
*ਧੰਨ ਪਿਤਾ ਹੈ ਕੁੱਲ*
*ਜਿਸ ਵਿੱਚ ਜੰਮਣ ਐਸੇ ਕਰਮਾਂ ਵਾਲੇ।*
*ਮਰੇ ਨਹੀਂ ਉਹ ਜੀਵੇ ਹਨ*
*ਉਹ ਜੀਵਨ ਲਾਹਾ ਲੈ ਗਏ।*
*ਗੰਢੇ ਗਏ, ਨਹੀਂ ਉਹ ਟੁੱਟੇ,*
*ਮੁਕਤੀ ਮਾਰਗ ਪੈ ਗਏ।*
*ਧੰਨ ਹੈ ਪ੍ਰਭੂ,*
*ਜਿਨ੍ਹਾਂ ਮੈ ਆਜਿਜ਼ ਨੂੰ ਐਸੀ ਨੇਕੀ ਦਿੱਤੀ।*
*ਜਿਸ ਦੀ ਅੰਸ਼ ਨੇ ਗੁਰੂ ਗੋਬਿੰਦ ਸਿੰਘ*
*ਹੱਥੋਂ ਸ਼ਹੀਦੀ ਲੀਤੀ।*
*ਸਫਲ ਜਨਮ ਉਹ ਕਰ ਗਏ ਪਿਆਰੇ,*
*ਧਰ ਗਏ ਨੇਕ ਨਿਸ਼ਾਨੀ।*
*ਸਾਂਈ ਸੱਦੇ ਕਿਸੇ ਅਵਸਥਾ,*
*ਬਾਲਕ ਬਿਰਧ ਜਵਾਨੀ।*
*ਗੁਰ ਸੇਵਾ ਵਿੱਚ ਮਿਲੇ ਸ਼ਹੀਦੀ,*
*ਇਸ ਤੋਂ ਵੱਧ ਕੁਝ ਹੈ ਨ।*
*ਬਿਨ ਪੁਛੇ ਖੁੱਲ੍ਹੇ ਦਰਵਾਜ਼ੀ*
*ਹਰਿ ਚਰਣੀ ਜਾ ਪੈਣਾ।।*

ਇਸੇ ਤਰ੍ਹਾਂ ਨਾਲ ਜਦੋਂ ਗੁਰੂ ਮਹਾਰਾਜ ਜੀ ਸਰਸੇ ਦੇ ਕੰਢੇ ਬਚਨ ਤੋਂ ਫਿਰਿਆਂ ਪਸੂ-ਮਨੁਖਾਂ ਨਾਲ ਜੁੱਧ ਕਰਕੇ ਚਾਲੀ ਬਚਦੇ ਸਿੰਘਾਂ ਨਾਲ ਨਿਹੰਗ ਖਾਨ ਦੇ ਕਿਲੇ ਵਿੱਚ ਕੋਟਲੇ ਵਿਖੇ ਪਹੁੰਚਦੇ ਹਨ ਤਾਂ ਉਸ ਨੇ ਆਪਣੇ ਕਿਲੇ ਵਿੱਚ ਪਨਾਹ ਦਿੱਤੀ। ਜਦੋਂ ਤਲਾਸ਼ੀ ਹੋਈ ਤਾਂ ਉਸ ਨੇ ਬੰਦ ਕਮਰੇ ਵਿੱਚ ਜਖਮੀ ਪਏ ਭਾਈ ਬਚਿੱਤਰ ਸਿੰਘ ਦੀ ਜਾਨ ਬਚਾਉਣ ਲਈ ਨੰਗੀ ਤਲਵਾਰ ਲੈ ਕੇ ਪਹਿਰਾ ਦਿੰਦਿਆਂ ਇਹ ਗੱਲ ਆਖੀ ਕਿ 'ਇਹ ਕਮਰਾ ਮੈਂ ਨਹੀਂ ਖੋਲ੍ਹਣਾ ਇਉਂਕਿ ਏਥੇ ਮੇਰਾ ਜਵਾਈ ਅਤੇ ਲੜਕੀ ਆਰਾਮ ਕਰ ਰਹੇ ਹਨ।' ਕਿੱਡੀ ਭਾਵਨਾ ਸੀ – ਉਸ ਖਾਨ ਦੇ ਅੰਦਰ। ਜੇ ਉਹ ਉਸ ਸਮੇਂ ਗੁਰੂ ਮਹਾਰਾਜ ਜੀ ਦੀ ਦੱਸ ਪਾ ਦਿੰਦਾ ਤਾਂ ਉਸ ਨੂੰ ਤਾਂ ਇਨਾਮ ਹੀ ਬਹੁਤ ਮਿਲਣਾ ਸੀ ਪਰ ਉਹ ਗੁਰੂ ਜੀ ਦੇ ਪਿਆਰ ਵਿੱਚ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਅੜਿਆ ਰਿਹਾ।

ਗੁਰੂ ਮਹਾਰਾਜ ਜੀ ਰੋਪੜ ਤੋਂ ਚੱਲ ਕੇ ਚਮਕੌਰ ਦੀ ਗੜ੍ਹੀ ਵਿੱਚ 40 ਸਿੰਘਾਂ ਸਮੇਤ ਪਹੁੰਚਦੇ ਹਨ। ਆਪ ਜੀ ਬੜੇ ਸਾਬਤ ਕਦਮ, ਬੁਲੰਦ ਹੌਸਲੇ ਨਾਲ ਕਿਲਾਬੰਦੀ ਕਰਵਾ ਰਹੇ ਹਨ ਕਿਉਂਕਿ ਆਪ ਪਿਛੇ ਬਹੁਤ ਵਡੀ ਫੌਜ ਆ ਰਹੀ ਸੀ ਅਤੇ ਇਹ ਵੀ ਪਤਾ ਲੱਗਿਆ ਕਿ ਦਿੱਲੀ ਤੋਂ ਤਾਜ਼ਾ-ਦਮ ਫੌਜ ਤੋਪਖਾਨਾ ਲੈ ਕੇ ਪਹੁੰਚ ਰਹੀ ਹੈ। ਸਾਰਾ ਦਿਨ ਬਹੁਤ ਹੀ ਬਹਾਦਰੀ ਨਾਲ ਇਹ ਯੁੱਧ ਸਿੰਘਾਂ ਨੇ ਲੜਿਆ। ਗੁਰੂ ਪਾਤਸ਼ਾਹ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਆਪ ਯੁਧ ਵਿੱਚ ਆਏ ਅਤੇ ਇਕ ਇਕ ਪਹਿਰ ਜੂਝੇ। ਦੁਨੀਆਂ ਭਰ ਵਿੱਚ ਕਦੇ ਵੀ ਅਜਿਹਾ ਭਿਆਨਕ ਯੁੱਧ ਨਹੀਂ ਹੋਇਆ। ਜਦੋਂ ਵੱਡੇ ਸਾਹਿਬਜ਼ਾਦੇ ਜੰਗ ਲਈ ਤਿਆਰ ਹੋ ਕੇ ਪੰਜ ਸਿੰਘਾਂ ਸਮੇਤ

ਗੁਰੂ ਹੁਕਮ ਨਾਲ ਬਾਹਰ ਨਿਕਲਦੇ ਹਨ ਤਾਂ ਉਸ ਝਾਕੀ ਨੂੰ ਇਕ ਮਹਾਨ ਕਵੀ ਯੋਗੀ ਅੱਲਾ ਯਾਰ ਖਾਨ ਨੇ ਇਉਂ ਬਿਆਨ ਕੀਤਾ ਹੈ–

***ਗੋਬਿੰਦ ਕੇ ਦਿੱਲਦਾਰ ਕਿਲੇ ਸੇ ਨਿਕਲ ਆਏ।***<br>
***ਵੁਹ ਦੇਖੀਏ ਸਰਕਾਰ ਕਿਲੇ ਸੇ ਨਿਕਲ ਆਏ।***<br>
***ਘੋੜੋਂ ਪੈ ਹੋ ਅਸਵਾਰ ਕਿਲੇ ਸੇ ਨਿਕਲ***<br>
***ਆਏ।***<br>
***ਲੇ ਹਾਥ ਮੇਂ ਤਲਵਾਰ ਕਿਲੇ ਸੇ ਨਿਕਲ ਆਏ।***<br>
***ਕਿਆ ਵਸਫ ਹੋ ਉਸ ਤੇਗ ਕਾ ਇਸ ਤੇਰੀ***<br>
***ਜ਼ੁਬਾਨ ਸੇ।***<br>
***ਵੁਹ ਮਿਆਨ ਸੇ ਨਿਕਲੀ ਨਹੀਂ ਯੇ ਵਹਾਂ ਸੇ।***<br>
***ਤਲਵਾਰ ਸੀ,***<br>
***ਤਲਵਾਰ ਥੀ ਕਿਆ ਜਾਨੀਏ ਕਿਆ ਥੀ।***<br>
***ਖੂੰਖਾਰ ਥੀ,***<br>
***ਖੂੰਨ ਬਾਜ ਥੀ ਆਫਤ ਥੀ ਬਲਾ ਥੀ।***<br>
***ਥੀ ਆਬ ਯਾ ਫੌਲਾਦ ਪੈ***<br>
***ਬਿਜਲੀ ਕੀ ਜੁਲਾ ਥੀ।***<br>
***'ਯਮ ਰਾਜ' ਕੀ ਅੰਮਾਂ ਥੀ ਵੁਹ***<br>
***ਸ਼ਮਸ਼ੇਰ ਕੱਜ਼ਾ ਥੀ।***<br>
***ਅਰਦਲ ਮੇ ਬਿਚਾਰੇ 'ਮਲਕਲ ਮੌਤ' ਖੜੇ ਥੇ–***<br>
***ਅਪਨੇ ਸ਼ੁਗਲੇ ਖਾਸ ਮੇ ਮੱਸ਼ਗੂਲ ਖੜੇ ਥੇ।***

ਸਾਹਿਬਜ਼ਾਦਾ ਅਜੀਤ ਸਿੰਘ ਦੇ ਸ਼ਹੀਦ ਹੋਣ ਉਪਰੰਤ ਦੂਸਰੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਆਪ ਤਿਆਰ ਕਰਕੇ ਯੁੱਧ ਵਿੱਚ ਭੇਜਦੇ ਹਨ ਜਿਸ ਦੀ ਬਾਬਤ ਭੀ ਉਪਰੋਕਤ ਕਵੀ ਲਿਖਦਾ ਹੈ:–

***ਯਾਕੂਬ ਕੋ ਯੂਸਫ ਕੇ ਬਿਛੁੜਨੇ ਨੇ ਰੁਲਾਇਆ।***<br>
***ਸਾਬਰ ਕੋਈ ਕੰਮ ਐਸਾ ਰਸੂਲੋਂ ਮੈ ਹੈ ਆਇਆ।***<br>
***ਕੱਟਵਾ ਕੇ ਪਿਸਰ ਚਾਰ***<br>
***ਇਕ ਆਂਸੂ ਨ ਗਿਰਾਇਆ।***<br>
***ਰੁੱਤਬਾ ਗੁਰੂ ਗੋਬਿੰਦ ਸਿੰਘ ਨੇ ਰਿਸ਼ੀਓਂ ਕਾ***<br>
***ਬੜ੍ਹਾਇਆ।***

ਗੁਰੂ ਮਹਾਹਾਜ ਜੀ ਨੇ ਗੜ੍ਹੀ ਉਪਰਲੇ ਸ਼ਿਖਰ ਤੇ ਬੈਠ ਕੇ ਖੁਦ ਇਹ ਸਭ ਕੁਝ ਦੇਖਿਆ ਅਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ ਕਿ ਸਾਹਿਬਜ਼ਾਦਿਆਂ ਦੀ ਜਨਨੀ ਦੀ ਕੁੱਖ ਸਫਲ ਹੋ ਗਈ। ਇਨ੍ਹਾਂ ਨੇ ਹਿੰਦੂ, ਮੁਸਲਮਾਨਾਂ, ਗਰੀਬਾਂ ਦੇ ਹੱਕਾਂ ਦੀ ਰਾਖੀ ਕਰਦਿਆਂ ਆਪਣੇ ਪ੍ਰਾਣਾਂ ਦਾ ਬਲੀਦਾਨ ਦਿੱਤਾ। ਦਸਮੇਸ਼ ਪਿਤਾ ਨੇ ਦੂਸਰੇ ਦਿਨ ਸਵੇਰੇ ਆਪ ਲੜਨ ਦੀਆਂ ਵਿਉਂਤਾਂ ਬਣਾਈਆਂ। ਆਪ ਜੀ ਚੜ੍ਹਦੀ ਕਲਾ ਵਿੱਚ ਸਨ। ਇਹ ਭਾਂਪ ਕੇ ਇਸ ਥਾਂ ਤੇ ਪੰਜ ਪਿਆਰਿਆਂ ਵਲੋਂ ਗੁਰੂ ਮਹਾਰਾਜ ਜੀ ਨੂੰ ਸਹੀ ਸਲਾਮਤ ਨਿਕਲ ਜਾਣ ਦਾ ਹੁਕਮ ਹੋਇਆ ਤਾਂ ਆਪ 22 ਦਸੰਬਰ, 1704 ਈ: ਨੂੰ ਚਮਕੌਰ ਦੀ ਗੜ੍ਹੀ ਤੋਂ ਪੈਦਲ ਚੱਲ ਕੇ ਤਾੜੀ ਸਾਹਿਬ ਦੇ ਅਸਥਾਨ ਵਿਖੇ ਤਾੜੀ ਮਾਰਦੇ ਹੋਏ ਉਚੀ ਆਵਾਜ ਵਿੱਚ "ਪੀਰ-ਏ-ਹਿੰਦ ਮੇ ਰਵੱਦ" ਕਹਿੰਦੇ ਹੋਏ ਚਲੇ ਜਾਂਦੇ ਹਨ ਅਤੇ ਮਾਛੀਵਾੜੇ ਵਿਖੇ ਗੁਲਾਬੇ ਮਸੰਦ ਦੇ ਪਾਸ ਪਹੁੰਚ ਜਾਂਦੇ ਹਨ। ਤਾਂ ਸ਼ਹਿਰ ਨੂੰ ਪੰਜ ਹਜ਼ਾਰ ਫੌਜ ਨੇ ਪਿੱਛਾ ਕਰਕੇ ਘੇਰਾ ਪਾ ਲਿਆ। ਉਸ ਸਮੇਂ ਗ਼ਨੀ ਖਾਂ ਅਤੇ ਨਬੀ ਖਾਂ ਦੋਨੋਂ ਭਰਾ ਆਪ ਜੀ ਦੀ ਚਰਣ ਸ਼ਰਣ ਵਿੱਚ ਆਏ ਅਤੇ ਮਹਾਨ ਖਤਰਾ ਸਹੇੜਦੇ ਹੋਏ ਗੁਰੂ ਜੀ ਨੂੰ ਆਪਣੇ ਘਰ ਲੈ ਗਏ ਅਤੇ ਫੇਰ ਉਸ ਘੇਰੇ ਵਿੱਚੋਂ 'ਉਚ ਦੇ ਪੀਰ' ਦੇ ਰੂਪ ਵਿੱਚ ਆਪ ਜੀ ਨੂੰ ਬਾਹਰ ਲੈ ਜਾ ਰਹੇ ਸਨ ਜਦੋਂ ਫੌਜ ਨੇ ਰੋਕ ਲਏ ਤਾਂ ਉਸੇ ਵੇਲੇ ਸੱਯਦ ਅਨਾਇਤ ਅਲੀ ਸ਼ਾਹ ਨੂਰ ਪੁਰੀਆਂ ਨੇ ਜਰਨੈਲ ਦਲੇਰ ਖਾਂ ਨੂੰ ਦੱਸਿਆ ਕਿ ਆਪ ਜੀ 'ਉੱਚ ਦੇ ਪੀਰ' ਹਨ। ਪੀਰ ਮੁਹੰਮਦ ਸਲੋਹ ਵਾਲੇ ਅਤੇ ਸੱਯਦ ਹਸਨ ਅਲੀ ਮੋਠੂਮਾਜਰੀਆ ਨੇ ਭੀ ਗਵਾਹੀ ਦਿੱਤੀ ਕਿ ਆਪ 'ਉਚ ਦੇ ਪੀਰ' ਹਨ ਅਤੇ ਇਸ ਪ੍ਰਕਾਰ ਗੁਰੂ ਮਹਾਰਾਜ ਜੀ ਦਾ ਬਹੁਤ ਹੀ ਸਤਿਕਾਰ ਕੀਤਾ। ਇਸ ਤਰ੍ਹਾਂ ਜਾਂਦੇ ਹੋਏ ਜਦੋਂ ਗੁਰੂ ਮਹਾਰਾਜ ਰਾਏ ਕੱਲ੍ਹੇ ਦੇ ਪਾਸ ਰਾਏਕੋਟ ਪਹੁੰਚੇ ਤਾਂ ਉਸ ਵੇਲੇ ਨਵਾਬ ਸਰਹੰਦ ਨੂੰ ਪਤਾ ਲਗ ਜਾਂਦਾ ਹੈ ਤਾਂ ਚਿੱਠੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਤੇ ਰਾਏ ਕੋਟ ਦਾ ਰਾਜਾ ਜੋ ਮੁਸਲਮਾਨ ਸੀ, ਨੇ ਲਿਖ ਭੇਜਿਆ ਕਿ ਗੁਰੂ ਗੋਬਿੰਦ ਸਿੰਘ ਮੇਰੇ ਅਤੇ ਮੇਰੀ ਰਿਆਯਾ ਦੇ ਪੀਰ ਹਨ ਅਤੇ ਪੀਰਾਂ ਵਾਸਤੇ ਜਿਵੇਂ ਮੁਰੀਦ ਕਟ ਕਟ ਕੇ ਮਰ ਜਾਂਦੇ ਹਨ ਅਤੇ ਆਪਣੇ ਪੀਰ ਨੂੰ ਆਂਚ ਨਹੀਂ ਆਉਣ ਦਿੰਦੇ; ਉਸੇ ਤਰ੍ਹਾਂ ਨਾਲ ਇਸ ਸਮੇਂ ਇਹ ਬਾਤ ਤੁਸੀਂ ਸਮਝੋ।

ਰਾਏ ਕਲ੍ਹੇ ਨੇ ਛੋਟੇ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਅਪਣੇ ਪਰਖੇ ਹੋਏ ਦੂਤ (ਮਾਹੀ) ਨੂੰ ਸਰਹੰਦ ਭੇਜਿਆ। ਉਸਨੇ ਜਾ ਕੇ ਸਾਰੀ ਖ਼ਬਰ ਪ੍ਰਾਪਤ ਕੀਤੀ ਅਤੇ ਗੁਰੂ ਮਹਾਰਾਜ ਦੀ ਮੇਹਰ ਦੇ ਸਦਕੇ ਉਸੇ ਦਿਨ, ਸ਼ਾਮ ਨੂੰ ਅਗੰਮੀ ਸ਼ਕਤੀ ਦੀ ਵਰਤੋਂ ਕਰਦਾ ਵਾਪਸ ਰਾਏਕੋਟ ਪਹੁੰਚ ਗਿਆ। ਗੁਰੂ ਮਹਾਰਾਜ ਉਸ ਸਮੇਂ ਪਲੰਘ ਤੇ ਬੈਠੇ ਸਨ ਤੇ ਰਾਇ ਕਲ੍ਹਾ ਆਪਣੇ ਅਧਿਕਾਰੀਆਂ ਸਹਿਤ ਗੁਰੂ ਜੀ ਪਾਸ ਬਹੁਤ ਹੀ ਅਫਸੋਸ ਭਰੇ ਦਿਲ ਨਾਲ ਬੈਠਾ ਸੀ। ਜਦੋਂ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਅਤਿ ਦਰਦ ਭਰੀ ਸ਼ਹਾਦਤ ਦਾ ਵਰਨਣ ਕੀਤਾ ਤਾਂ ਸਭਨਾਂ ਸਰੋਤਿਆਂ ਦੇ ਨੇਤਰਾਂ ਵਿਚੋਂ ਹੰਝੂ ਵਗ ਰਹੇ ਸਨ। ਗੁਰੂ ਮਹਾਰਾਜ ਜੀ ਅਡੋਲ ਉਸਦੀ ਵਾਰਤਾ ਨੂੰ ਸੁਣਦੇ ਰਹੇ ਅਤੇ ਪੁਛਿਆ ਕਿ ਕੋਈ ਅਜਿਹਾ ਬੰਦਾ ਵੀ ਉਸ ਸਮੇਂ ਹਾਜ਼ਰ ਸੀ ਜਿਸ ਨੇ ਹਾਅ ਦਾ ਨਾਹਰਾ ਮਾਰਿਆ ਹੋਵੇ? ਉਤਰ ਵਿਚ ਮਾਹੀ ਨੇ ਦੱਸਿਆ ਕਿ ਮਲੇਰ ਕੋਟਲੇ ਵਾਲਿਆਂ ਨੇ ਇਹ ਕਹਿੰਦੇ ਹੋਏ ਕਿ ਮਸੂਮ ਬੱਚਿਆਂ ਨੂੰ ਸਜ਼ਾਏ ਮੌਤ ਦੇਣੀ ਕਿਸ ਕਾਨੂੰਨ ਵਿਚ ਲਿਖੀ ਹੋਈ ਹੈ? ਇਸ ਗੈਰ-ਵਿਧਾਨਿਕ ਕਿਰਿਆ ਨਾਲ ਅਸੀਂ ਬਿਲਕੁਲ ਸਹਿਮਤ ਨਹੀਂ ਹਾਂ। ਇਸ ਮਹਾਨ ਘਿਨਾਉਣੇ ਗੁਨਾਹ ਵਿਚ ਸੱਚਾ ਮੁਸਲਮਾਨ ਕਿਸੇ ਤਰ੍ਹਾਂ ਵੀ ਸ਼ਾਮਲ ਨਹੀਂ ਹੋ ਸਕਦਾ। ਇਹ ਕਹਿੰਦੇ ਹੋਏ ਉਹ ਕਚਹਿਰੀ ਵਿਚੋਂ ਬਾਹਰ ਚਲੇ ਗਏ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਮਲੇਰਕੋਟਲੀਆਂ ਨੇ ਆਪਣੇ ਰਾਜ ਦੀ

ਜੜ੍ਹ ਬਚਾ ਲਈ ਹੈ। ਇਕ ਕਾਂਹੀਂ ਦਾ ਬੂਟਾ ਤੀਰ ਦੀ ਨੋਕ ਨਾਲ ਪੁਟਦਿਆਂ ਹੋਇਆਂ ਫੁਰਮਾਨ ਕੀਤਾ ਕਿ ਸਮੁੱਚੇ ਮੁਗਲ ਰਾਜ ਦੀ ਜੜ੍ਹ ਪੁਟੀ ਗਈ ਹੈ। ਰਾਏ ਕਲ੍ਹੇ ਦੇ ਬੇਨਤੀ ਕਰਨ ਤੇ ਕਿ ਮਹਾਰਾਜ! ਅਸੀਂ ਵੀ ਉਸ ਰਾਜ ਦੇ ਇਕ ਅੰਗ ਹਾਂ, ਅਸਾਡੇ ਉਪਰ ਕਿਰਪਾ ਕਰੋ। ਗੁਰੂ ਮਹਾਰਾਜ ਜੀ ਨੇ ਸਿਰੀ ਸਾਹਿਬ ਦੇ ਕੇ ਬਚਨ ਕੀਤਾ ਕਿ ਜਦ ਤਕ ਸਿਰੀ ਸਾਹਿਬ ਦਾ ਆਪ ਦੀਆਂ ਆਉਣ ਵਾਲੀਆਂ ਕੁਲਾਂ ਸਤਿਕਾਰ ਕਰਨਗੀਆਂ, ਤੁਹਾਡਾ ਰਾਜ ਵੀ ਕਾਇਮ ਰਹੇਗਾ। ਇਸ ਥਾਂ ਉਹ ਲੋਟਾ ਜਿਸ ਵਿਚ ਸੈਂਕੜੇ ਛੇਦ ਹੋਣ ਦੇ ਬਾਵਜੂਦ ਵੀ ਦੁਧ ਨਹੀਂ ਚੋਇਆ ਸੀ, ਉਹ ਇਨ੍ਹਾਂ ਨੂੰ ਬਖ਼ਸ਼ ਦਿਤਾ ਜੋ ਅਜ ਤਕ ਇਨ੍ਹਾਂ ਦੇ ਖਾਨਦਾਨ ਪਾਸ ਹੈ। ਅਜਿਹੀਆਂ ਬਰਕਤਾਂ ਗੁਰੂ ਮਹਾਰਾਜ ਜੀ ਦੇ ਸਭਨਾਂ ਦੇ ਅੰਦਰ ਵਸੇ ਪਿਆਰ ਨੂੰ ਪ੍ਰਗਟ ਕਰਦੀਆਂ ਹਨ।

ਉਪਰਲੀਆਂ ਘਟਨਾਵਾਂ ਲਿਖਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਮਹਾਹਾਜ ਜੀ ਦੇਹੁਰਾ ਮਸੀਤ ਅਤੇ ਪੂਜਾ ਨਿਮਾਜ਼ ਨੂੰ ਬਰਾਬਰ ਸਤਿਕਾਰ ਦਿੰਦੇ ਸਨ। ਗੁਰੂ ਮਹਾਰਾਜ ਜੀ ਨੇ ਹੋਰ ਸਪਸ਼ਟ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ ਸਾਰੀ ਸ੍ਰਿਸ਼ਟੀ ਇਕੋ ਪਰੀਪੂਰਨ ਜੋਤਿ ਵਿੱਚੋਂ ਰੂਪਮਾਨ ਹੋਈ ਹੈ ਅਤੇ ਉਸੇ ਵਿੱਚ ਹੀ ਸਮਾਅ ਜਾਂਦੀ ਹੈ ਜਿਸ ਤਰ੍ਹਾਂ ਕਿ ਅੱਗ ਦੇ ਚੰਗਿਆੜੇ ਨਿਕਲ, ਮੁੜ ਅੱਗ ਵਿੱਚ ਹੀ ਸਮਾਅ ਜਾਂਦੇ ਹਨ; ਜ਼ਮੀਨ ਵਿੱਚੋਂ ਧੂੜ ਉਡਦੀ ਹੈ ਫੇਰ ਜ਼ਮੀਨ ਵਿੱਚ ਹੀ ਸਮਾਅ ਜਾਂਦੀ ਹੈ; ਪਾਣੀ ਵਿਚੋਂ ਅਨੇਕਾਂ ਲਹਿਰਾਂ ਉਠਦੀਆਂ ਹਨ ਪਰ ਉਹ ਫੇਰ ਪਾਣੀ ਵਿੱਚ ਹੀ ਸਮਾਅ ਜਾਂਦੀਆਂ ਹਨ, ਉਸੇ ਤਰ੍ਹਾਂ ਵਾਹਿਗੁਰੂ ਜੀ ਦੀਆਂ ਅਨੇਕ ਪਰਕਾਰ ਦੀਆਂ ਸ੍ਰਿਸ਼ਟੀਆਂ ਅੰਤ ਨੂੰ ਉਸੇ ਵਿੱਚ ਹੀ ਸਮਾਅ ਜਾਂਦੀਆਂ ਹਨ ਅਤੇ ਇਹ ਸਾਰੀ ਅਨੇਕਤਾ ਇਕੋ ਦਾ ਹੀ ਰੂਪ ਹੋਇਆ ਕਰਦੀ ਹੈ; ਇਕੋ ਪਰਦੇ ਉਤੇ ਅਨੇਕ ਰੂਪ ਪ੍ਰਗਟ ਹੋ ਕੇ ਅਨੇਕ ਰੂਪਾਂ ਵਿੱਚ ਦਰਸ਼ਨ ਦਿੰਦੇ ਹਨ ਅਤੇ ਖੇਡ ਖ਼ਤਮ ਹੋਣ ਤੇ ਉਹ ਅਨੇਕਤਾ ਸਮਾਪਤ ਹੋ ਜਾਇਆ ਕਰਦੀ ਹੈ ਤੇ ਅਸਲੀਅਤ ਇਕੋ ਪਰੀਪੂਰਨ ਵਾਹਿਗੁਰੂ ਅਪਣੇ ਨਿਰਗੁਣ ਸਰੂਪ ਵਿੱਚ, ਆਪਣੀ-ਮਹਿਮਾ ਵਿੱਚ ਸਥਿਤ ਹੋ ਜਾਂਦੇ ਹਨ-

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ***
***ਨਿਆਰੇ ਨਿਆਰੇ ਹੁਇਕੈ ਫਿਰ ਆਗ ਮੈਂ***
***ਮਿਲਾਹਗੇ।।***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ***
***ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਗੇ।।***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ***
***ਪਾਨ ਕੇ ਤਰੰਗ ਸਬੇ ਪਾਨ ਹੀ ਕਹਾਹਗੇ।।***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਗੇ।।***
***(ਅਕਾਲ ਉਸਤਤਿ)***

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ ਅੰਤਿ ਕੋ ਫਿਰ ਏਕ।।***
***(ਜਾਪ ਸਾਹਿਬ)***

ਗੁਰੂ ਮਹਾਰਾਜ ਨੇ ਪਖੰਡੀ ਕਿਰਿਆ ਨੂੰ ਪ੍ਰਵਾਨ ਨਹੀਂ ਕੀਤਾ। ਪ੍ਰਭੂ ਦੇ ਗਿਆਨ ਤੋਂ ਬਗੈਰ ਕੀਤੇ ਹੋਏ ਸਾਰੇ ਕਰਮ ਧਰਮ ਨਿਰਾਰਥਕ ਹਨ। ਆਪ ਜੀ ਫੁਰਮਾਨ ਕਰਦੇ ਹਨ-

***ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ***
***ਗਿਦੂਆ ਮਸਾਨ ਬਾਸ ਕਰਿਓ ਈ ਕਰਤ ਹੈ।।***
***ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ***
***ਮ੍ਰਿਗ ਤਰਵਰ ਸਦੀਵ***
***ਮੋਨ ਸਾਧੇ ਈ ਮਰਤ ਹੈ।।***
***ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਢਯਾ***
***ਦੇਤ ਬੰਦਰਾ ਸਦੀਵ ਪਾਇ***
***ਨਾਗੇ ਈ ਫਿਰਤ ਹੈ।।***
***ਅੰਗਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ***
***ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ***
***ਤਰਤ ਹੈ।।***
***(ਅਕਾਲ ਉਸਤਤਿ)***

ਇਸੇ ਤਰ੍ਹਾਂ ਦੇ ਨਾਲ ਪਖੰਡ ਕਰਮਾਂ ਨੂੰ ਰੱਦ ਕਰਦੇ ਹੋਏ ਆਪ ਜੀ ਦਿਲ ਦੀ ਸਚਿਆਈ, ਨਾਮ ਵਿੱਚ ਵਿਸ਼ਵਾਸ਼ ਅਤੇ ਗਿਆਨ ਦੇ ਪ੍ਰਕਾਸ਼ ਵਿੱਚ ਸੁਰਤਿ ਨੂੰ ਪ੍ਰਵਾਨ ਕਰਦੇ ਹਨ। ਆਪ ਜੀ ਨੇ ਰੂਹਾਨੀ ਮੰਡਲ ਵਿੱਚ ਇਸ ਜੀਵ ਦੀ ਪ੍ਰਭੂ ਨਾਲ ਅਭੇਦਤਾ ਬਾਰੇ ਫੁਰਮਾਨ ਕੀਤਾ ਹੈ ਕਿ-

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।।***
***(ਸੁਧਾ ਸੱਵਯੇ ਪਾ:੧੦)***

ਨਾਮ ਦੇ ਆਧਾਰ ਤੋਂ ਬਿਨਾਂ ਅਨੇਕ ਕਿਸਮਾਂ ਦੇ ਕਰਮ ਸਭ ਫੋਕਟ ਹਨ ਜਿਵੇਂ ਕਿ ਫੁਰਮਾਨ ਹੈ:-

***ਸਭ ਕਰਮ ਫੋਕਟ ਜਾਨ,***
***ਸਭ ਧਰਮ ਨਿਹਫਲ ਮਾਨ।***
***ਬਿਨਾਂ ਏਕ ਨਾਮ ਆਧਾਰ***
***ਸਭ ਕਰਮ ਭਰਮ ਵਿਚਾਰ।।***

ਅਤੇ ਵਾਹਿਗੁਰੂ ਜੀ ਨੂੰ ਇਸ ਸ੍ਰਿਸ਼ਟੀ ਵਿੱਚ ਪ੍ਰਤੱਖ ਰੂਪ ਵਿੱਚ ਦਰਸਾਉਂਦੇ ਹੋਏ ਆਪ ਜੀ ਫੁਰਮਾਨ ਕਰਦੇ ਹਨ:-

***ਜਿਮੀ ਜਮਾਨ ਕੇ ਵਿਖੇ ਸਮਸਤ***
***ਏਕ ਜੋਤਿ ਹੈ।***
***ਨ ਬਾਢ ਹੈ ਨ ਘਾਟ ਹੈ***
***ਨ ਘਾਟ ਬਾਢ ਹੋਤ ਹੈ।***

ਅਤੇ 'ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ' ਦੀ ਧੁਨਿ ਉਚਾਰਣ ਕਰਦੇ ਹਨ।

ਉਪਰ ਕਥੀਆਂ ਘਟਨਾਵਾਂ ਜਦੋਂ ਅਸੀਂ ਵਿਚਾਰਦੇ ਹਾਂ ਤਾਂ ਗੁਰੂ ਮਹਾਰਾਜ ਜੀ ਦੇ ਜੀਵਨ ਬਾਰੇ ਸੋਝੀ ਪੈਂਦੀ ਹੈ ਕਿ ਆਪ ਜੀ ਸਚਮੁਚ ਹੀ ਪੂਜਾ ਅਤੇ ਨਿਮਾਜ਼ ਨੂੰ ਸਤਿਕਾਰ ਭਰਿਆ ਦਰਜਾ ਦਿੰਦੇ ਹਨ। ਮਸਜਿਦ ਤੇ ਮੰਦਰ ਦੇ ਅੰਦਰ ਕੋਈ ਵੀ ਫਰਕ ਨਹੀਂ ਸਮਝਦੇ। ਉਨ੍ਹਾਂ ਦੀ ਨਿਗ੍ਹਾ ਵਿਚ ਮਸਜਿਦ ਪ੍ਰਭੂ ਪਿਆਰਿਆਂ ਦੇ ਇਕੱਠੇ ਹੋ ਕੇ ਪ੍ਰਭੂ ਨਾਲ ਪਿਆਰ ਕਰਨ ਦੀ ਥਾਂ ਹੈ। ਇਸੇ ਤਰ੍ਹਾਂ ਮੰਦਰ ਵਿਚ ਪ੍ਰਭੂ

ਦੇ ਪਿਆਰੇ ਇਕੱਠੇ ਹੋ ਕੇ ਉਸ ਇੱਕੋ ਦੇ ਗੁਣ ਗਾਉਂਦੇ ਹਨ।

ਇਤਿਹਾਸ ਵਿਚ ਇਕ ਬਹੁਤ ਵੱਡਾ ਭੁਲੇਖਾ ਪਾਇਆ ਗਿਆ ਹੈ ਕਿ ਗੁਰੂ ਮਹਾਰਾਜ ਜਦੋਂ ਅਨੰਦਗੜ੍ਹ ਦਾ ਕਿਲਾ ਛੱਡ ਕੇ ਸਰਸੇ ਵਲ ਵਧ ਰਹੇ ਸਨ ਤਾਂ ਇਤਿਹਾਸ ਨੇ ਇਹ ਗਲ ਮਹਾਰਾਜ ਜੀ ਦੇ ਮੁਖ ਤੋਂ ਕਹਾਈ ਕਿ ਪਿਆਰਿਓ ਗੁਰਸਿਖੋ! ਇਕ ਗੱਲ ਦਾ ਸਦਾ ਹੀ ਧਿਆਨ ਰੱਖਣਾ ਕਿ ਮੁਸਲਮਾਨ ਦਾ ਕਦੇ ਵੀ ਇਤਬਾਰ ਨਾ ਕਰਨਾ ਭਾਵੇਂ ਉਹ ਲੱਖਾਂ ਸੁਗੰਧਾਂ ਵੀ ਖਾਵੇ। ਜਿਵੇਂ ਕਿ ਪਤਲੇ ਗੁੜ ਵਿਚ ਬਾਂਹ ਲਬੇੜ ਕੇ ਤਿਲਾਂ ਦੇ ਢੇਰ ਵਿਚ ਬਾਂਹ ਪਾ ਦੇਈਏ ਤਾਂ ਜਿੰਨੇ ਵੀ ਤਿਲ ਬਾਂਹ ਨੂੰ ਚਿੰਬੜ ਜਾਣ, ਜੇ ਏਨੀਆਂ ਕਸਮਾਂ ਵੀ ਖਾਵੇ ਤਾਂ ਵੀ ਇਤਬਾਰ ਨਹੀਂ ਕਰਨਾ। ਕਿੱਡੀ ਸੌੜੀ ਸੋਚ ਹੈ - ਉਸ ਮਹਾਨ ਵਿਅਕਤੀ ਬਾਰੇ ਜਿਹੜੇ ਅਪਨੀ ਸਾਰੀ ਬਾਣੀ ਵਿਚ ਅਵਾਜ਼ੇ-ਬੁਲੰਦ ਨਾਲ ਸਮਝਾ ਰਹੇ ਹਨ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪ ਹੀ ਜੋਤਿ ਰੂਪ ਹੋ ਕੇ ਘਟ-ਘਟ ਵਿਚ ਬਿਰਾਜਮਾਨ ਹੁੰਦੇ ਹੋਏ ਆਪਣੀ ਕਿਰਿਆ ਕਰ ਰਹੇ ਹਨ। ਇਹ ਸਾਰੀ ਕਿਰਿਆ ਹੁਕਮ ਵਿਚ ਹੋ ਰਹੀ ਹੈ ਜਿਸ ਤਰ੍ਹਾਂ ਦੇ ਨਾਲ ਆਪ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ :-

*ਕਹੂੰ ਜੱਛ ਗੰਧਰਬ ਉਰਗ ਕਹੂੰ ਬਿਦਯਾਧਰ,*
*ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ।।*
*ਕਹੂੰ ਹੁਇਕੈ ਹਿੰਦੂਆ*
*ਗਾਇਤ੍ਰੀ ਕੋ ਗੁਪਤ ਜਪਿਓ,*
*ਕਾਹੂੰ ਹ੍ਵੈ ਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ।।*
*ਕਹੂੰ ਕੋਕ ਕਾਬ ਹੁਇਕੈ*
*ਪੁਰਾਨ ਕੋ ਪੜ੍ਹਤ ਮਤ,*
*ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ।।*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤਿ,*
*ਕਹੂੰ ਤ੍ਰਿਗੁਨ ਅਤੀਤ*
*ਕਹੂੰ ਸਰਗੁਨ ਸਮੇਤ ਹੋ।।*

*(ਅਕਾਲ ਉਸਤਤਿ)*

ਉਨ੍ਹਾਂ ਦੇ ਫੁਰਮਾਨ ਵਿਚ ਕਿਸੇ ਵੀ ਰਾਗ ਤੇ ਦਵੈਸ਼ ਦਾ ਝਲਕਾਰਾ ਨਹੀਂ ਪੈਂਦਾ। ਇਸ ਵਾਸਤੇ ਇਤਿਹਾਸਕਾਰਾਂ ਦਾ ਇਹ ਲਿਖ ਦੇਣਾ, ਇਹ ਲਿਖ ਕੇ ਦੋਸ਼ ਮੁਸਲਮਾਨਾਂ ਤੇ ਥੋਪ ਦੇਣਾ, ਇਕ ਅਨਜਾਣਪੁਣਾ ਹੀ ਹੈ। ਅਸਲ ਗਲ ਇਹ ਹੈ ਕਿ ਰਾਜਸੀ ਬਚਨ ਕਦੇ ਵੀ ਸੱਤਿ ਤੇ ਅਧਾਰਤ ਨਹੀਂ ਹੁੰਦੇ, ਇਹ ਇਕ ਡੰਗ ਟਪਾਊ ਕਿਰਿਆ ਹੁੰਦੀ ਹੈ। ਇਹ ਅਹਿਦਨਾਮੇ ਉਸ ਸਮੇਂ ਤਕ ਕਾਇਮ ਰਹਿੰਦੇ ਹਨ ਜਦੋਂ ਤਕ ਦੋਹਾਂ ਧਿਰਾਂ ਵਿਚ ਤਾਕਤ ਹੋਵੇ ਅਤੇ ਹਿਤਾਂ ਦੀ ਪੂਰਤੀ ਹੁੰਦੀ ਰਹੇ। ਸਰਕਾਰ ਦੇ ਅਹਿਦਨਾਮਿਆਂ ਦਾ ਕੋਈ ਇਤਬਾਰ ਨਹੀਂ ਹੋਇਆ ਕਰਦਾ। ਅੰਗਰੇਜ਼ ਦਾ ਕੀਤਾ ਹੋਇਆ ਅਹਿਦਨਾਮਾ ਖਾਲਸਾ ਰਾਜ ਨਾਲ ਓਨਾਂ ਚਿਰ ਹੀ ਸਤਿਕਾਰਯੋਗ ਰਿਹਾ, ਜਿੰਨਾਂ ਚਿਰ ਦੋਹਾਂ ਧਿਰਾਂ ਵਿਚ ਬਰਾਬਰ ਦੀ ਸ਼ਕਤੀ ਸੀ। ਜਦੋਂ ਉਨ੍ਹਾਂ ਨੇ ਖਾਲਸਾ ਰਾਜ ਵਿਚ ਫੁੱਟ ਪਾ ਕੇ ਇਸ ਸ਼ਕਤੀ ਨੂੰ ਕਮਜ਼ੋਰ ਕਰ ਦਿਤਾ ਤਾਂ ਸਿਰਫ ਪੰਜਾਬ ਤੀਕ ਹੀ ਕਬਜ਼ਾ ਨਹੀਂ ਕੀਤਾ, ਸਗੋਂ ਇਸ ਦੇ ਮਸੂਮ ਬਾਦਸ਼ਾਹ (ਮਹਾਰਾਜਾ ਦਲੀਪ ਸਿੰਘ) ਨੂੰ ਦੀਨੋ ਬੇਦੀਨ ਕਰਕੇ ਆਪਣੀ ਜਨਮ ਭੂਮੀ ਉਪਰ ਅੰਤਿਮ ਸਫਰ ਭੀ ਨਾ ਕਰਨ ਦਿਤਾ।

ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਦੀ ਦਾਤ ਗੁਰਸਿੱਖਾਂ ਨੂੰ ਬਖਸ਼ੀ। ਅੰਮ੍ਰਿਤ ਦੀ ਖੋਜ, ਆਦਿ ਕਾਲ ਤੋਂ ਹੀ ਬਣੀ ਹੋਈ ਸੀ। ਕੋਈ ਇਸ ਨੂੰ ਪਹਾੜਾਂ ਦੇ ਚਸ਼ਮਿਆਂ ਵਿੱਚ ਭਾਲਦਾ ਸੀ ਅਤੇ ਕੋਈ ਯੋਗ ਸਾਧਨਾ ਸਾਧ ਕੇ ਆਪਣੇ ਹੀ ਅੰਦਰ ਅੰਮ੍ਰਿਤ ਦੀ ਖੋਜ ਕਰਦਾ ਸੀ। ਦੇਵੀ ਦੇਵਤਿਆਂ ਨੇ ਅੰਮ੍ਰਿਤ ਦੀ ਪ੍ਰਾਪਤੀ ਲਈ ਦੈਂਤਾਂ ਨਾਲ ਯੁੱਧ ਕੀਤੇ। ਇਹ ਸਾਰੀਆਂ ਬੇਅੰਤ ਕਥਾ-ਕਹਾਣੀਆਂ ਹਨ ਪਰ ਗੁਰੂ ਮਹਾਰਾਜ ਜੀ ਨੇ ਗੁਰਬਾਣੀ ਅੰਦਰ ਅੰਮ੍ਰਿਤ ਬਾਰੇ ਦੱਸਿਆ ਹੈ ਕਿ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ।।*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ।।*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ*
*ਖੁਆਇਆ। ਪੰਨਾ 644*

ਇਸ ਮਹਾਨ ਅੰਮ੍ਰਿਤ ਦੀ ਕਦਰ ਮਨਮੁਖਾਂ ਨੂੰ ਨ ਹੋਣ ਕਰਕੇ ਮਨੁਖ ਨੇ ਅਪਣਾ ਜਨਮ ਬਿਰਥਾ ਗਵਾ ਲਿਆ। ਇਹ ਅੰਮ੍ਰਿਤ ਤਾਂ ਆਪਣੇ ਅੰਦਰ ਹੀ ਸੀ ਜਿਸ ਦੇ ਬਾਰੇ ਸੁਖਮਨੀ ਸਾਹਿਬ ਅੰਦਰ ਫੁਰਮਾਨ ਆਇਆ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।।*
*ਦੇਹੀ ਮਹਿ ਇਸ ਕਾ ਬਿਸਰਾਮੁ।।*
*ਸੁੰਨ ਸਮਾਧਿ ਅਨਹਤ ਤਹ ਨਾਦ।।*
*ਕਹਨੁ ਨ ਜਾਈ ਅਚਰਜ ਬਿਸਮਾਦ।।*

*ਪੰਨਾ - 293*

ਗੁਰੂ ਦਸਮੇਸ਼ ਪਿਤਾ ਜੀ ਨੇ ਇਸ ਅੰਮ੍ਰਿਤ ਤੱਕ ਰੁਸਵਾਈ ਕਰਨ ਲਈ ਬਾਣੀ ਦੀ ਸ਼ਕਤੀ ਨਾਲ ਜਲ ਉਪਰ ਬਾਣੀਆਂ ਪੜ੍ਹਕੇ ਖੰਡੇ ਬਾਟੇ ਵਿਚ ਤਿਆਰ ਕੀਤੀ ਪਾਹੁਲ ਬਣਾਈ ਅਤੇ ਸਿਖਾਂ ਨੂੰ ਜਦੋਂ ਪਿਲਾਈ ਤਾਂ ਗੁਰ ਮੰਤਰ ਦੇ ਬਲ ਨਾਲ ਇਨਸਾਨ ਦੀ ਸੁਰਤਿ ਅੰਮ੍ਰਿਤ ਤੱਕ ਸਹਿਜੇ ਹੀ ਪਹੁੰਚ ਗਈ। ਅੰਮ੍ਰਿਤ ਦੀ ਪ੍ਰਾਪਤੀ ਕਰਨ ਉਪ੍ਰੰਤ ਮੌਤ ਅਤੇ ਜਿੰਦਗੀ ਦੇ ਭੇਦ ਨੂੰ ਪ੍ਰਾਪਤ ਕਰ ਲਿਆ ਅਤੇ ਓਹੀ ਜੀਵ ਪੂਰਨ ਨਿਰਭੈ ਅਵਸਥਾ ਵਿੱਚ ਆ ਕੇ ਪੂਰਨ ਨਿਆਂਕਾਰੀ, ਰਾਗ ਦਵੈਸ਼ ਤੋਂ ਉਚਾ, ਸਭ ਦਾ ਸਾਂਝਾ, ਸਭ ਦਾ ਪਿਆਰਾ, ਪਰਉਪਕਾਰੀ ਗੁਰਮੁਖ, ਸਾਧੂ ਸੰਤ, ਖਾਲਸਾ ਬਣ ਗਿਆ ਅਤੇ ਪਰਮ ਉਚਤਾ ਪ੍ਰਾਪਤ ਕਰਕੇ ਸੰਸਾਰ ਨੂੰ ਸੁਖਾਂ ਦਾ ਸੰਦੇਸ਼ ਦੇਣ ਲਈ ਅਤੇ ਸੰਸਾਰ ਵਿਚੋਂ ਬੁਰਿਆਈਆਂ ਦੀ ਕੋਹੜ ਨੂੰ ਹੂੰਝ ਕੇ ਬਾਹਰ ਸੁੱਟਣ ਲਗਿਆ। ਇਕ ਸਾਧਾਰਣ ਮਨੁਖ ਨੂੰ ਮੰਤ੍ਰ ਕੀਤਾ ਹੋਇਆ ਜਲ, ਜਿਸ ਨੂੰ 'ਪਾਹੁਲ' ਕਹਿੰਦੇ ਹਨ, ਪਿਲਾ ਕੇ ਐਨਾ ਉੱਚਾ ਕਰ ਦਿੱਤਾ ਕਿ ਉਸ ਦੀ ਬਰਾਬਰੀ ਆਪ ਨੇ ਵਾਹਿਗੁਰੂ ਜੀ ਦੇ ਸਮਾਨ ਪ੍ਰਗਟ ਕਰ ਦਿੱਤੀ-

*ਆਤਮ ਰਸ ਜਿਹ ਜਾਨਹੀ ਸੋ ਹੈ*
*ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ)*

ਇਸ ਅੰਮ੍ਰਿਤ ਦੀ ਘਟਨਾ ਨੇ ਭਾਰਤੀ ਜਨਤਾ ਵਿੱਚ ਇਕ ਇਨਕਲਾਬ ਲਿਆ ਦਿੱਤਾ। ਮੌਤ ਦਾ ਡਰ ਕਤਈ ਖਤਮ ਹੋ ਗਿਆ ਅਤੇ ਜੀਵਨ ਨੂੰ ਪਰਮ ਉਚ ਸੇਵਾ ਵਿੱਚ ਲਾਉਣ ਲਈ ਉਤਸੁਕਤਾ ਜਾਗ ਪਈ ਜਿਸ ਨੇ ਦੇਸ਼ ਵਿੱਚ ਇਨਕਲਾਬ ਲਿਆ ਦਿੱਤਾ। ਮਨੁਖੀ ਹੱਕ ਸੁਰੱਖਿਅਤ ਹੋ ਗਏ ਅਤੇ ਇਹ ਦੇਸ਼ ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਸੁਤੰਤਰ ਹੋ ਗਿਆ। ਅੰਮ੍ਰਿਤ ਦੀ ਪ੍ਰਾਪਤੀ ਦੀ ਸੋਝੀ ਬਖਸ਼ ਦਿੱਤੀ ਅਤੇ ਭਟਕਦਾ ਜੀਵ ਅੰਮ੍ਰਿਤ ਦੀ ਪ੍ਰਾਪਤੀ ਕਰਕੇ ਸਦੀਵ ਕਾਲ ਲਈ ਅਮਰ ਹੋ ਗਿਆ। ਇਨਸਾਨੀ ਜੀਵਨ ਅੰਦਰ ਇਹ ਇਕ ਬਹੁਤ ਵੱਡਾ ਇਨਕਲਾਬ ਸੀ ਜੋ ਗੁਰੂ ਦਸਮੇਸ਼ ਪਿਤਾ ਜੀ ਨੇ ਕਿਰਪਾ ਕਰਕੇ ਬਖਸ਼ਿਆ।

ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਸਿਮਰਨ ਤੇ ਸੇਵਾ ਨੂੰ ਬਹੁਤ ਹੀ ਪ੍ਰਧਾਨਗੀ ਦਿੱਤੀ ਅਤੇ ਸੇਵਾ ਤੋਂ ਬਗੈਰ ਜੀਵਨ ਨੂੰ ਨਿਹਫਲ ਦੱਸਿਆ। ਗੁਰਸਿਖ ਨੂੰ ਸੇਵਾ ਦੀ ਮੂਰਤੀ ਬਣਨ ਵਾਸਤੇ ਸਦਾ ਹੀ ਉਪਦੇਸ਼ ਦਿੰਦੇ ਰਹੇ। ਸੇਵਾਦਾਰ ਵਲੋਂ ਕੀਤੀ ਸੇਵਾ ਜੇ ਗੁਰੂ ਨੂੰ ਪ੍ਰਵਾਨ ਹੋ ਜਾਵੇ ਤਾਂ ਸਾਰੀਆਂ ਬਰਕਤਾਂ ਆ ਜਾਂਦੀਆਂ ਹਨ। ਸੇਵਾ ਕਰਦਿਆਂ ਅਭਿਮਾਨ ਨੂੰ ਤਿਆਗਣਾ ਅਤੀ ਜ਼ਰੂਰੀ ਦੱਸਿਆ। ਆਪ ਨੇ ਫੁਰਮਾਨ ਕੀਤਾ-

*ਸਾ ਸੇਵਾ ਕੀਤੀ ਸਫਲ ਹੈ*
*ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ*
*ਤਾ ਪਾਪ ਕਸੰਮਲ ਭੰਨੇ॥*

*ਪੰਨਾ - 314*

*ਵਿਚਿ ਦੁਨੀਆ ਸੇਵ ਕਮਾਈਐ*
*ਤਾ ਦਰਗਹਿ ਬੈਸਣੁ ਪਾਈਐ॥ ਪੰਨਾ - 26*

ਸੇਵਾ ਤੋਂ ਹੀ ਸਾਰੇ ਪਦਾਰਥ ਮਿਲਦੇ ਹਨ:-

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥ ਪੰਨਾ - 266*

ਅਜਿਹੇ ਉਪਦੇਸ਼ ਦੇ ਕੇ ਗੁਰਸਿਖਾਂ ਨੂੰ ਸੇਵਾ ਵਿੱਚ ਨਿਪੁੰਨ ਕੀਤਾ ਅਤੇ ਸੇਵਾ-ਰਹਿਤ ਜੀਵਨ ਨੂੰ ਮੁਰਦਾ ਦੱਸਿਆ।

ਗੁਰੂ ਮਹਾਰਾਜ ਜੀ ਨੇ ਗੁਰਸਿੱਖਾਂ ਨੂੰ ਦੱਸਿਆ ਕਿ ਸੇਵਾ ਤੋਂ ਬਗੈਰ ਆਦਮੀ ਮੁਰਦਾ ਹੋਇਆ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

*ਅੰਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀਂ ਭਗਵੰਤ॥ ਪੰਨਾ - 253*

ਅਤੇ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ-

*ਬਿਨ ਸੇਵਾ ਧ੍ਰਿਗ ਹਥ ਪੈਰ*
*ਹੋਰ ਨਿਹਫਲ ਕਰਣੀ॥*

ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ, ਪਖੰਡਾਂ, ਕਰਮ ਕਾਂਡਾਂ ਅਤੇ ਅੰਨ੍ਹੇਵਾਹ ਦਾਨ ਦੇਣ ਦੀ ਪ੍ਰਥਾ ਨੂੰ ਰੋਕਦਿਆਂ ਫੁਰਮਾਨ ਕੀਤਾ ਕਿ ਦਾਨ ਹਮੇਸ਼ਾ ਉਨ੍ਹਾਂ ਗੁਰਮੁਖ ਪਿਆਰਿਆਂ ਨੂੰ, ਮਹਾਂਪੁਰਖਾਂ ਨੂੰ ਦੇਣਾ ਚਾਹੀਦਾ ਹੈ ਜਿਹੜੇ ਆਪਣੇ ਐਸ਼ ਆਰਾਮ ਦੀ ਥਾਂ ਦੂਜਿਆਂ ਦੀ ਭਲਾਈ ਵਾਸਤੇ ਤੱਤਪਰ ਰਹਿੰਦੇ ਹਨ ਅਤੇ ਗੁਰਮੁਖਾਂ ਵੱਲ ਇਸ਼ਾਰਾ ਕਰਕੇ ਫੁਰਮਾਇਆ ਕਿ-

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨਹੀ ਕੋ ਦਯੋ,*
*ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭਹੀ ਇਨਹੀ ਕੋ॥*

*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,*
*ਇਨਹੀ ਕ੍ਰਿਪਾ ਫੁਨ ਧਾਮ ਭਰੇ॥*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀ ਮੋ ਸੇ ਗਰੀਬ ਕਰੋਰ ਪਰੇ॥*

ਇਸ ਪ੍ਰਕਾਰ ਗੁਰੂ ਮਹਾਰਾਜ ਜੀ ਦੇ ਜੀਵਨ ਵਿੱਚ ਅਨੇਕਾਂ ਕੌਤਕ ਅਜਿਹੇ ਹਨ ਜਿਹੜੇ ਸਾਨੂੰ ਬਹੁਤ ਹੀ ਸੋਚ ਸਮਝ ਕੇ ਅਪਨਾਉਣੇ ਚਾਹੀਦੇ ਹਨ। ਗੁਰੂ ਮਹਾਰਾਜ ਜੀ ਬਹੁਤ ਹੀ ਦਿਆਲੂ ਸਨ। ਗੁਰਸਿੱਖਾਂ ਵਲੋਂ ਭੁੱਲ ਚੁੱਕ ਹੋਣ ਤੇ ਆਪ ਜੀ ਮੁਆਫ ਕਰ ਦਿਆ ਕਰਦੇ ਸਨ ਅਤੇ ਅੱਗੇ ਵਾਸਤੇ ਸ਼ੁਧ ਭਾਵਨਾ ਦੀ ਦਾਤ ਬਖਸ਼ ਦਿਆ ਕਰਦੇ ਸਨ।

(-----)

ਸੱਚਖੰਡਵਾਸੀ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਮਹਾਂਸਮਾਧੀ ਦਿਵਸ ਦੇ ਸਬੰਧ ਵਿੱਚ

# ਗੁਰਮਤਿ ਸਮਾਗਮ

**ਗ. ਰਤਵਾੜਾ ਸਾਹਿਬ** ਵਿਖੇ

ਮਿਤੀ - **28** ਤੋਂ **ਅਕਤੂਬਰ**

**ਸਮਾਂ : ਸਵੇਰੇ 3.00 ਤੋਂ ਰਾਤ 11.00 ਤੱਕ**

# ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ*
*ਮੈ ਕਿਛੁ ਨਾਹੀ-ਮੈ ਕਿਛੁ ਨਾਹੀ।*
*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ*
*ਸੁਆਮੀ ਮੇਰਾ ॥੧॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
*ਅੰਗ - ੮੨੭*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਦਰਬਾਰ ਦੇ ਵਿਚ ਆਪ ਸਾਰੇ ਸ਼ਸ਼ੋਭਤ ਹੋਂ। ਵੱਡੇ ਭਾਗਾਂ ਦੇ ਨਾਲ ਸਤਿਸੰਗ ਦੀ ਪ੍ਰਾਪਤੀ ਹੋਇਆ ਕਰਦੀ ਹੈ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ, ਆਪ ਨੂੰ ਪਤਾ ਸੀ ਕਿ ਸਾਡੇ ਸਰੀਰ ਛੱਡਣ ਤੋਂ ਬਾਅਦ ਗੁਰੂ ਜੋ ਹੈ ਉਹ ਸ਼ਬਦ ਨੇ ਬਣ ਜਾਣਾ ਹੈ, ਕਿਉਂਕਿ ਸ਼ਬਦ ਆਦਿ ਤੋਂ ਗੁਰੂ ਹੈ। ਸ਼ਬਦ ਤੋਂ ਹੀ ਸ੍ਰਿਸ਼ਟੀ ਪੈਦਾ ਹੋਈ ਹੈ। ਸ੍ਰਿਸ਼ਟੀ ਨੇ ਸ਼ਬਦ ਵਿਚ ਹੀ ਲੀਨ ਹੋ ਜਾਣਾ ਹੈ। ਸ਼ਬਦ ਹੀ ਸਾਡੇ ਅੰਦਰ ਪੂਰਨ ਹੈ, ਅੰਦਰ ਧੁਨ ਹੈ ਸਾਡੇ, ਸਾਰਿਆਂ ਨੂੰ ਨਹੀਂ ਪਤਾ, ਸ਼ੌਕ ਵਾਲੇ ਬੰਦਿਆਂ ਨੂੰ, ਜਗਿਆਸੂਆਂ ਨੂੰ ਏਸ ਗੱਲ ਦੀ ਸੋਝੀ ਹੈ ਕਿ ਨਾਮ ਕੀ ਹੁੰਦਾ ਹੈ ਤੇ ਅੰਦਰ ਕਿਸ ਤਰ੍ਹਾਂ ਦੇ ਨਾਲ ਜਾਂਦਾ ਹੈ, ਕੀ ਇਹਦੀਆਂ ਬਰਕਤਾਂ ਨੇ। ਸੋ ਓਸ ਸ਼ਬਦ ਦੇ ਵਿਚੋਂ ਸਭ ਕੁਛ ਆਇਆ ਹੈ, ਉਹ ਸ਼ਬਦ ਸਾਡੇ ਵਿਚ ਰਲ ਕੇ ਸ਼ੁੱਧ ਨਹੀਂ ਰਿਹਾ। ਉਹ ਮਾਇਆ ਦੇ ਨਾਲ ਰਲਣ ਕਰਕੇ ਅਸ਼ੁੱਧ ਹੋ ਗਿਆ, ਉਹਦਾ ਪ੍ਰਗਟਾਵਾ ਉਸ ਤਰ੍ਹਾਂ ਨਹੀਂ ਰਿਹਾ। ਸ਼ਬਦ ਤਾਂ ਸ਼ੁੱਧ ਹੈ ਪਿੱਛੇ ਲੇਕਿਨ ਸਾਡੇ ਸਰੀਰ ਦੇ, ਸਾਡੇ ਖਿਆਲਾਂ ਨਾਲ, ਸਾਡੇ ਮਨ ਨਾਲ ਬੁੱਧੀ ਨਾਲ ਰਲ ਕੇ ਇਹਦਾ ਰਲਾਓ ਬਹੁਤ ਸਾਰਾ ਵਿਚ ਪੈ ਗਿਆ। ਲੇਕਿਨ ਜੋ ਸ਼ੁੱਧ ਸ਼ਬਦ ਸੰਸਾਰ ਦੇ ਅੰਦਰ ਹੈ, ਉਹ ਮਹਾਂਪੁਰਸ਼ਾਂ ਦੇ ਅਨੁਭਵ ਤੋਂ ਵਾਹਿਗੁਰੂ ਵਲੋਂ relay ਕੀਤੀ ਹੋਈ ਬਾਣੀ, ਦੁਨੀਆਂ ਦੇ ਤਾਰਨ ਦੇ ਸਿਧਾਂਤ, ਜਿਨ੍ਹਾਂ ਨੂੰ ਕ੍ਰਿਪਾ ਕਰਕੇ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸ਼ਕਲ ਦੇ ਕੇ ਇਹਦੇ ਵਿਚ ਸੁਰਖਸ਼ਿਤ ਕਰ ਦਿਤਾ। ਏਸ ਕਰਕੇ ਸਾਡਾ ਗੁਰੂ ਸ਼ਬਦ ਹੈ -

*ਸ਼ਬਦ ਗੁਰੂ ਸੁਰਤਿ ਧੁਨਿ ਚੇਲਾ। ਅੰਗ. ੯੪੩*

ਧਿਆਨ ਰੱਖੋ ਇਨ੍ਹਾਂ ਗੱਲਾਂ ਦਾ ਕਿਉਂਕਿ ਇਹ ਗੱਲਾਂ ਕਈ ਵਾਰੀ ਤੁਹਾਨੂੰ ਕਰਨੀਆਂ ਪੈਣੀਆਂ ਨੇ। ਕਈ ਵਾਰੀ ਤੁਸੀਂ ਨਿਰੁੱਤਰ ਹੋ ਜਾਵੋਂਗੇ ਜਦੋਂ ਕਿਸੇ ਨੇ ਸਵਾਲ ਕਰ ਦਿਤਾ। ਇਹ ਸ਼ਬਦ ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੈ। ਸਭ ਗਿਆਨ ਸ਼ਬਦ 'ਚ ਹੁੰਦਾ ਹੈ। ਸੋ ਸਾਨੂੰ ਨਿਰੋਲ ਸ਼ਬਦ ਦੇ ਲੜ ਗੁਰੂ ਦਸ਼ਮੇਸ਼ ਪਿਤਾ ਨੇ ਨਾਲ ਲਾਇਆ ਤੇ ਨਾਲ ਸਾਡੇ ਬੀਰ ਬਲ ਨੂੰ ਸੁਖਾਲਾ ਰੱਖਣ ਵਾਸਤੇ, ਬਹੁਤ ਛੋਟੇ-ਛੋਟੇ ਉਪਦੇਸ਼ ਜਿਨ੍ਹਾਂ ਦਾ ਬਹੁਤ ਵੱਡਾ=ਵੱਡਾ ਮਹੱਤਵ ਸੀ, ਉਹ ਆਪ ਦਿੰਦੇ ਰਹੇ।

ਇਕ ਵਾਰੀ ਸੰਗਤ ਆਈ, ਦੂਰ ਦੀ ਸੰਗਤ ਸੀ, ਕਹਿਣ ਲੱਗੇ ਸੱਚੇ ਪਾਤਸ਼ਾਹ! ਅਸੀਂ ਬਾਣੀ ਪੜ੍ਹਦੇ ਹਾਂ ਤੇ ਸਾਨੂੰ ਬਾਣੀ ਦਾ ਕੋਈ ਅਸਰ ਨਹੀਂ ਹੁੰਦਾ? ਮਹਾਰਾਜ ਜੀ ਕਹਿੰਦੇ ਤੁਸੀਂ ਪੜ੍ਹਦੇ ਨਹੀਂ ਹੈਗੇ। ਇਕ ਗੁਰਸਿੱਖ ਖੜ੍ਹਾ ਹੋਇਆ ਕਹਿੰਦਾ, ਸੱਚੇ ਪਾਤਸ਼ਾਹ! ਆਪ ਜੀ ਦਾ ਹੁਕਮ ਹੈ, ਪੰਜ ਬਾਣੀਆਂ ਪੜ੍ਹਨ ਦਾ। ਪਰ ਮੈਂ 19 ਬਾਣੀਆਂ ਰੋਜ਼ ਪੜ੍ਹਦਾ ਹਾਂ, 20 ਪੜ੍ਹਦਾ ਹਾਂ। ਦੂਜਾ ਕਹਿੰਦਾ ਮੈਂ 21 ਪੜ੍ਹਦਾ ਹਾਂ। ਮਹਾਰਾਜ ਕਹਿੰਦੇ ਨਾ, ਤੁਸੀਂ ਤਾਂ ਪੜ੍ਹਦੇ ਹੀ ਨਹੀਂ ਹੋ। ਐਵੇਂ ਭੁਲੇਖਾ ਪਾਈ ਫਿਰਦੇ ਓ। ਹੈਰਾਨ ਹੋ ਗਏ ਕਿ ਹੁਣ ਗੁਰੂ ਸਾਹਿਬ ਨੂੰ ਕੀ ਕਹੀਏ, ਅੰਤਰਜਾਮੀ ਨੇ, ਜ਼ਰੂਰ ਸਾਡੇ ਵਿਚ ਕੋਈ ਨੁਕਸ ਹੈ। ਪੜ੍ਹਦੇ ਤਾਂ ਅਸੀਂ ਹੈਗੇ ਪਰ ਇਹ ਪ੍ਰਵਾਨ ਨਹੀਂ ਹੁੰਦੀਆਂ ਗੁਰੂ ਘਰ 'ਚ। ਵਜ੍ਹਾ ਕੀ ਹੈ? ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਪੜ੍ਹਦੇ ਤਾਂ ਹੈਗੇ, ਜੇ ਕੋਈ ਫਰਕ ਹੈ ਤਾਂ ਸਾਨੂੰ ਦੱਸ ਦਿਓ। ਕਿਉਂਕਿ ਅਸੀਂ ਵੀ ਪੜ੍ਹਦੇ ਹਾਂ, ਸਾਡਾ ਮਨ ਨਹੀਂ ਲਗਦਾ। ਸਵਾਲ ਹੈ ਜਿਹੜੇ ਤੁਰੇ ਹੋਏ ਨੇ ਏਸ ਰਸਤੇ ਉਨ੍ਹਾਂ ਨੂੰ ਮਨ ਤੰਗ ਕਰਦਾ ਹੈ, ਮਨ ਨਾਲ ਹੀ ਸਾਡਾ ਸਬੰਧ ਹੈ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਜੇ ਮਨ ਹੀ ਨਾ ਲੱਗਿਆ ਕਿਸੇ ਗੱਲ ਦੇ ਵਿਚ, ਉਹ ਗੱਲ ਸਿੱਧ ਨਹੀਂ ਹੁੰਦੀ। ਬੱਚਾ ਪੜ੍ਹ ਰਿਹਾ ਹੈ, ਉਹਦਾ ਮਨ ਨਹੀਂ ਲਗ ਰਿਹਾ ਪੜ੍ਹਾਈ 'ਚ। ਟਿਊਸ਼ਨ ਰੱਖੀ ਹੋਈ ਹੈ ਹਜ਼ਾਰ ਰੁਪਏ ਮਹੀਨੇ ਦੀ। ਸਭ ਤੋਂ well qualify ਟੀਚਰ ਰੱਖਿਆ ਹੋਇਆ ਹੈ। ਜੇ ਮਨ ਨਹੀਂ ਸਾਥ ਦੇ ਰਿਹਾ ਉਹ ਪਾਸ ਨਹੀਂ ਹੋ ਸਕਦਾ, ਨੰਬਰ ਨਹੀਂ ਲੈ ਸਕਦਾ। ਇਕ ਗਰੀਬ ਲੜਕਾ ਜਿਸਦਾ ਮਨ ਇਕਾਗਰ ਹੈ, ਉਹ ਫਸਟ ਆ ਜਾਂਦਾ ਹੈ। ਸੋ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਪੜ੍ਹਦੇ ਨਹੀਂ ਓਂ। ਹੱਥ ਜੋੜ ਕੇ ਕਿਹਾ ਪਾਤਸ਼ਾਹ! ਕਿਸ ਤਰ੍ਹਾਂ ਸਾਨੂੰ ਪਤਾ ਲੱਗੇ? ਮਹਾਰਾਜ ਜੀ ਨੇ ਇਕ ਬਾਲਟੀ ਸੁਖ ਨਿਧਾਨ ਦੀ, ਕਹਿ ਕੇ ਮੰਗਵਾ ਲਈ। ਬਾਟੇ ਮੰਗਵਾ ਲਏ, ਇਕ ਵੱਡੇ ਇਕ ਛੋਟੇ। ਛੋਟੇ ਬਾਟਿਆਂ ਦੇ ਵਿਚ ਦੋ-ਦੋ ਘੁੱਟਾਂ ਪਾ ਦਿਤੀਆਂ। ਵੱਡੇ ਬਾਟੇ ਮੂੰਹ ਤੱਕ ਭਰ ਦਿਤੇ। ਕਹਿੰਦੇ ਉਥੇ ਚਲੇ ਜਾਓ ਤੇ ਭਾਈ ਵੱਡੇ ਬਾਟਿਆਂ ਵਾਲੇ ਮੂੰਹ 'ਚ ਘੁੱਟ ਭਰੋ, ਲੇਕਿਨ ਖਿਆਲ ਰੱਖਣਾ ਕਿ ਇਕ ਕਤਰਾ ਵੀ ਅੰਦਰ ਨਾ ਜਾਵੇ। ਜਿਹੜੇ ਦੋ-ਦੋ ਘੁੱਟਾਂ ਵਾਲੇ ਨੇ ਉਹ ਪੀ ਲਵੋ। ਸੋ ਉਸ ਤੋਂ ਥੋੜ੍ਹੀ ਦੇਰ ਬਾਅਦ



ਗੁਰਦੁਆਰਾ ਬੰਦਾ ਘਾਟ ਸਾਹਿਬ ਨੰਦੇੜ



ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਬਣਾ ਕੇ ਪੰਜਾਬ ਵੱਲ ਨੂੰ ਭੇਜਦੇ ਹੋਏ।

ਮਹਾਰਾਜ ਜੀ ਨੇ ਪੁਛਿਆ, ਜਦੋਂ ਸਾਰਾ ਕੰਮ ਹੋ ਹਟਿਆ। ਕਹਿੰਦੇ, ਕਿਉਂ ਭਾਈ ਤੁਹਾਨੂੰ ਸਰੂਰ ਆਇਆ, ਤੁਹਾਡੇ ਕੋਲ ਤਾਂ ਬਹੁਤ ਵੱਡੇ-ਵੱਡੇ ਬਾਟੇ ਸੀ? ਕਹਿੰਦੇ, ਸੱਚੇ ਪਾਤਸ਼ਾਹ! ਸਰੂਰ ਕੀ ਆਉਣਾ ਹੈ, ਮੂੰਹ ਦਾ ਸੁਆਦ ਵੀ ਗੁਆ ਲਿਆ ਅਸੀਂ। ਤੁਸੀਂ ਤਾਂ ਕਿਹਾ ਸੀ ਕਿ ਇਕ ਕਤਰਾ ਨਾ ਅੰਦਰ ਜਾਣ ਦਿਓ, ਅਸੀਂ ਤੁਹਾਡੇ ਹੁਕਮ ਦੀ ਪਾਲਣਾ ਕਰੀ ਹੈ। ਦੂਜਿਆਂ ਨੂੰ ਪੁੱਛਿਆ, ਉਹ ਕਹਿੰਦੇ ਮਹਾਰਾਜ ਜੀ! ਸਾਡਾ ਤਾਂ ਸਿਰ ਘੁੰਮਣ ਲੱਗ ਗਿਆ। ਪੈਰ ਸਾਡੇ ਵਜ਼ਨ ਨਹੀਂ ਸੰਭਾਲ ਰਹੇ। ਮਹਾਰਾਜ ਕਹਿੰਦੇ, ਪ੍ਰੇਮੀਓ! ਇਨ੍ਹਾਂ ਨੂੰ ਕਿਉਂ ਇਸ ਤਰ੍ਹਾਂ ਹੋ ਰਿਹਾ ਹੈ, ਤੇ ਤੁਹਾਨੂੰ ਕਿਉਂ ਨਹੀਂ ਹੋਇਆ? ਕਹਿੰਦੇ, ਮਹਾਰਾਜ! ਅਸੀਂ ਤਾਂ ਅੰਦਰ ਨਹੀਂ ਕੁਛ ਵੀ ਲੰਘਾਇਆ, ਇਨ੍ਹਾਂ ਨੇ ਦੋ-ਦੋ ਘੁੱਟਾਂ ਅੰਦਰ ਲੰਘਾ ਲਈਆਂ। ਮਹਾਰਾਜ ਕਹਿੰਦੇ, ਪਿਆਰਿਓ! ਇਸੇ ਤਰ੍ਹਾਂ ਤੁਸੀਂ ਬਾਣੀ ਨੂੰ ਹਿਰਦੇ 'ਚ ਨਹੀਂ ਲਿਜਾਂਦੇ, ਕੇਵਲ ਜ਼ੁਬਾਨ ਦੇ ਨਾਲ ਪੜ੍ਹਦੇ ਓਂ। ਬੁੱਧੀ ਨਾਲ ਵਿਚਾਰਦੇ ਨਹੀਂ, ਵਿਚਾਰ ਕੇ ਹਿਰਦੇ 'ਚ ਧਾਰਨ ਨਹੀਂ ਕਰਦੇ। ਬਾਣੀ ਦੇ ਵਿਚ ਤਾਂ ਕਸੂਰ ਨਹੀਂ ਹੈ। ਬਾਣੀ ਬਾਰੇ ਤਾਂ ਐਸਾ ਫੁਰਮਾਨ ਹੈ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ ਨਾਮ ਖੁਮਾਰੀ-ਨਾਮ ਖੁਮਾਰੀ।***

ਮਹਾਰਾਜ ਕਹਿਣ ਲੱਗੇ ਪਿਆਰਿਓ! ਨਸ਼ਾ ਚਾਹੇ ਕੋਈ ਹੋਵੇ, ਚਾਹੇ ਮੂੰਹ ਨਾਲ ਪੀਣ ਵਾਲਾ ਹੋਵੇ, ਚਾਹੇ ਅੱਖਾਂ ਨਾਲ ਦੇਖਣ ਵਾਲਾ ਹੋਵੇ, ਚਾਹੇ ਕੰਨਾਂ ਨਾਲ ਸੁਣਨ ਵਾਲਾ ਹੋਵੇ, ਚਾਹੇ ਸਪਰਸ਼ ਦੇ ਨਾਲ ਮਾਨਣ ਵਾਲਾ ਹੋਵੇ, ਨਸ਼ਾ ਅਸਰ ਕਰਿਆ ਹੀ ਕਰਦਾ ਹੈ। ਸਾਰੇ ਹੈਰਾਨ ਹੋ ਗਏ ਕਿ ਮਹਾਰਾਜ! ਆਹ ਤਾਂ ਅਸੀਂ ਅੱਜ ਨਵੀਂ ਗੱਲ ਸੁਣੀ ਹੈ। ਮਹਾਰਾਜ ਕਹਿੰਦੇ, ਇਕ ਤਾਂ ਨਸ਼ੇ ਉਹ ਨੇ ਜਿਹੜੇ ਸਰੀਰ ਨੂੰ ਚੜ੍ਹਦੇ ਨੇ, ਇਕ ਨਸ਼ੇ ਉਹ ਨੇ ਜਿਹੜੇ ਮਨ ਨੂੰ ਚੜ੍ਹਦੇ ਨੇ, ਕਿਸੇ ਦੇ ਘਰ ਓਲਾਦ ਹੋ ਜਾਵੇ, ਖਬਰ ਆ ਜਾਵੇ ਕਿ ਅੱਗੇ ਪੀੜ੍ਹੀ ਚਲ ਗਈ ਹੈ, ਵੇਲ੍ਹ ਵਧਣ ਲੱਗ ਗਈ ਹੈ, ਕੰਨਾਂ ਦੇ ਰਾਹੀਂ ਸੁਣਿਆ ਹੈ, ਸੁਣਨ ਦੇ ਨਾਲ ਨਸ਼ਾ ਹੋ ਜਾਏਗਾ, ਉਸੇ ਵੇਲੇ ਖੁਸ਼ੀਆਂ ਹੋ ਜਾਣਗੀਆਂ, ਪੈਸੇ ਜੇਬ 'ਚੋਂ ਕੱਢੇਗਾ, ਆਹ ਖਰਚ ਕਰ ਲਓ, ਆਹ ਕਰ ਲਓ, ਵਧਾਈਆਂ ਮਿਲਣਗੀਆਂ ਉਹਦਾ ਹੋਰ ਨਸ਼ਾ ਚੜ੍ਹਦਾ ਹੈ। ਲੜਕਾ ਪਾਸ ਹੋ ਜਾਏਗਾ, ਫਸਟ ਆ ਜਾਏ, ਚੁਣਿਆ ਜਾਵੇ ਆਈ.ਏ.ਐਸ, ਨਸ਼ਾ ਚੜ੍ਹ ਜਾਏਗਾ ਸੁਣਦੇ ਸਾਰ। ਪੁੱਤਰ ਧੀ ਬਾਹਰ ਗਿਆ ਹੋਵੇ, ਪੰਜ ਦੱਸ ਸਾਲ ਉਹਦਾ ਕੋਈ ਪਤਾ ਨਾ ਲੱਗੇ, ਉੱਘ-ਸੁੱਘ ਨਾ ਲੱਗੇ, ਅਚਾਨਕ ਤੁਹਾਡੇ ਸਾਮ੍ਹਣੇ ਆ ਕੇ ਖੜ੍ਹਾ ਹੋ ਜਾਵੇ ਤੇ ਅੱਖਾਂ ਨਾਲ ਨਸ਼ਾ ਚੜ੍ਹ ਜਾਏਗਾ।



ਗੁਰਦੁਆਰਾ ਨਗੀਨਾ ਘਾਟ ਸਾਹਿਬ



ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ

ਸੋ ਏਸੇ ਤਰ੍ਹਾਂ ਦੇ ਨਾਲ ਖਾਣ ਨਾਲ, ਪੀਣ ਨਾਲ, ਮਹਾਰਾਜ ਕਹਿੰਦੇ ਕਈ ਕਿਸਮ ਦੇ ਨਸ਼ੇ ਨੇ, ਇਕ ਤਾਂ ਉਹ ਨਸ਼ੇ ਨੇ ਜਿਹੜੇ ਅਸੀਂ ਮੂੰਹ ਨਾਲ ਪੀਂਦੇ ਹਾਂ। ਇਹ ਸਾਰੇ ਨਸ਼ੇ ਨਰਕਾਂ 'ਚ ਲੈ ਕੇ ਜਾਂਦੇ ਨੇ। ਦੂਸਰੇ ਨਸ਼ੇ ਉਹ ਨੇ ਜਿਹੜਾ ਮਨ ਪੀਂਦਾ ਹੈ, ਉਹ ਵੀ ਆਦਮੀ ਠੱਗਿਆ ਜਾਂਦਾ ਹੈ ਤੇ ਉਹਦਾ ਜੀਵਨ ਵੀ ਬਿਰਥਾ ਜਾਂਦਾ ਹੈ, ਨਸ਼ਾ ਕੋਈ ਵੀ ਅੱਛਾ ਨਹੀਂ ਹੈ। ਰਾਜ, ਮਾਲ, ਰੂਪ, ਜਾਤ, ਜੋਬਨ ਪੰਜ ਨਸ਼ੇ ਨੇ।

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***
***ਅੰਗ - ੧੨੮੮***

ਜਿਹੜੇ ਬਾਕੀ ਮੂੰਹ ਨਾਲ ਪੀਣ ਵਾਲੇ ਨਸ਼ੇ ਨੇ ਉਹ ਸਰੀਰ ਦੇ ਵਿਚ ਆਪਣਾ ਅਸਰ ਕਰਦੇ ਨੇ ਸਾਧਸੰਗਤ ਜੀ। ਬੰਦਾ ਐਨਾ softicated ਬਣਾਇਆ ਸੀ ਪ੍ਰਭੂ ਨੇ, ਹੈਰਾਨ ਹੋਈਦਾ ਹੈ, 14 ਖਰਬ ਸੈਲ ਇਹਦੇ ਸਰੀਰ ਨੂੰ ਲੱਗੇ ਹੋਏ, ਪੜ੍ਹੇ-ਲਿਖੇ ਜਾਣਦੇ ਨੇ ਕਿ ਕਿੱਡੀ ਵੱਡੀ ਚੀਜ਼ ਹੈ। 15 ਅਰਬ ਸੈਲ ਇਕੱਲੇ ਦਿਮਾਗ ਵਿਚ ਨੇ, ਜੇ ਕ੍ਰੋਧ ਕਰ ਲਵੇ ਨਾ ਆਦਮੀ ਕਿੰਨੇ ਕਰੋੜ ਸੈਲ ਜਿਹੜੇ ਨੇ ਉਹ ਜਲ ਜਾਂਦੇ ਨੇ। ਕਾਮ ਦਾ ਜਜ਼ਬਾ ਆ ਜਾਵੇ, ਚਿਤਵਦਾ ਰਹੇ, ਕਿੰਨੇ ਕਰੋੜ ਸੈਲ ਉਹਦੇ ਜਲ ਜਾਂਦੇ ਨੇ, ਮਹਾਰਾਜ ਕਹਿੰਦੇ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥***

***ਜਿਉ ਕੰਚਨ ਸੋਹਾਗਾ ਢਾਲੈ ॥ ਅੰਗ- ੯੩੨***

ਇਸੇ ਤਰ੍ਹਾਂ ਜਿਹੜਾ ਆਦਮੀ ਨਸ਼ੇ ਕਰਦਾ ਹੈ, ਉਹ ਖਤਮ ਕਰ ਲੈਂਦਾ ਹੈ ਆਪਣੇ ਸਰੀਰ ਨੂੰ। ਮਹਾਰਾਜ ਕਹਿੰਦੇ, ਇਕ ਨਸ਼ਾ ਐਸਾ ਹੈ, ਜੇ ਕਿਤੇ ਉਹ ਆ ਜਾਵੇ ਨਾ, ਫੇਰ ਮੁੜ ਕੇ ਕਿਸੇ ਨਸ਼ੇ ਦੀ ਲੋੜ ਨਹੀਂ ਰਹਿੰਦੀ, ਸਭ ਦਾ ਅਸਰ ਜਿਹੜਾ ਹੈ ਉਹ ਬਹੁਤ ਥੱਲੇ ਹੁੰਦਾ ਹੈ। ਕਿਸੇ ਰਸ ਦੀ ਲੋੜ ਨਹੀਂ ਰਹਿੰਦੀ। ਉਹ 'ਨਾਮ' ਦਾ ਰਸ ਹੈ। ਮਹਾਰਾਜ ਕਹਿੰਦੇ ਜਿਹੜੇ ਇਹ ਨਸ਼ੇ ਨੇ -



ਗੁਰਦੁਆਰਾ ਸ਼ਿਕਾਰ ਘਾਟ

***ਪੋਸਤ ਮਧ ਅਫੀਮ ਭੰਗ***
***ਉਤਰ ਜਾਇ ਪਰਭਾਤਿ ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ॥***

ਪਾਤਸ਼ਾਹ! ਫੇਰ ਸਾਨੂੰ ਖੁਮਾਰੀ ਕਿਵੇਂ ਚੜ੍ਹੇ, ਨਾਮ ਜਪਣ ਦੀ ਤੇ ਬਾਣੀ ਪੜ੍ਹਨ ਦੀ। ਮਹਾਰਾਜ ਕਹਿੰਦੇ ਦੇਖੋ, ਜੇ ਮਨ ਨਹੀਂ ਨਾ ਟਿਕਦਾ। ਤੁਹਾਨੂੰ ਅਸੀਂ ਜੁਗਤ ਦਸਦੇ ਹਾਂ। ਜਦੋਂ ਤੁਸੀਂ ਬਾਣੀ ਪੜ੍ਹਦੇ ਹੋਂ ਨਾ ਦੇਖ ਕੇ, ਜਦ ਤਕ ਮਨ ਨਹੀਂ ਟਿਕਦਾ ਓਨਾਂ ਚਿਰ ਬਾਣੀ ਦੇਖ ਕੇ ਪੜ੍ਹੋ, ਫੇਰ ਧਿਆਨ ਕਾਹਦੇ 'ਤੇ ਰੱਖੋ। ਕਹਿੰਦੇ, ਲਗਾਂ ਮਾਤਰਾਂ ਨੇ ਉਨ੍ਹਾਂ 'ਚ ਧਿਆਨ ਦਿਓ। ਇਹ ਪਹਿਲੀ ਜਮਾਤ, ਪ੍ਰਾਮਇਰੀ ਤੱਕ ਦੀ ਪੜ੍ਹਾਈ ਹੈ। ਲਗਾਂ ਮਾਤਰਾ ਤੇ ਧਿਆਨ ਦੇਣਾ ਤੇ ਬਾਣੀ ਪੜ੍ਹੀ ਜਾਣੀ। ਉਸ ਤੋਂ ਬਾਅਦ ਜਦੋਂ ਹੋਰ ਸੁਰਤ develop ਕਰਦੀ ਹੈ, ਉਚਾ ਉਠਦੇ ਹਾਂ ਅਸੀਂ, ਬਾਣੀ ਦੀ ਅਗਲੀ ਮੰਜ਼ਿਲ ਆਉਂਦੀ ਹੈ, ਮਹਾਰਾਜ ਕਹਿੰਦੇ, ਫੇਰ ਤੁਸੀਂ ਅਰਥ ਸੋਚੋ ਕਿ ਅਰਥ ਕੀ ਹੋਇਆ ਇਸਦਾ, ਜਿਹੜਾ ਮੈਂ ਪੜ੍ਹਿਆ ਹੈ। ਕਹਿੰਦੇ, ਜਦੋਂ ਅਰਥਾਂ ਦੇ ਵਿਚ ਬਿਰਤੀ ਟਿਕ ਜਾਏਗੀ, ਫੇਰ ਮਨ ਜਾਏਗਾ ਮਨ, ਉਸ ਤੋਂ ਬਾਅਦ ਜੇ ਤੁਸੀਂ ਹੋਰ ਤਰੱਕੀ ਬਾਣੀ ਦੀ ਕਰ ਲਈ, ਫੇਰ ਭਾਵ ਦੇਖੋ, ਬਾਣੀ ਕਹਿੰਦੀ ਕੀ ਹੈ, ਭਾਵਲੀਨ ਹੋ ਜਾਓ। ਜਦੋਂ ਭਾਵਲੀਨ ਹੋਵੋਂਗੇ, ਫੇਰ ਮਨ ਬਿਲਕੁਲ ਨਹੀਂ ਜਾਏਗਾ। ਓਸ ਵੇਲੇ ਤੁਸੀਂ ਨਾਮ ਜਪਣ ਦੇ ਅਧਿਕਾਰੀ ਹੋਵੋਂਗੇ। ਜਿਹੜਾ ਨਾਮ ਜਪਣਾ ਹੈ ਉਹ ਰਸਨਾ ਨਾਲ ਜਪੋ, ਜਪਦੇ-ਜਪਦੇ ਆਪਣੇ ਆਪ ਹੀ ਨਾਮ ਬੁੱਲ੍ਹਾਂ 'ਤੇ ਆ ਜਾਣਾ ਹੈ, ਬੁੱਲ੍ਹ ਹਿੱਲਣ ਲਗ ਜਾਣੇ ਨੇ, ਬੁੱਲ੍ਹਾਂ ਨੇ ਮੱਧਮ ਪੈ ਜਾਣਾ ਹੈ, ਬਿਲਕੁਲ ਬੰਦ ਕਰ ਦੇਣਾ ਹੈ ਤੇ ਰਸਨਾ ਅੰਦਰ ਹਲਕੀ-ਹਲਕੀ ਹਰਕਤ ਕਰਦੀ ਜਾਏਗੀ। ਕਹਿੰਦੇ, ਧਿਆਨ ਕਿੱਥੇ ਰੱਖੀਏ, ਜੇ ਤਾਂ ਮੋਟੀ ਬੁੱਧ ਹੈ ਤਾਂ ਫੇਰ ਗੁਰੂ ਨਾਨਕ ਸਾਹਿਬ ਦਾ ਧਿਆਨ ਰੱਖ ਲਓ। ਜੇ ਬੁੱਧੀ ਸੂਖਸ਼ਮ ਹੋ ਗਈ ਤਾਂ ਸ਼ਬਦ ਦੀ ਧੁਨ ਦਾ ਧਿਆਨ ਰੱਖ ਲਓ।




ਗੁਰਦੁਆਰਾ ਸੰਗਤ ਸਾਹਿਬ

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥***
***ਅੰਗ - ੮੭੯***

ਸੋ ਇਸ ਤਰ੍ਹਾਂ ਦੇ ਨਾਲ ਦਰਜਾ-ਬ-ਦਰਜਾ ਨਾਮ ਚੜ੍ਹਾਈ ਕਰਦਾ ਹੈ। ਕੰਠ ਵਿਚ ਆ ਜਾਂਦਾ ਹੈ, ਹਿਰਦੇ

'ਚ ਆ ਜਾਂਦਾ ਹੈ, ਨਾਭੀ 'ਚ ਆ ਜਾਂਦਾ ਹੈ, ਆਗਿਆ ਚੱਕਰ 'ਚ ਆ ਜਾਂਦਾ ਹੈ, ਤ੍ਰਿਕੁਟੀ 'ਚ ਆ ਜਾਂਦਾ ਹੈ, ਦਸਵੇਂ ਦੁਆਰ 'ਚ ਆ ਜਾਂਦਾ ਹੈ ਇਥੋਂ ਬਿਰਤੀ ਵਿਵੇਕ ਮੰਡਲ 'ਚ ਚਲੀ ਜਾਂਦੀ ਹੈ, ਉਥੇ ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ ਤੇ ਪ੍ਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਨੇ। ਕਹਿੰਦੇ, ਇਸ ਤਰ੍ਹਾਂ ਦੇ ਨਾਲ ਤੁਸੀਂ ਬਾਣੀ ਪੜ੍ਹੋ, ਇਸ ਤਰ੍ਹਾਂ ਨਾਲ ਨਾਮ ਜਪੋ। ਫੇਰ ਪ੍ਰੇਮੀਓ! ਤੁਹਾਨੂੰ ਰਸ ਆਏਗਾ ਬਾਣੀ ਦਾ, ਕਿਉਂਕਿ ਬਾਣੀ ਨਿਰਾ ਹੀ ਰਸ ਹੈ। ਸੋ ਐਸੇ ਉਪਦੇਸ਼ ਜੇ ਸਿੱਖ ਦੇ ਮਨ ਵਿਚ ਯਾਦ ਰਹਿ ਜਾਣ, ਤਾਂ ਛੇਤੀ ਰੂਹਾਨੀ ਤਰੱਕੀ ਕਰ ਸਕਦਾ ਹੈ। ਦੂਸਰਾ ਸਾਡਾ ਸਮਾਜਿਕ ਭਾਈਚਾਰਕ ਪੱਖ, ਮਹਾਰਾਜ ਜੀ ਨੇ ਇਕ ਵਾਰੀ ਦਿਖਾਇਆ ਤੇ ਹੁਕਮ ਦੇ ਦਿਤਾ ਕਿ ਅੱਜ ਚੌਲ ਬਣਾਓ। ਪਤੀਲੇ ਵੱਡੇ-ਵੱਡੇ, ਦੇਗੇ ਬਣ ਗਏ ਤੇ ਗੱਡਿਆਂ 'ਤੇ ਧਰ ਲਏ। ਮਹਾਰਾਜ ਕਹਿਣ ਲੱਗੇ ਕਿ ਜੰਗਲ 'ਚ ਚੱਲਣਾ ਹੈ ਸ਼ਿਕਾਰ ਲਈ। ਅੱਜ ਸ਼ਸਤਰ ਨਾਲ ਸ਼ਿਕਾਰ ਨਹੀਂ ਕਰਨਾ, ਕੁੱਤਿਆਂ ਨਾਲ ਕਰਨਾ ਹੈ। ਕੁੱਤੇ ਲੈ ਲਓ, ਆਪਣੇ-ਆਪਣੇ। ਸੈਂਕੜਿਆਂ ਦੀ ਤਾਦਾਦ 'ਚ ਕੁੱਤਿਆਂ ਵਾਲੇ ਨਾਲ ਤੁਰ ਪਏ ਮਹਾਰਾਜ ਜੀ ਦੇ। ਦੁਪਹਿਰ ਤੱਕ ਤੁਰੀ ਗਏ ਉਸ ਤੋਂ ਬਾਅਦ ਕਹਿਣ ਲੱਗੇ ਕਿ ਕੁੱਤੇ ਤਾਂ ਭੁੱਖੇ ਨੇ, ਐਉਂ ਕਰੋ ਆਹ ਰੜਾ ਮੈਦਾਨ ਪਿਆ ਹੈ ਇਥੇ ਚੌਲ ਢੇਰੀ ਕਰ ਦਿਓ, ਜਿਹੜਾ ਕੁਛ ਲਿਆਏ ਹਾਂ ਢੇਰੀ ਕਰ ਦਿਓ ਇਥੇ। ਕਹਿਣ ਲੱਗੇ, ਮਹਾਰਾਜ! ਧਰਤੀ 'ਤੇ ਹੈ? ਆਪ ਨੇ ਕਿਹਾ ਕਿ ਕੋਈ ਗੱਲ ਨਹੀਂ, ਮੈਦਾਨ ਰੜਾ ਹੈ। ਉਸ ਤੋਂ ਬਾਅਦ ਜਦੋਂ ਢੇਰੀ ਲਾ ਦਿਤੀ, ਉਸ ਵੇਲੇ ਕਹਿਣ ਲੱਗੇ ਕਿ ਕੁੱਤੇ ਛੱਡ ਦਿਓ, ਸਭ ਨੇ ਛੱਡ ਦਿਤੇ। ਹੁਣ ਕੁੱਤਾ ਕੋਈ ਚੌਲਾਂ ਕੋਲ ਤਾਂ ਜਾਂਦਾ ਨਹੀਂ, ਜਿਹੜਾ ਦੂਜਾ ਆਉਂਦਾ ਹੈ ਉਹਨੂੰ ਢਾਹ ਲੈਂਦੇ ਨੇ, ਉਹਨੂੰ ਦੂਜਾ ਕੁੱਤਾ ਢਾਹ ਲੈਂਦਾ ਹੈ, ਤੇ ਦੂਜੇ ਨੂੰ ਤੀਜਾ ਢਾਹ ਲੈਂਦਾ ਹੈ। ਚਾਰ-ਚਾਰ ਕੁੱਤੇ ਇਧਰ, ਚਾਰ-ਚਾਰ ਉਧਰ, ਗੁੱਥਮ-ਗੁਥਾ ਹੋ ਗਏ। ਉਹ ਜਿਹੜੇ ਚੌਲ ਸੀ ਉਨ੍ਹਾਂ ਦੇ ਉਤੇ ਲਿਟਦੇ ਫਿਰਦੇ ਨੇ, ਖਿੰਡ ਗਏ ਚੌਲ ਸਾਰੇ, ਮਿੱਟੀ 'ਚ ਰਲ ਗਏ। ਖਾਣ ਦੇ ਕਾਬਲ ਨਾ ਰਹੇ।



ਗੁਰਦੁਆਰਾ ਮਾਲਟੇਕਰੀ ਸਾਹਿਬ

ਉਨ੍ਹਾਂ ਨੇ ਕਿਹਾ ਕਿ ਮਹਾਰਾਜ ਜੀ! ਕੁੱਤੇ ਤਾਂ ਲਹੂ ਲੁਹਾਨ ਹੋ ਗਏ। ਕਹਿੰਦੇ, ਕੁੱਤੇ ਫੜ ਲਓ। ਇਹ ਚੌਲ ਨਹੀਂ ਖਾਂਦੇ? ਕਹਿੰਦੇ, ਮਹਾਰਾਜ! ਇਹ ਤਾਂ ਮਿੱਟੀ 'ਚ ਰਲ ਗਏ, ਖਾਣੇ ਇਨ੍ਹਾਂ ਨੇ ਕੀ ਨੇ। ਸੱਚੇ ਪਾਤਸ਼ਾਹ! ਬੜਾ ਨੁਕਸਾਨ ਹੋ ਗਿਆ, ਐਨੇ ਸੋਹਣੇ ਪੁਲਾਓ ਬਣਾਏ ਸੀ। ਮਹਾਰਾਜ ਕਹਿੰਦੇ ਕੋਈ ਗੱਲ ਨਹੀਂ, ਨੁਕਸਾਨ ਦਾ ਕੋਈ ਫਰਕ ਨਹੀਂ। ਪਰ ਜਿਹੜਾ ਵੱਡਾ ਨੁਕਸਾਨ ਹੋਣਾ ਹੈ ਉਸ ਤੋਂ ਬਚ ਜਾਵੋ। ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਕੀ ਹੈ? ਕਹਿਣ ਲੱਗੇ ਕਿ ਦੇਖੋ ਖਾਲਸਾ ਜੀ! ਜੋ ਨੇਕ ਬੰਦਾ ਹੁੰਦਾ ਹੈ, ਉਹ ਨੇਕੀ ਕਰਦਾ ਹੈ, ਤੇ ਉਹਦਾ ਤੇਜ ਵਧਦਾ ਹੈ, ਤੇਜ ਵਧਣ ਦੇ ਨਾਲ ਉਹਦੇ ਕੋਲ ਸ਼ਕਤੀ ਆਉਂਦੀ ਹੈ, ਰਾਜਸੀ ਸ਼ਕਤੀ। ਖਾਲਸੇ ਦਾ ਆਦਰਸ਼ ਅਸੀਂ ਬਹੁਤ ਉਚਾ ਬਣਾਇਆ ਹੈ ਕਿ ਇਹਦੇ ਕੋਲ ਰਾਜਸੀ ਸ਼ਕਤੀ ਆਏ। ਜੇ ਤਾਂ ਇਹ ਪਿਆਰ ਨਾਲ ਮਿਲ ਕੇ ਵਰਤ ਲੈਣਗੇ ਤਾਂ, ਤਾਂ ਇਨ੍ਹਾਂ ਕੋਲ ਐਨਾ ਵਾਧੂ ਹੋਏਗਾ ਕਿ ਇਹ ਦੁਨੀਆਂ ਨੂੰ ਰਜਾ ਦੇਣਗੇ, ਜੇ ਇਹ ਕੁੱਤਿਆਂ ਵਾਂਗੂੰ ਚੱਕ ਮਾਰਨ ਲੱਗ ਗਏ, ਇਕ ਕੁਰਸੀ ਤੇ ਬੈਠਾ ਹੈ ਉਹਨੂੰ ਖਿੱਚ ਲਿਆ, ਦੂਜਾ ਬੈਠਾ ਹੈ ਉਹਨੂੰ ਖਿੱਚ ਲਿਆ ਕਹਿੰਦੇ, ਫੇਰ ਆਹ ਕੁੱਤਿਆਂ ਵਾਲਾ ਹਾਲ ਹੋਏਗਾ, ਨਾ ਆਪਣੇ ਪੱਲੇ ਕੁਛ ਪਵੇ ਨਾ ਕਿਸੇ ਦੇ ਪਵੇ।

ਸੋ ਐਸ ਤਰ੍ਹਾਂ ਗੁਰੂ ਮਹਾਰਾਜ ਦੀਆਂ ਕਥਾਵਾਂ ਜਿਹੜੀਆਂ ਨੇ, ਉਹ ਨਿਆਰੀਆਂ ਨੇ ਸਾਨੂੰ ਥਾਂ-ਥਾਂ 'ਤੇ ਸਿਖਿਆ ਦਿੰਦੀਆਂ ਨੇ। ਸਾਢੇ ਚੌਦਾਂ ਲੜਾਈਆਂ ਗੁਰੂ ਮਹਾਰਾਜ ਦੇ ਗਲ ਪਈਆਂ। ਮਹਾਰਾਜ ਨੇ ਆਪ ਨਹੀਂ ਕੋਈ ਵੀ ਲੜਾਈ ਲੜੀ। ਇਹ ਧਿਆਨ ਦੇਵੋ ਕਿ ਕਦੇ ਵੀ ਮਹਾਰਾਜ ਜੀ ਸ਼ਸਤਰ ਲੈ ਕੇ ਨਹੀਂ ਚੜ੍ਹੇ। ਜੇ ਕਿਸੇ ਗ੍ਰਾਮ ਨੂੰ ਸੋਧਿਆ ਹੈ ਪਹਿਲਾਂ ਉਨ੍ਹਾਂ ਨੇ ਸੰਗਤਾਂ ਲੁੱਟੀਆਂ, ਉਸ ਤੋਂ ਬਾਅਦ ਮਹਾਰਾਜ ਨੇ ਉਨ੍ਹਾਂ ਨੂੰ ਦੰਡ ਦੇਣ ਵਾਸਤੇ ਕਰਿਆ ਹੈ। ਕਿਸੇ ਦੀ ਵੀ ਧਰਤੀ ਨਹੀਂ ਰੋਕੀ, ਇਕ ਇੰਚ ਜ਼ਮੀਨ ਨਹੀਂ ਰੋਕੀ। ਉਨ੍ਹਾਂ ਦੇ ਗਲ ਲੜਾਈ ਪੈਂਦੀ ਸੀ। 200 ਸੌ

ਸਾਲ ਤੋਂ ਲਗਾਤਾਰ ਇਹੀ ਤਜਰਬਾ ਹੋ ਰਿਹਾ ਸੀ ਕਿ ਹਥਿਆਰ ਨਹੀਂ ਚੁੱਕਣਾ, ਲੜਾਈ ਨਹੀਂ ਕਰਨੀ। 200 ਸਾਲ ਦੇ ਕਰੀਬ ਅਰਸਾ ਲੰਘ ਗਿਆ। ਗੁਰੂ ਪੰਜਵੇਂ ਪਾਤਸ਼ਾਹ ਸ਼ਹੀਦ ਹੋ ਗਏ, ਗੁਰੂ ਨੌਂਵੇਂ ਪਾਤਸ਼ਾਹ ਸ਼ਾਂਤਮਈ ਸ਼ਹੀਦ ਹੋ ਗਏ। ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ ਕਿ ਆਪਣੀ defence ਵਿਚ ਹਥਿਆਰ ਚੁੱਕਣਾ, ਇਹ ਸੂਰਮੇ ਦਾ ਕੰਮ ਹੁੰਦਾ ਹੈ, ਜੇ ਕੁੱਤੇ ਹਲਕ ਜਾਣ, ਉਨ੍ਹਾਂ ਤੋਂ ਬਚਣ ਵਾਸਤੇ ਡੰਡਾ ਚੁੱਕਣਾ ਹੀ ਪੈਂਦਾ ਹੈ। ਇਹ ਨਹੀਂ ਕਿ ਡੰਡਾ ਹਰ ਵਕਤ ਹੀ ਹੱਥ ਵਿਚ ਚੁੱਕੀ ਰੱਖੋ, ਇਹ ਵੀ ਇਹਦੇ ਵਿਚ ਖਤਰਾ ਹੈ। ਲੇਕਿਨ ਗੁਰੂ ਮਹਾਰਾਜ ਨੇ ਇਹ ਕਿਹਾ ਕਿ ਜਿਹੜਾ ਕੋਈ ਆਏਗਾ, ਐਉਂ ਤਾਂ ਨਹੀਂ ਅਸੀਂ ਚੜ੍ਹਾਈ ਕਰਦੇ ਕਿ ਫੜੇ ਤੇ ਤੱਤੀ ਤਵੀ ਤੇ ਬਿਠਾ ਦਿਤੇ, ਕਿਸੇ ਨੂੰ ਫੜਿਆ ਦੇਗ ਵਿਚ ਉਬਾਲੇ ਦੇਣੇ ਸ਼ੁਰੂ ਕਰ ਦਿਤੇ, ਕਿਸੇ ਨੂੰ ਫੜਿਆ ਚਰਖੜੀਆਂ 'ਤੇ ਚਾੜ੍ਹ ਦਿਤੇ, ਕਿਸੇ ਦੇ ਬੰਦ-ਬੰਦ ਕੱਟ ਦਿਤੇ, ਐਉਂ ਤਾਂ ਨਹੀਂ ਅਸੀਂ ਕਰਨਾ, ਸੂਰਮਿਆਂ ਵਾਂਗੂੰ ਅਸੀਂ ਜੂਝਾਂਗੇ। ਕਿਸੇ ਨੂੰ ਕਹਿਣਾ ਕੁਛ ਨਹੀਂ, ਕਿਸੇ ਨਾਲ ਸਾਡਾ ਵੈਰ ਨਹੀਂ ਹੋਏਗਾ।

ਮੈਂ ਬੇਨਤੀ ਕਰੀ ਸੀ ਪਹਿਲਾਂ ਕਿ ਗੁਰਸਿੱਖ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ। ਗੁਰਸਿੱਖ ਕਿਸੇ ਨੂੰ ਬੁਰਾ ਨਹੀਂ ਕਹਿੰਦਾ। ਜੇ ਬੁਰਾ ਕਹਿੰਦਾ ਹੈ ਤਾਂ ਆਪਣੇ ਆਪ ਨੂੰ ਕਹਿੰਦਾ ਹੈ।

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ - ੧੩੬੪***

ਕਈਆਂ ਦੇ ਮਨ ਵਿਚ ਖਿਆਲ ਆ ਜਾਂਦਾ ਹੈ, ਭੁਲੇਖੇ ਪਾ ਦਿੰਦੇ ਨੇ ਕਿ ਜੀ, ਇਹ ਤਾਂ ਕਬੀਰ ਸਾਹਿਬ ਨੇ ਕਿਹਾ ਹੈ। ਗੁਰੂ ਨਾਨਕ ਨੇ ਵੀ ਕਿਹਾ ਹੈ ਕਿ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਅੰਗ - ੭੨੮***

ਅਸੀਂ ਤਾਂ ਚੰਗੇ ਹੀ ਨਹੀਂ, ਬੁਰਾ ਕੋਈ ਸੰਸਾਰ 'ਤੇ ਹੈ ਨਹੀਂ। ਦੂਜਾ ਜਿਹੜਾ ਹੈ, ਫਰਕ ਪਾਉਣਾ ਕਿ ਆਹ ਨਾਮਦੇਵ ਜੀ ਦੀ, ਆਹ ਰਵਿਦਾਸ ਜੀ ਦੀ ਬਾਣੀ ਹੈ। ਸਾਧਸੰਗਤ ਜੀ, ਇਹ ਭੁਲੇਖੇ ਪਾਉਣ ਵਾਲੇ ਨਾਸਤਕ ਬੰਦੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਭਰੋਸਾ ਹਟਾਉਣ ਵਾਲੇ ਬੰਦੇ ਇਹੋ ਜਿਹੀਆਂ ਗੱਲਾਂ ਕਰਦੇ ਹੁੰਦੇ ਨੇ। ਇਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਰੇ ਗੁਰੂਆਂ ਦੀ ਬਾਣੀ ਹੈ। ਜਦ ਗੁਰੂ ਦਸਵੇਂ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾ ਮਿਲਣ ਤੋਂ ਦਮਦਮਾ ਸਾਹਿਬ ਬੈਠ ਕੇ ਬਾਣੀ ਉਚਾਰੀ, ਨਾਲ ਅਰਥ ਕੀਤੇ। ਉਹ ਕਿਤੋਂ ਸੈਂਚੀਆਂ ਨਹੀਂ ਸੀ ਲਿਆਂਦੀਆਂ ਉਨ੍ਹਾਂ ਨੇ, ਕਿਤੋਂ ਲਿਖੇ ਹੋਏ ਸ਼ਬਦ ਨਹੀਂ ਸੀ ਲਿਆਉਂਦੇ, ਕਿਤੋਂ ਤਰਤੀਬ ਨਹੀਂ ਸੀ ਲਿਆਂਦੀ ਜੋ ਕਰਤਾਰਪੁਰ ਵਾਲੀ ਬੀੜ ਵਿਚ ਸੀ। ਮਹਾਰਾਜ ਜੀ ਤੰਬੂ 'ਚ ਬੈਠ ਗਏ ਨੇ ਤੇ ਆਪਣੇ ਮੁੱਖ ਤੋਂ ਸਾਰੀ ਬਾਣੀ ਉਚਾਰੀ ਹੈ, ਇਹ ਸਾਰੀ ਬਾਣੀ ਗੁਰੂ ਦਸ਼ਮੇਸ਼ ਪਿਤਾ ਦੇ ਮੁਖ ਤੋਂ ਹੋ ਕੇ, ਪ੍ਰਾਪਤ ਹੋ ਕੇ ਸਾਡੇ ਕੋਲ ਪਹੁੰਚੀ ਹੈ। ਜਦੋਂ ਗੁਰੂ ਦੇ ਮੁਖ ਤੋਂ ਹੋਈ ਹੈ ਫੇਰ ਸਾਰੀ ਗੁਰਬਾਣੀ ਹੈ ਇਹਨੂੰ ਕੌਣ ਕਹਿ ਸਕਦਾ ਹੈ ਕਿ ਜੀ ਫਲਾਣੇ ਭਗਤ ਦੀ ਬਾਣੀ ਹੈ ਜੀ, ਫਲਾਣੇ ਦੀ ਬਾਣੀ ਹੈ। ਆਹ ਪ੍ਰੋਫੈਸਰ ਤਾਂ ਕਹਿਣਗੇ, ਲਿਟਰੇਚਰ ਵਾਲੇ ਕਹਿਣਗੇ, ਪਰ ਜਿਨ੍ਹਾਂ ਦਾ ਭਰੋਸਾ ਹੈ ਗੁਰੂ ਗ੍ਰੰਥ ਸਾਹਿਬ 'ਤੇ, ਉਹ ਏਸ ਗੱਲ ਨੂੰ ਬਰਦਾਸ਼ਤ ਨਹੀਂ ਕਰਨਗੇ। ਬਈ ਜੀ, ਫਲਾਣੇ ਭਗਤ ਨੇ ਕਹੀ ਹੈ, ਅਸੀਂ ਕਿਉਂ ਮੰਨੀਏ, ਅਸੀਂ ਤਾਂ ਗੁਰੂ ਦੀ ਮੰਨਾਂਗੇ। ਕੱਲ੍ਹ ਨੂੰ ਕਹਿਣਗੇ ਗੁਰੂ ਦਸਵੇਂ ਪਾਤਸ਼ਾਹ ਦੀ ਮੰਨਾਂਗੇ ਇਹ ਗੁਰੂ ਤਾਂ ਸਹਿਜਧਾਰੀ ਸੀਗੇ ਸਾਰੇ, ਇਨ੍ਹਾਂ ਨੇ ਤਾਂ ਅੰਮ੍ਰਿਤ ਨਹੀਂ ਸੀ ਛਕਿਆ। ਹੈ ਨਾ ਕਿੰਨੀਆਂ ਤਰਕਾਂ ਪੈਦਾ ਹੋਈਆਂ ਹੋਈਆਂ। ਇਹ ਫਜ਼ੂਲ ਗੱਲਾਂ ਹੁੰਦੀਆਂ ਨੇ, ਗੁਰੂ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਨੇ, ਇਹਨੂੰ ਮੰਨੋ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਸਾਨੂੰ ਛੋਟੀਆਂ-ਛੋਟੀਆਂ ਗੱਲਾਂ ਦੇ ਵਿਚ ਵੱਡੇ-ਵੱਡੇ ਉਪਦੇਸ਼ ਦਿਤੇ ਤੇ ਆਪ ਜੀ ਦੇ ਗਲ ਸਾਕੇ ਚੌਦਾਂ ਲੜਾਈਆਂ ਪਈਆਂ। ਜਿਹਦੇ ਵਿਚ ਇਕ ਵਿਚ ਵੀ ਹਾਰ ਨਹੀਂ ਹੋਈ, ਲੜਦੇ-ਲੜਦੇ ਸ਼ਹੀਦ ਹੋ ਜਾਣਾ, ਹਾਰ ਨਹੀਂ ਹੁੰਦੀ। ਹਾਰ ਹੁੰਦੀ ਹੈ ਦਿਲ ਹਾਰ ਜਾਣਾ।



ਗੁਰਦੁਆਰਾ ਨਾਨਕਸਰ ਸਾਹਿਬ

ਗੁਰੂ ਦਸ਼ਮੇਸ਼ ਪਿਤਾ ਚਮਕੌਰ ਸਾਹਿਬ ਦੇ ਯੁੱਧ ਵਿਚ ਖੇਰੂੰ-ਖੇਰੂੰ ਪਰਿਵਾਰ ਹੋ ਜਾਣ ਬਾਅਦ, ਆਪ ਸਨੇ-ਸਨੇ

ਚਲਦੇ-ਚਲਦੇ ਖਿਦਰਾਣੇ ਦੀ ਢਾਬ ਤੇ ਪਹੁੰਚਦੇ ਨੇ। ਟਾਂਵੇਂ-ਟਾਂਵੇਂ ਸਿੱਖ ਆਉਂਦੇ ਨੇ ਤੇ ਉਹ ਯੁੱਧ ਲੜ ਕੇ ਦਮਦਮਾ ਸਾਹਿਬ ਪਹੁੰਚਦੇ ਨੇ। ਬੜੀ ਦੇਰ ਤੱਕ ਆਪ ਉਸ ਥਾਂ ਦੇ ਉਤੇ ਬੈਠੇ, ਮੁੜ ਕੇ ਅਨੰਦਪੁਰ ਸਾਹਿਬ ਵਾਲੀ ਰੌਣਕ ਬਣ ਜਾਂਦੀ ਹੈ, ਬੇਅੰਤ ਸਿੱਖੀ ਪੈਦਾ ਹੋ ਜਾਂਦੀ ਹੈ। ਉਸ ਤੋਂ ਬਾਅਦ ਨੌਂ ਮਹੀਨੇ ਨੌਂ ਦਿਨ ਠਹਿਰਣ ਤੋਂ ਬਾਅਦ ਮਹਾਰਾਜ ਜੀ ਨੇ ਅਚਾਨਕ ਕਿਹਾ ਕਿ ਸਾਧਸੰਗਤ ਜੀ! ਸਾਨੂੰ ਹੁਣ ਹੁਕਮ ਆ ਗਿਆ ਅਕਾਲ ਪੁਰਖ ਦਾ, ਅਸੀਂ ਦੱਖਣ ਦੇਸ਼ ਵਿਚ ਜਾਣਾ ਹੈ। ਉਸ ਵੇਲੇ ਜਿਹੜੇ ਕੱਚੇ ਪਿੱਲੇ ਸੀ ਉਨ੍ਹਾਂ ਦੇ ਮਨ ਡੋਲ ਗਏ ਕਿ ਕਿਤੇ ਮਹਾਰਾਜ ਸਾਨੂੰ ਨਾ ਕਹਿ ਦੇਣ ਕਿ ਸਾਡੇ ਨਾਲ ਚੱਲੋ। ਮਹਾਰਾਜ ਜੀ ਨੇ ਤਿਆਰੀ ਕਰ ਲਈ। ਜਿਹੜੀ ਸੰਗਤ ਸੀ ਮਾਲਵੇ ਦੀ ਨਵੀਂ ਬਣੀ ਅਤੇ ਹੋਰ ਨਵੀਆਂ ਸੰਗਤਾਂ ਬਣੀਆਂ ਸੀ ਉਸ ਵੇਲੇ ਉਨ੍ਹਾਂ ਦੇ ਮਨ ਉਤੇ ਬਹੁਤ ਵੱਡਾ ਸ਼ੋਕ ਲੱਗਿਆ ਕਿ ਹੈਂ ਗੁਰੂ ਮਹਾਰਾਜ ਹੁਣ ਅੱਗੇ ਨੂੰ ਚਲੇ ਜਾਣਗੇ ਕਿ ਹੁਣ ਦਰਸ਼ਨ ਕਿਵੇਂ ਹੋਣਗੇ?



ਗੁਰਦੁਆਰਾ ਰਤਨ ਗੜ੍ਹ ਸਾਹਿਬ

ਕਿਉਂਕਿ ਜਿਨ੍ਹਾਂ ਦੇ ਅੰਦਰ ਪਿਆਰ ਹੁੰਦਾ ਹੈ ਸਾਧਸੰਗਤ ਜੀ! ਉਹ ਵਿਛੋੜਾ ਨਹੀਂ ਸਹਿੰਦੇ ਹੁੰਦੇ ਐਸ ਤਰ੍ਹਾਂ ਫੁਰਮਾਨ ਹੈ ਬਾਣੀ ਦਾ -

***ਦੁਖੁ ਵੇਛੋੜਾ ਇਕੁ ਦੁਖੁ ਭੂਖ ॥***
***ਇਕੁ ਦੁਖੁ ਸਕਤਵਾਰ ਜਮਦੂਤ ॥***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥***
***ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬***

ਵਿਛੋੜਾ ਬਹੁਤ ਵੱਡਾ ਦੁਖ ਹੋਇਆ ਕਰਦਾ ਹੈ, ਲੇਕਿਨ ਗੁਰੂ ਮਹਾਰਾਜ ਜੀ ਹੁਕਮ ਦੇ ਨਾਲ, ਦੱਖਣ ਵਲ ਨੂੰ ਚੱਲ ਪੈਂਦੇ ਨੇ, ਜਿਹੜੇ ਟਰਸਿਡ ਸੀ ਗੁਰੂ ਮਹਾਰਾਜ ਨਾਲ, ਜਿਨ੍ਹਾਂ 'ਤੇ ਵੱਡੀਆਂ-ਵੱਡੀਆਂ ਮੇਹਰਬਾਨੀਆਂ ਕਰੀਆਂ ਸੀ, ਉਨ੍ਹਾਂ ਦੀ ਵੀ ਪਰਖ ਹੋਣੀ ਸ਼ੁਰੂ ਹੋ ਗਈ, ਜਿਸ ਵਕਤ ਗੁਰੂ ਮਹਾਰਾਜ ਦੋ ਮੰਜ਼ਲਾਂ ਗਏ, ਸਰਸੇ ਵਿਚ ਪਹੁੰਚੇ, ਨੱਠਣੇ ਸ਼ੁਰੂ ਹੋ ਗਏ, ਰਾਤ ਨੂੰ ਨੱਠ ਜਾਇਆ ਕਰਨ। ਮਹਾਰਾਜ ਜੀ ਦੀ ਜਿਹੜੀ ਫੌਜ ਸੀ ਉਹਦੇ 'ਚੋਂ ਭਗੌੜੇ ਹੋਣੇ ਸ਼ੁਰੂ ਹੋ ਗਏ। ਮਹਾਰਾਜ ਜੀ ਨੇ ਬੁਲਾਏ, ਭਾਈ ਡੱਲ ਸਿੰਘ, ਭਾਈ ਰਾਮ ਸਿੰਘ ਬੁਲਾਇਆ, ਅੰਮ੍ਰਿਤਧਾਰੀ ਸਿੰਘ ਸੀਗੇ ਇਹ ਭਾਈ ਡੱਲਾ ਜਿਹਨੂੰ ਕਹਿੰਦੇ ਨੇ, ਰਾਮ ਸਿੰਘ ਵੀ ਤੇ ਫਤਹਿ ਸਿੰਘ ਵੀ, ਦਰਬਾਰੀ ਸਿੰਘ ਵਗੈਰਾ ਐਹੋ ਜਿਹੇ ਬਹੁਤ ਸਿੱਖ ਸੀਗੇ ਵੱਡੇ-ਵੱਡੇ। ਕਹਿੰਦੇ, ਪ੍ਰੇਮੀਓਂ! ਇਹ ਨੱਠ ਭੱਜ ਸ਼ੁਰੂ ਹੋ ਗਈ? ਉਹ ਕਹਿੰਦੇ, ਮਹਾਰਾਜ! ਕੱਚੇ ਪਿੱਲੇ ਨੇ ਇਹ ਤਾਂ ਜਾਂਦੇ ਹੀ ਨੇ। ਉਸ ਵੇਲੇ ਮਾਤਾਵਾਂ ਵੀ ਨਾਲ ਜਾ ਰਹੀਆਂ ਨੇ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ। ਪੰਜ ਸੱਤ ਮੰਜ਼ਲਾਂ ਜਦ ਗਏ, ਭਾਈ ਡੱਲੇ ਨੂੰ ਪੁੱਛਿਆ ਕਿ ਭਾਈ ਡੱਲਿਆ! ਕਿਵੇਂ ਹੈਂ? ਕਹਿੰਦਾ, ਮਹਾਰਾਜ! ਅਖੀਰ ਤਕ ਨਿਭਾਂਗੇ ਤੁਹਾਡੇ ਨਾਲ। ਕਹਿੰਦੇ ਜੇ ਨਿਭ ਜਾਏਂਗਾ ਤਾਂ ਤੇਰੇ ਸਿਰ ਦੇ ਉਤੇ ਤਾਜ ਰਖਾ ਦੇਵਾਂਗੇ। ਨਿਭ ਜਾਏਂਗਾ ਤਾਂ ਆਹ ਭਾਰਤ ਵਰਸ਼ ਦਾ ਰਾਜ ਕਰੇਂਗਾ। ਬੜਾ ਦਿਲਾਸਾ ਦਿਤਾ, ਬੜੀਆਂ ਗੱਲਾਂ ਕਰੀਆਂ ਭਾਈ ਡੱਲੇ ਨੇ ਕਿ ਮਹਾਰਾਜ! ਚਾਹੇ ਸਿਰ ਚਲਿਆ ਜਾਵੇ ਪਰ ਅਸੀਂ ਤੁਹਾਡਾ ਸਾਥ ਨਹੀਂ ਛੱਡਾਂਗੇ। ਖਬਰਾਂ ਆਉਣ ਲੱਗ ਗਈਆਂ ਕਿ ਮਹਾਰਾਜ! ਦਰਬਾਰੀ ਸਿੰਘ ਚਲਿਆ ਗਿਆ ਆਪਣੇ ਸਾਥੀਆਂ ਨੂੰ ਲੈ ਕੇ ਬਰਾੜ, ਘਰਬਾਰੀ ਸਿੰਘ ਚਲਿਆ ਗਿਆ ਮਹਾਰਾਜ, ਦੀਵਾਨੇ ਵੀ ਚਲੇ ਗਏ ਤੇ ਫਲਾਣਾ ਵੀ ਚਲਿਆ ਗਿਆ, ਬਰਾੜ ਨੱਠਣੇ ਸ਼ੁਰੂ ਹੋ ਗਏ, ਜਿਨ੍ਹਾਂ ਦੇ ਉਤੇ ਗੁਰੂ ਮਹਾਰਾਜ ਨੇ ਮਾਣ ਕਰਿਆ ਸੀ ਕਿ ਮੇਰੀ ਕੌਮ ਹੈ ਬਰਾੜ। ਔਰੰਗਜ਼ੇਬ ਨੂੰ ਕਿਹਾ ਸੀ, ਕਿ ਤੂੰ ਆ ਜਾ, ਇਹ ਕਦੇ ਕਿਸੇ ਦੇ ਕਾਬੂ ਨਹੀਂ ਆਏ ਤੈਨੂੰ ਕਦੇ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ, ਜਦੋਂ ਜ਼ਫਰਨਾਮਾ ਲਿਖਿਆ ਸੀ।

ਸੋ ਉਹ ਘਟਣੇ ਸ਼ੁਰੂ ਹੋ ਗਏ, ਅਖੀਰ ਇਕ ਦਿਨ ਡੱਲਾ ਰਾਤ ਨੂੰ ਪਹਿਰੇ ਉਤੇ ਹੈ, ਸਾਥੀਆਂ ਨਾਲ ਗੱਲ ਕਰ ਰਿਹਾ ਹੈ ਕਿ ਅੱਜ ਰਾਤ ਜਦੋਂ ਅੱਧੀ ਰਾਤ ਹੋਵੇਗੀ ਨਾ, ਮਹਾਰਾਜ

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਨੇ, ਉਸ ਤੋਂ ਪਹਿਲਾਂ-ਪਹਿਲਾਂ ਆਪਾਂ ਚਲੇ ਚੱਲੀਏ। ਡੱਲੇ ਨੂੰ ਮਹਾਰਾਜ ਨੇ ਆਪਣਾ ਨਿਜੀ ਖੰਡਾ ਦਿਤਾ ਸੀ। ਇਕ ਜੜਾਊ ਜੋੜਾ ਦਿਤਾ ਸੀ ਉਨ੍ਹਾਂ ਦਿਨਾਂ 'ਚ, ਦੋ ਹਜ਼ਾਰ ਰੁਪਿਆ ਮੁੱਲ ਸੀ ਉਹਦਾ। ਹੋਰ ਬੇਅੰਤ ਬਰਕਤਾਂ ਦਿਤੀਆਂ ਸੀ। ਮਾਲਵੇ ਨੂੰ ਬਰਕਤਾਂ ਦਿਤੀਆਂ ਸੀ, ਰਾਤ ਨੂੰ ਡੱਲਾ ਆਪਣੇ ਸਾਥੀਆਂ ਨਾਲ ਦੌੜ ਜਾਂਦਾ ਹੈ, ਮਹਾਰਾਜ ਨੇ ਅੰਮ੍ਰਿਤ ਵੇਲੇ ਆਵਾਜ਼ ਦਿਤੀ, ਭਾਈ ਡੱਲਾ! ਡੱਲ ਸਿੰਘਾ! ਉਥੇ ਇਕ ਮੁਸਲਮਾਨ ਫਕੀਰ ਨਾਲ ਹੀ ਰਹਿੰਦਾ ਸੀ ਮਹਾਰਾਜ ਕੋਲ, ਉਹ ਕਹਿੰਦਾ ਗੁਰੂ ਮਹਾਰਾਜ! ਨਾ ਡੱਲਾ ਨਾ ਮੱਲਾ, ਰਹਿ ਗਿਆ ਗੁਰੂ ਕੱਲਾ। ਮਹਾਰਾਜ ਕਹਿੰਦੇ, ਫਕੀਰ ਸਾਂਈ! ਗੁਰੂ ਕਦੇ ਨਾ ਕੱਲਾ, ਗੁਰੂ ਨਾਲ ਸਦਾ ਅੱਲਾ। ਚੜ੍ਹਦੀਆਂ ਕਲਾ ਨੇ। ਨਹੀਂ ਤਾਂ ਡੋਲ ਜਾਂਦੇ ਨੇ ਜਦੋਂ ਸਾਥੀ ਸਾਥ ਛੱਡਣਾ ਸ਼ੁਰੂ ਕਰ ਦੇਣ। ਮਹਾਰਾਜ ਜੀ ਨੇ ਫੇਰ ਬੁਲਾਏ ਸਾਰੇ, ਕਿਉਂ ਭਾਈ ਡੱਲਾ ਸਿੰਘ ਤਾਂ ਨੱਠ ਗਿਆ, ਖੰਡਾ ਗੁਰੂ ਮਹਾਰਾਜ ਦੇ ਪਲੰਘ ਦੇ ਨਾਲ ਖੜ੍ਹਾ ਕਰ ਗਿਆ। ਜੜਾਊ ਲਾਹ ਕੇ ਮਹਾਰਾਜ ਦੇ ਪਲੰਘ ਦੇ ਉਤੇ ਰੱਖ ਗਿਆ। ਮਹਾਰਾਜ ਨੇ ਜਿਹੜੇ ਦਸਤਾਰਾਂ ਦੇ ਸਿਰੋਪਾਓ ਦਿਤੇ ਸੀ, ਉਹ ਵੀ ਮੰਜੇ 'ਤੇ ਰੱਖ ਦਿਤੇ। ਮੱਥਾ ਟੇਕਿਆ ਚਲਿਆ ਗਿਆ। ਮਹਾਰਾਜ ਕਹਿੰਦੇ ਇਹਨੂੰ ਘਰ ਪਿਆਰਾ ਹੈ, ਅਸੀਂ ਤਾਂ ਇਹਦੇ ਬਿਘਨ ਕੱਟਦੇ ਸੀ, ਪਰ ਇਹਨੂੰ ਮੂਰਖ ਨੂੰ ਪਤਾ ਨਹੀਂ ਸੀ, ਕਹਿੰਦੇ ਜਾਓ ਹੁਣ ਇਹ ਤਾਂ ਹੁਣ ਐਵੇਂ ਹੀ ਜਾ ਰਿਹਾ ਹੈ। ਘਰ ਚਲਿਆ ਜਾਂਦਾ ਹੈ ਡੱਲਾ। ਜਾ ਕੇ ਇਕ ਪੋਤਾ ਖੇਲ੍ਹਦਾ ਹੈ, ਚਰਖੇ ਦਾ ਤਕਲਾ ਹੱਥ ਵਿਚ ਹੈ, ਗਿਰ ਗਿਆ, ਮੂੰਹ



ਗੁਰਦੁਆਰਾ ਨਾਨਕ ਝੀਰਾ ਸਾਹਿਬ

ਵਿਚੋਂ ਲੰਘ ਗਿਆ ਸਾਰ ਪਾਰ, ਉਥੇ ਹੀ ਮਰ ਗਿਆ। ਦੂਜੇ ਨੂੰ ਮਾਤਾ ਨਿਕਲ ਆਈ, ਉਹ ਮਰ ਗਿਆ। ਡੱਲੇ ਨੂੰ ਬੁਖਾਰ ਚੜ੍ਹ ਗਿਆ ਐਨਾ ਕਮਜ਼ੋਰ ਹੋ ਗਿਆ, ਮੰਜੇ ਤੋਂ ਉਠਣ ਤੋਂ ਰਹਿ ਗਿਆ। ਨਾਲ ਦੇ ਸਰਦਾਰ ਨੇ ਹੱਲਾ ਕਰਿਆ, ਨਾਲੇ ਤਾਂ ਡੱਲੇ ਦਾ ਕਿਲ੍ਹਾ ਲੁੱਟ ਲਿਆ, ਨਾਲੇ ਘਰ ਲੁੱਟ ਲਿਆ। ਬਿਲਕੁਲ ਗਰੀਬ ਬਣਾ ਦਿਤਾ, ਡੱਲਾ ਮਰ ਗਿਆ। ਕਿੱਡੀਆਂ ਵੱਡੀਆਂ ਗੁਰੂ ਮਹਾਰਾਜ ਨੂੰ ਤਸੱਲੀਆਂ ਦਿੰਦਾ ਸੀ ਕਿ ਮਹਾਰਾਜ! ਜੇ ਤੁਸੀਂ ਅਨੰਦਪੁਰ ਵਿਚ ਮੈਨੂੰ ਯਾਦ ਕਰਦੇ, ਮੇਰੇ ਜੁਆਨ ਸਵਾ ਛੇ ਫੁੱਟ ਤੋਂ ਉਚੇ ਨੇ, ਤੇ 45 ਇੰਚ ਤੋਂ ਘੱਟ ਕਿਸੇ ਦੀ ਛਾਤੀ ਨਹੀਂ। ਮਹਾਰਾਜ, ਦੇਖਦੇ ਤਾਂ ਸਹੀ ਤੁਸੀਂ ਮੇਰੇ ਜੁਆਨਾਂ ਦਾ ਹੱਥ। ਉਹ ਡੱਲਾ ਚੁੱਪ ਕਰਕੇ ਨੱਠ ਗਿਆ, ਸਾਥੀਆਂ ਨੂੰ ਲੈ ਕੇ। ਗੁਰੂ ਮਹਾਰਾਜ ਕਹਿਣ ਲੱਗੇ ਕਿਉਂ ਰਾਮ ਸਿੰਘਾ! ਹੁਣ ਤੂੰ ਦੱਸ, ਤੇਰੀ ਤੇ ਸਾਡੀ ਸਾਂਝ ਗੁਰੂ ਚੌਥੇ ਪਾਤਸ਼ਾਹ ਤੋਂ ਆ ਰਹੀ ਹੈ, ਕਿਉਂਕਿ ਭਾਈ ਆਦਮ ਨੂੰ ਗੁਰੂ ਮਹਾਰਾਜ ਨੇ ਆਪਣਾ ਪੁੱਤਰ ਭਾਈ ਭਗਤੂ ਦਿਤਾ ਸੀ ਕਿ ਤੇਰੇ ਘਰ ਜੰਮੇਗਾ ਪੁੱਤਰ ਸਾਡਾ ਹੈ ਤੇ ਉਸ ਵੇਲੇ ਤੋਂ ਸਾਡੀ ਸਾਂਝ ਤੁਹਾਡੇ ਨਾਲ ਬਣੀ ਹੋਈ ਹੈ। ਭਾਈ ਭਗਤੂ ਦੇ ਲੜਕੇ ਭਾਈ ਜੀਵਨ, ਭਾਈ ਗੌਰਾ, ਇਹ ਗੁਰੂ ਅੱਠਵੇਂ ਪਾਤਸ਼ਾਹ ਤਕ ਰਹੇ, ਉਸ ਤੋਂ ਬਾਅਦ ਭਾਈ ਤੁਸੀਂ ਸਾਡੇ ਨਾਲ ਚੱਲ ਰਹੇ ਓਂ। ਹੁਣ ਤੂੰ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਫਤਹਿ ਸਿੰਘ ਨੂੰ ਭੇਜ 'ਦਿਓ, ਇਹ ਘਰ ਸਾਂਭ ਲਏਗਾ ਤਾਂ ਮੈਂ ਤੁਹਾਡੇ ਨਾਲ ਨਿਭਾਂਗਾ। ਮੈਂ ਤਾਂ ਤੁਹਾਨੂੰ ਸੀਸ ਦੇਵਾਂਗਾ। ਜਿਥੇ ਜੀਅ ਕਰਦਾ ਹੈ ਲੈ ਲਓ। ਸੀਸ ਮੈਂ ਤੁਹਾਡਾ ਇਮਾਨਤ ਚੁੱਕੀਂ

ਫਿਰਦਾ ਹਾਂ। ਮਹਾਰਾਜ ਜੀ ਇਕ ਦੋ ਮੰਜ਼ਲਾਂ ਹੋਰ ਗਏ। ਖਬਰ ਲੱਗੀ ਕਹਿੰਦੇ ਸੱਚੇ ਪਾਤਸ਼ਾਹ! ਰਾਮ ਸਿੰਘ ਬਹੁਤ ਸਾਰੇ ਜੁਆਨਾਂ ਨੂੰ ਨਾਲ ਲੈ ਕੇ ਨੱਠ ਗਿਆ। ਮਹਾਰਾਜ ਕਹਿੰਦੇ, ਰਾਮ ਸਿੰਘ ਨੂੰ ਮੋੜ ਕੇ ਲਿਆਓ ਇਕ ਗੱਲ ਕਰਨੀ ਹੈ ਉਸ ਨਾਲ। ਸਵਾਰ ਗਿਆ ਜਾ ਕੇ ਕਹਿਣ ਲੱਗਿਆ, ਰਾਮ ਸਿੰਘਾ! ਤੈਨੂੰ ਗੁਰੂ ਦਸ਼ਮੇਸ਼ ਪਿਤਾ ਬੁਲਾਉਂਦੇ ਨੇ। ਕਹਿੰਦਾ ਕਿ ਮੈਂ ਤਾਂ ਨਹੀਂ ਜਾਂਦਾ, ਕਹਿ ਦੇ ਗੁਰੂ ਸਾਹਿਬ ਨੂੰ ਕਿ ਉਹ ਨਹੀਂ ਆਉਂਦਾ। ਉਸ ਨੇ ਆ ਕੇ ਉਸੇ ਤਰ੍ਹਾਂ ਕਹਿ ਦਿਤਾ। ਮਹਾਰਾਜ ਜੀ ਨੇ ਫੇਰ ਭੇਜਿਆ ਸਵਾਰ, ਕਹਿੰਦੇ ਉਹਨੂੰ ਆਣ ਪਾ ਦੇ। ਤਿੰਨ ਆਣਾਂ ਹੁੰਦੀਆਂ ਨੇ ਆਦਮੀ ਦੀਆਂ, ਤਿੰਨੋ ਪਾ ਦੇ। ਤਿੰਨੋਂ ਆਣਾਂ ਪਾ ਦਿਤੀਆਂ, ਗੁਰੂ ਦੀ ਆਣ ਦੇ ਦਿਤੀ, ਮਾਂ-ਬਾਪ ਦੀ ਆਣ ਦੇ ਦਿਤੀ ਤੇ ਗਊ ਗਰੀਬ ਦੀ ਆਣ ਦੇ ਦਿਤੀ ਪਰ ਤਿੰਨੋ ਲੰਘ ਗਿਆ। ਕਹਿੰਦੇ ਉਹ ਤਾਂ ਟੱਪ ਗਿਆ, ਤਿੰਨੋ ਲਕੀਰਾਂ ਟੱਪ ਗਿਆ। ਮਹਾਰਾਜ ਕਹਿੰਦੇ, ਹੁਣ ਸਾਡਾ ਰੁਮਾਲ ਲੈ ਜਾਓ, ਲਕੀਰ ਕੱਢ ਕੇ ਉਤੇ ਰੱਖ ਦੇ ਉਹਨੂੰ ਕਹਿ ਦੇ ਰਾਮ ਸਿੰਘਾ! ਇਹ ਗੁਰੂ ਕਲਗੀਧਰ ਦੀ ਦਸਤਾਰ ਹੈ, ਇਹਦੇ ਉਤੇ ਦੀ ਲੰਘਣਾ ਹੈ ਤਾਂ ਲੰਘ ਜਾ, ਨਹੀਂ ਤਾਂ ਵਾਪਸ ਆ ਜਾ। ਉਸ ਵੇਲੇ ਉਹਨੇ ਘੋੜਾ ਖੜ੍ਹਾ ਲਿਆ, ਬੜਾ ਗੁਰਸਿੱਖ ਨੇ ਕਿਹਾ ਪ੍ਰੇਮੀਆਂ! ਬੇਮੁੱਖ ਹੋ ਜਾਏਂਗਾ, ਬੇਮੁੱਖ ਨੂੰ ਜਨਮ ਲੱਗਣਗੇ। ਨਾ ਪਿੱਠ ਦੇ ਗੁਰੂ ਕਲਗੀਧਰ ਪਾਤਸ਼ਾਹ ਨੂੰ, ਤੁਹਾਡੇ ਉਤੇ ਮਾਣ ਕਰਦੇ ਸੀ, ਆਹ ਦਸਤਾਰ ਪਈ ਹੈ, ਰੁਮਾਲ ਰੱਖ ਦਿਤਾ ਲਕੀਰ ਕੱਢ ਕੇ ਪੈਰ ਨਾਲ। ਉਹਨੇ ਘੋੜੇ ਨੂੰ ਮਾਰੀ ਅੱਡੀ ਤੈਂ ਉਤੇ ਦੀ ਲੰਘ ਗਿਆ। ਆ ਕੇ ਦੱਸਿਆ ਕਿ ਸੱਚੇ ਪਾਤਸ਼ਾਹ! ਉਹ ਨਹੀਂ ਰੁਕਿਆ, ਉਹਨੇ ਘੋੜੇ ਨੂੰ ਅੱਡੀ ਮਾਰੀ ਤੇ ਉਤੇ ਦੀ ਐਉਂ ਲੰਘ ਗਿਆ ਜਿਵੇਂ ਕੋਈ ਗੱਲ ਹੀ ਨਹੀਂ ਹੁੰਦੀ। ਕਹਿੰਦੇ ਉਹਨੂੰ ਘਰ ਪਿਆਰਾ ਹੈ, ਟੱਕਰਾਂ ਮਾਰੇਗਾ। ਘਰ ਚਲਿਆ ਗਿਆ, ਘੋੜੇ ਤੋਂ ਨਹੀਂ ਉਤਰਦਾ, ਭਰਾ ਨੇ ਉਤਾਰਿਆ, ਇਕ ਮਹੀਨਾ ਟੱਕਰਾਂ ਮਾਰ-ਮਾਰ ਕੇ, ਮਰ ਗਿਆ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਦੇ ਜਿਹੜੇ ਟਰਸਟਿਡ ਸੀ ਉਹ ਇਕ-ਇਕ ਕਰਕੇ ਗੁਰੂ ਮਹਾਰਾਜ ਦਾ ਸਾਥ ਛੱਡਦੇ ਗਏ, ਐਸ ਤਰ੍ਹਾਂ ਨਾਲ ਪੜ੍ਹ ਲਓ -



ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਆਪਣੇ ਚਾਰ ਸਾਹਿਬਜਾਦਿਆਂ ਨਾਲ

***ਧਾਰਨਾ - ਜਿਹੜੇ ਕਹਿੰਦੇ ਸੀ ਦੇਵਾਂਗੇ ਸੀਸ ਗੁਰਾਂ ਨੂੰ, ਉਹ ਵੀ ਸਾਥ ਛੱਡ ਭੱਜ ਗਏ।***

ਏਸ ਤਰ੍ਹਾਂ ਇਕ-ਇਕ ਕਰਕੇ ਗੁਰੂ ਮਹਾਰਾਜ ਦਾ ਸਾਥ ਛੱਡ ਕੇ ਭੱਜ ਗਏ। ਲੇਕਿਨ ਧੰਨ ਗੁਰੂ ਕਲਗੀਧਰ ਪਾਤਸ਼ਾਹ ਕਿ ਭੌਰਾ ਵੀ ਝਣੀ ਨਹੀਂ ਖਾਧੀ। ਆਪ ਦੱਖਣ ਵਲ ਨੂੰ ਜਾ ਰਹੇ ਨੇ, ਉਸ ਵੇਲੇ ਚਿੱਠੀ ਆ ਜਾਂਦੀ ਹੈ। ਕਿਉਂਕਿ ਜ਼ਫਰਨਾਮਾ ਭੇਜਿਆ ਹੋਇਆ ਸੀ ਗੁਰੂ ਮਹਾਰਾਜ ਨੇ ਦੀਨੇ ਕਾਂਗੜ ਤੋਂ। ਜਿਹਦੇ ਵਿਚ ਫਤਹਿ ਦੀਆਂ ਗੱਲਾਂ ਲਿਖੀਆਂ ਹੋਈਆਂ ਸੀ, ਜ਼ਫਰਨਾਮਾ ਫਤਹਿ ਦੀ ਚਿੱਠੀ ਨੂੰ ਕਹਿੰਦੇ ਨੇ। ਮਹਾਰਾਜ ਨੇ ਬਹੁਤ ਚੜ੍ਹਦੀ ਕਲਾ ਦੇ ਬਚਨ ਲਿਖੇ ਸੀ। ਨੌਂਵਾਂ ਬਚਨ ਲਿਖਿਆ ਸੀ ਕਿ ਮੈਂ ਹੁਣ ਅਕਾਲ ਦੇ ਫਜ਼ਲ ਨਾਲ, ਲੋਹੇ ਦੀ ਧਾਰ ਨਾਲ ਬਰਸਾਤ ਵਾਂਗੂੰ ਤੇਰੇ ਤੇ ਹਮਲਾ ਕਰਾਂਗਾ, ਔਰੰਗਜ਼ੇਬ ਨੂੰ ਲਿਖਿਆ ਸੀ। ਜਿਵੇਂ ਬੱਦਲ ਆਉਂਦਾ ਹੈ ਨਾ ਬਰਸਾਤ ਵਰ੍ਹਦੀ ਹੈ, ਮੂਲੇਧਾਰ, ਕਹਿੰਦੇ ਐਸ ਤਰ੍ਹਾਂ ਮੈਂ ਤੇਰੇ 'ਤੇ ਹੱਲਾ ਕਰਾਂਗਾ, ਤੂੰ ਤਿਆਰ ਰਹਿ ਇਸ ਦੇ ਵਾਸਤੇ। ਤੇਰੇ ਪੈਰਾਂ ਹੇਠ ਐਸੀ ਅੱਗ ਰਖਾਂਗਾ ਕਿ ਪੰਜਾਬ ਵਿਚੋਂ ਤੈਨੂੰ ਪਾਣੀ ਨਹੀਂ ਪੀਣ ਦਿਆਂਗਾ। ਬਾਰ੍ਹਵਾਂ ਲਿਖਿਆ, ਚੌਦਵਾਂ ਲਿਖਿਆ ਕਿ ਜਦ ਕਿ ਸ਼ੇਰ ਬੱਬਰ ਇਹ ਜ਼ਿੰਦਾ ਹੈ, ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚਿਆਂ ਨੂੰ ਸ਼ਹੀਦ ਕਰਾ ਦਿਤਾ, ਕੋਈ ਗੱਲ ਨਹੀਂ ਅਜੇ ਤਾਂ ਕੁੰਡਲਦਾਰ ਭੁਯੰਗੀ ਬਾਕੀ ਹੈ। ਕਹਿੰਦੇ ਸੀ ਨਾ ਉਨ੍ਹਾਂ ਨੇ ਕਿਹਾ ਕਿ ਸਪੋਲੀਆਂ ਦਾ ਸਿਰ ਭੰਨ ਦਿਓ, ਮਹਾਰਾਜ ਕਹਿੰਦੇ ਹਾਲੇ ਤਾਂ ਕੋਬਰਾ ਨਾਗ ਖਾਲਸੇ ਦੇ ਰੂਪ ਵਿਚ, ਕਾਇਮ ਹੈ। ਸੋ ਇਸ ਤਰ੍ਹਾਂ ਚੜ੍ਹਦੀ ਕਲਾ ਦੀਆਂ ਗੱਲਾਂ ਬਾਦਸ਼ਾਹ ਨੂੰ ਲਿਖ ਕੇ, ਭਾਈ ਦਇਆ ਸਿੰਘ ਜੀ ਦੇ ਪਾਸ ਭੇਜ ਦਿਤਾ। ਭਾਈ ਦਇਆ ਸਿੰਘ ਓਧਰਲੇ ਪਾਸੇ ਪਹਿਲਾਂ ਇਕ ਚਿੱਠੀ ਮਾਛੀਵਾੜੇ ਤੋਂ ਲਿਖੀ ਸੀ ਮਹਾਰਾਜ ਜੀ ਨੇ। ਉਹਦਾ ਜਵਾਬ ਆ ਗਿਆ ਸੀ ਕਿ ਤੁਸੀਂ ਮੈਨੂੰ ਮਿਲੋ ਆ ਕੇ। ਭਾਈ ਦਇਆ ਸਿੰਘ ਓਹਨੀਂ ਜਵਾਬ ਲੈ ਆਏ ਸੀ ਤੇ ਏਧਰ ਪਤਾ ਲੱਗ ਗਿਆ ਸੂਬੇ ਸਰਹੰਦ ਨੂੰ, ਲਾਹੌਰ ਵਾਲੇ ਸੂਬੇ ਨੂੰ, ਸੁਲਤਾਨ ਵਾਲੇ ਸੂਬੇ ਨੂੰ, ਕਾਬਲ ਵਾਲੇ ਸੂਬੇ ਨੂੰ ਕਿ ਹੁਣ ਮੂੰਹੋ ਤੂੰਹੀ ਕਲਗੀਧਰ ਦੇ ਬਚਨ ਹੋਣਗੇ ਔਰੰਗਜ਼ੇਬ ਨਾਲ ਤੇ ਅਸੀਂ

ਕਸਮਾਂ ਭੰਗ ਕਰਕੇ ਉਨ੍ਹਾਂ 'ਤੇ ਹੱਲਾ ਕੀਤਾ, ਕਿਤੇ ਜਵਾਬ ਤਲਬੀ ਨਾ ਹੋਵੇ ਸਾਡੀ। ਬਾਦਸ਼ਾਹ ਦਾ ਕੀ ਪਤਾ ਕਿ ਕਿਧਰ ਨੂੰ ਚੱਲ ਪਵੇ। ਵਿਉਂਤ ਇਹ ਬਣਾਈ ਕਿ ਇਨ੍ਹਾਂ ਨੂੰ ਬਾਦਸ਼ਾਹ ਦੇ ਨਾਲ ਮਿਲਣ ਨਾ ਦਿਓ। ਪਹਿਲੀ ਚਿੱਠੀ ਦੀ ਖ਼ਬਰ ਆ ਗਈ, ਉਨ੍ਹਾਂ ਨੇ ਐਸੀ ਲੌਬੀ ਕੀਤੀ ਕਿ ਛੇ ਮਹੀਨੇ ਭਾਈ ਦਇਆ ਸਿੰਘ ਜੀ ਨੂੰ ਔਰੰਗਜ਼ੇਬ ਦੇ ਨਾਲ ਮਿਲਣ ਨਾ ਦਿਤਾ। ਉਨ੍ਹਾਂ ਨੇ ਚਿੱਠੀ ਲਿਖ ਕੇ ਭੇਜੀ ਗੁਰੂ ਕਲਗੀਧਰ ਪਾਤਸ਼ਾਹ ਨੂੰ ਕਿ ਮਹਾਰਾਜ! ਹੁਣ ਤੁਹਾਡੀ ਮਦਦ ਤੋਂ ਬਗੈਰ ਅਸੀਂ ਨਹੀਂ ਮਿਲ ਸਕਦੇ। ਐਸਾ ਇਤਿਹਾਸ 'ਚ ਆਉਂਦਾ ਹੈ ਕਿ ਮਹਾਰਾਜ ਜੀ ਨੇ ਉਹਨੂੰ ਸੂਖਸ਼ਮ ਸਰੀਰ ਦੇ ਨਾਲ ਘੇਰ ਕੇ ਬਹੁਤ ਡਰਾਇਆ ਕਿ ਮੇਰਾ ਸਿੱਖ ਛੇ ਮਹੀਨੇ ਤੋਂ ਬੈਠਾ ਇੰਤਜ਼ਾਰ ਕਰ ਰਿਹਾ ਹੈ ਤੇ ਤੂੰ ਉਹਨੂੰ ਸਮਾਂ ਨਹੀਂ ਦਿੰਦਾ। ਆਹ ਫੜ ਸਾਡਾ ਤੀਰ ਇਹ ਮੰਗੇਗਾ ਤੇ ਇਹ ਉਹਨੂੰ ਦੇ ਦੇਵੀਂ ਤੂੰ। ਅੱਜ ਜੇ ਨਾ ਮਿਲਿਆ ਤਾਂ ਕੱਲ੍ਹ ਨੂੰ ਦੇਖ ਲੈ ਤੇਰੇ ਨਾਲ ਕੀ ਬਣੇਗਾ। ਉਸ ਵੇਲੇ ਅੰਮ੍ਰਿਤ ਵੇਲੇ ਹੀ ਉਸ ਨੇ ਆਵਾਜ਼ ਦਿਤੀ ਕਿ ਕੋਈ ਦਇਆ ਸਿੰਘ ਨਾਮ ਦਾ, ਸਾਹਿਬ ਸਿੰਘ ਨਾਮ ਦਾ, ਧਰਮ ਸਿੰਘ ਨਾਮ, ਕੋਈ ਪੰਜਾਬ ਤੋਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਆਇਆ ਹੋਵੇ ਤਾਂ ਉਹ ਮੈਨੂੰ ਮਿਲ ਸਕਦਾ ਹੈ। ਓਧਰ ਮਹਾਰਾਜ ਜੀ ਨੇ ਸੁਨੇਹਾ ਭੇਜ ਦਿਤਾ ਕਿ ਭਾਈ ਦਇਆ ਸਿੰਘਾ! ਇਹਨੂੰ ਮਿਲਣ ਵੇਲੇ ਸ਼ਸਤਰ ਨਾ ਤਿਆਗੀਂ, ਸ਼ਸਤਰਾਂ ਸਮੇਤ ਜਾਈਂ, ਇਨ੍ਹਾਂ ਦੀ ਮਰਿਯਾਦਾ ਨਾ ਕਰੀਂ ਕਿ ਸੱਤ ਸਲਾਮਾਂ ਕਰੇਂ, ਫਤਹਿ ਬੁਲਾਈਂ ਜਾ ਕੇ। ਉਸ ਵੇਲੇ ਹੁਕਮ ਹੋ ਗਿਆ, ਆਵਾਜ਼ ਮਿਲ ਗਈ, ਢੰਡੋਰਾ ਫਿਰਾ ਦਿਤਾ ਕਿ ਕੋਈ ਪੰਜਾਬ ਤੋਂ ਆਇਆ ਹੋਇਆ ਸਿੱਖ ਰੁਕਿਆ ਬੈਠਾ ਹੋਵੇ, ਅੱਜ ਬਾਦਸ਼ਾਹ ਨੂੰ ਮਿਲੇ। ਭਾਈ ਦਇਆ ਸਿੰਘ ਓਨੀਂ ਦੋਵੇਂ ਜਣੇ ਚਲੇ ਜਾਂਦੇ ਨੇ ਤੇ ਸਭ ਭੁੱਲ ਗਏ ਕਿ ਇਨ੍ਹਾਂ ਨੂੰ ਨ-ਸ਼ਸਤਰੇ ਕਰਨਾ ਹੈ, ਯਾਦ ਚੇਤੇ ਹੀ ਨਾ ਰਿਹਾ ਕਿਸੇ ਦੇ, ਐਸੀ ਮਹਾਰਾਜ ਨੇ ਮਾਇਆ ਪਾਈ। ਉਸੇ ਤਰ੍ਹਾਂ ਸ਼ਸਤਰਾਂ ਸਮੇਤ ਲੰਘ ਕੇ ਔਰੰਗਜ਼ੇਬ ਦੇ ਕੋਲ ਚਲੇ ਜਾਂਦੇ ਨੇ। ਉਥੇ ਜਾ ਕੇ ਭਾਈ ਦਇਆ ਸਿੰਘ ਜੀ ਨੇ ਫਤਹਿ ਬੁਲਾਈ।

***'ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।'***

ਖਾਲਸੇ ਦੇ ਨਾਮ 'ਤੇ ਉਹ ਚਿੜ੍ਹਦਾ ਸੀ, ਔਰੰਗਜ਼ੇਬ ਨੇ ਕਿਹਾ ਕਿ ਭਾਈ ਦਇਆ ਸਿੰਘ ਇਹ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪ੍ਰਗਟ ਕਰਨ ਦੀ ਕਾਹਲੀ ਕੀਤੀ ਹੈ। ਮੇਰੇ ਮਗਰੋਂ ਪ੍ਰਗਟ ਕਰਨਾ ਸੀ। ਕਹਿਣ ਲੱਗੇ, ਔਰੰਗਜ਼ੇਬ! ਤੂੰ ਵੀ ਹਿੰਦੂਆਂ ਨੂੰ ਉਨ੍ਹਾਂ ਦੇ ਜਨੈਊ ਲਾਹੁਣ ਦੀ ਬਹੁਤ ਕਾਹਲੀ ਕਰੀ ਹੈ, ਤੈਨੂੰ ਵੀ ਕਾਹਲੀ ਨਹੀਂ ਸੀ ਕਰਨੀ ਚਾਹੀਦੀ। ਉਸ ਵੇਲੇ ਆਪਣੇ ਸੁਭਾਅ ਦੇ ਮੁਤਾਬਿਕ ਉਸ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਵਿਚ ਕਿੰਨੀ ਕੁ ਕਰਾਮਾਤ ਹੈ, ਕਿੰਨੀ ਕੁ ਸ਼ਕਤੀ ਹੈ? ਭਾਈ ਦਇਆ ਸਿੰਘ ਕਹਿਣ ਲੱਗੇ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਕਰਦੇ ਓਂ, ਉਹ ਤਾਂ ਕੋਈ ਦੱਸ ਹੀ ਨਹੀਂ ਸਕਦਾ, ਬਾਕੀ ਰਹਿ ਗਈ ਸਿੰਘਾਂ ਵਿਚ, ਉਹ ਵੀ ਨਹੀਂ ਦਸ ਸਕਦਾ, ਗੁਰੂ ਘਰ ਦੇ ਜੇ ਜੂਠੇ ਪ੍ਰਸ਼ਾਦੇ ਛਕ ਲਏ ਨਾ ਕੁੱਤੇ ਨੇ, ਕਹਿੰਦੇ ਉਹਦੇ 'ਚ ਵੀ ਸ਼ਕਤੀ ਹੈ। ਔਰੰਗਜ਼ੇਬ ਕਹਿਣ ਲੱਗਿਆ ਕਿ ਠੀਕ ਹੈ ਮੈਂ ਕੁੱਤੇ ਦੀ ਹੀ ਸ਼ਕਤੀ ਦੇਖਣੀ ਚਾਹੁੰਦਾ ਹਾਂ। ਦਿਖਾਓ ਮੈਨੂੰ। ਭਾਈ ਦਇਆ ਸਿੰਘ ਜੀ ਨੇ ਭਾਈ ਧਰਮ ਸਿੰਘ ਨੂੰ ਭੇਜ ਦਿਤਾ ਕਿ ਜਾਓ ਡੇਰੇ ਤੋਂ ਕੁੱਤਾ ਲੈ ਆਓ ਆਪਣਾ। ਉਹ ਕਈ ਮਹੀਨੇ ਦਾ ਉਥੇ ਹੀ ਰਹਿੰਦਾ ਸੀ ਉਨ੍ਹਾਂ ਦੇ ਕੋਲ। ਕੁੱਤਾ ਲੈ ਆਂਦਾ ਤੇ ਕਹਿਣ ਲੱਗੇ ਕਿ ਲਓ ਮਹਾਰਾਜ! ਕੁੱਤਾ ਹਾਜ਼ਰ ਹੈ। ਦੱਸੋ ਕੀ ਦੇਖਣਾ ਚਾਹੁੰਦੇ ਓਂ? ਭਾਈ ਦਇਆ ਸਿੰਘ ਜੀ ਨੇ ਆਪਣੇ ਬਰਛੇ ਦੀ ਨੋਕ ਕੁੱਤੇ ਦੇ ਸਿਰ ਉਤੇ ਰੱਖ ਦਿਤੀ, ਜਿਵੇਂ ਗੁਰੂ ਅੱਠਵੇਂ ਪਾਤਸ਼ਾਹ ਨੇ ਛੜੀ ਰੱਖੀ ਸੀ ਛੱਜੂ ਦੇ ਸਿਰ 'ਤੇ। ਜਿਸ ਵਕਤ ਰੱਖੀ ਆਵਾਜ਼ ਆਈ ਕੁੱਤੇ 'ਚੋਂ ਕਿ ਕੀ ਦੇਖਣਾ ਚਾਹੁੰਦਾ ਹੈਂ? ਔਰੰਗਜ਼ੇਬ ਹੈਰਾਨ ਹੋ ਗਿਆ ਕਿ ਕੁੱਤਾ ਤਾਂ ਬੋਲਣ ਲੱਗ ਗਿਆ, ਮਨੁੱਖਾਂ ਵਾਂਗੂੰ। ਚੁੱਪ ਕਰ ਗਿਆ, ਕੋਈ ਗੱਲ ਨਹੀਂ ਆਉਂਦੀ। ਕਹਿੰਦਾ ਕੁੱਤਿਆ ਤੂੰ ਵੀ ਕੁੱਤਾ ਤੇ ਅਸੀਂ ਵੀ ਕੁੱਤੇ। ਪਿਛਲੇ ਜਨਮ 'ਚ ਆਪਾਂ ਇਕੱਠੇ ਸੀਗੇ ਤੇ ਤੇਰੀ ਬਾਣ ਨਹੀਂ ਗਈ ਕੁੱਤਿਆਂ ਵਾਲੀ। ਤੂੰ ਆਪਣਾ ਪਿਉ ਮਾਰਿਆ, ਆਪਣੇ ਭਰਾ ਮਾਰੇ, ਦਾਰਾ ਮਾਰਿਆ, ਵੱਡੇ-ਵੱਡੇ ਪੀਰ ਮਾਰੇ, ਵੱਡੇ-ਵੱਡੇ ਸੂਫੀ ਮਹਾਤਮਾ ਮਾਰੇ ਤੇ ਕੁੱਤਿਆਂ ਵਾਲੀ ਹੀ ਗੱਲ ਕਰਦਾ ਹੈਂ। ਜਦੋਂ ਏਸ ਤਰ੍ਹਾਂ ਲੱਗੇ ਗੱਲਾਂ ਕਰਨ ਤਾਂ ਕਹਿਣ ਲੱਗਿਆ ਭਾਈ ਦਇਆ ਸਿੰਘ ਬੱਸ-ਬੱਸ ਠੀਕ ਹੈ, ਬਹੁਤ ਹੈ। ਪਤਾ ਲੱਗ ਗਿਆ ਕਿ ਸ਼ਕਤੀ ਵਿਚ ਤਾਂ ਮੈਨੂੰ ਇਹ ਐਵੇਂ ਖਤਮ ਕਰ ਦੇਣਗੇ। ਇਨ੍ਹਾਂ ਤਾਂ ਸਿੰਘਾਂ 'ਚ ਐਨੀ ਸ਼ਕਤੀ ਹੈ, ਕੁੱਤਾ ਬੁਲਾ ਦਿਤਾ। ਕਹਿੰਦੇ, ਆਹ ਚਿੱਠੀ ਹੈ ਗੁਰੂ ਸਾਹਿਬ ਦੀ, ਚਿੱਠੀ ਪੜ੍ਹ ਲਈ, ਪੜ੍ਹਦੇ-ਪੜ੍ਹਦੇ ਰੰਗ ਫਿੱਕਾ ਪੈ ਗਿਆ, ਉਸ ਵੇਲੇ ਲਿਖਾਰੀ ਬੁਲਾ ਲਏ ਆਪਣੇ, ਕਹਿੰਦੇ ਹੁਣੇ ਹੀ ਚਿੱਠੀ ਲਿਖੋ ਸਾਰੇ ਸੂਬਿਆਂ ਨੂੰ ਕਿ ਗੁਰੂ ਗੋਬਿੰਦ ਸਿੰਘ ਜਿੱਥੇ ਜਾਣਾ ਚਾਹੁੰਦੇ ਨੇ, ਜਿਥੇ ਫਿਰਦੇ ਨੇ, ਅੱਜ ਤੋਂ ਬਾਅਦ ਜਿੰਨਾਂ ਉਨ੍ਹਾਂ ਦਾ ਖਰਚ ਹੋਵੇ ਉਹ ਸਾਰਾ ਸਰਕਾਰੀ ਖਜ਼ਾਨੇ 'ਚੋਂ ਹੋਵੇ। ਸਰਕਾਰੀ ਖਜ਼ਾਨੇ 'ਚੋਂ ਕਿਉਂ ਹੁੰਦਾ ਸੀ ਕਿਉਂਕਿ ਗੁਰੂ ਮਹਾਰਾਜ ਦੀ ਕਰੋੜਾਂ ਦੀ ਜਾਇਦਾਦ ਜਿਹੜੀ ਸੀ ਉਹ ਖਜ਼ਾਨੇ 'ਚ ਜ਼ਬਤ ਕਰ ਲਈ ਸੀ। ਨੌਂ ਕਰੋੜ ਉਸ ਵੇਲੇ ਦੇ ਰੁਪਈਏ ਦਾ ਜਿਹੜਾ ਹੁਣ ਖਰਬਾਂ ਬਣਦਾ ਹੈ, ਗੁਰੂ ਮਹਾਰਾਜ ਨੇ ਸਤਲੁਜ 'ਚ ਸੁਟਾ ਦਿਤਾ ਸੀ। ਉਸ ਵੇਲੇ ਭਾਈ ਦਇਆ ਸਿੰਘ ਦੇ ਨਾਲ ਦੋ ਕਾਜ਼ੀ ਭੇਜੇ ਕਿ ਮੈਂ ਤਾਂ ਆ ਨਹੀਂ ਸਕਦਾ, ਮੈਂ ਬੀਮਾਰ ਹਾਂ, ਜੀਉਂਦੇ-ਜੀਉਂਦੇ ਇਕ ਵਾਰੀ ਗੁਰੂ ਗੋਬਿੰਦ ਸਿੰਘ ਮੈਨੂੰ ਦਰਸ਼ਨ ਦੇ ਜਾਣ, ਹੋ ਸਕਦਾ ਹੈ ਮੇਰੇ ਪਾਪਾਂ ਦਾ ਖਾਤਮਾ ਹੋ ਜਾਏ। ਮੈਂ ਬਹੁਤ ਵਧੀਕੀਆਂ ਕਰੀਆਂ ਨੇ, ਮੈਂ ਰੋ-ਰੋ ਕੇ ਉਨ੍ਹਾਂ ਦੇ ਚਰਨਾਂ 'ਤੇ ਮਾਫੀ ਮੰਗਣੀ ਚਾਹੁੰਦਾ ਹਾਂ। ਭਾਈ ਦਇਆ ਸਿੰਘ ਜੀ ਗੁਰੂ ਮਹਾਰਾਜ ਕੋਲ ਆ ਕੇ ਬੇਨਤੀ ਕਰੀ ਕਿ ਮਹਾਰਾਜ! ਉਹਦਾ ਇਰਾਦਾ ਐਉਂ ਲਗਦਾ ਹੈ ਕਿ ਸਾਫ ਹੈ। ਕ੍ਰਿਪਾ ਕਰੋ, ਦਰਸ਼ਨ ਦੇਵੋ, ਦਰਸ਼ਨਾਂ ਦੀ ਤਾਂਘ ਕਰਦਾ ਹੈ। ਸੋ ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਅਸੀਂ ਉਹਨੂੰ ਮਿਲਾਂਗੇ ਜ਼ਰੂਰ ਮਿਲਾਂਗੇ ਪਰ ਹਿਸਾਬ ਨਾਲ ਮਿਲਾਂਗੇ। ਉਸ ਵੇਲੇ ਗੁਰੂ ਮਹਾਰਾਜ ਨੌਹਰ ਪਿੰਡ ਚਲੇ ਜਾਂਦੇ ਨੇ, ਉਥੇ

ਜੋਤਸ਼ੀ ਸੀ ਬਹੁਤ ਵੱਡਾ ਬੁਲਾਇਆ। ਕਹਿੰਦੇ, ਦੱਸ ਬਈ ਅਸੀਂ ਕਿਥੇ ਜਾ ਰਹੇ ਹਾਂ। ਜੋਤਸ਼ੀ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਔਰੰਗਜ਼ੇਬ ਨੂੰ ਮਿਲਣ ਜਾ ਰਹੇ ਓਂ, ਪਰ ਤੁਹਾਡੇ ਜਾਣ ਤੋਂ ਪਹਿਲਾਂ ਉਸ ਨੇ ਮਰ ਜਾਣਾ ਹੈ। ਤੁਹਾਡਾ ਮੇਲ ਨਹੀਂ ਹੋਣਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜਦੋਂ ਅੱਗੇ ਚਲਦੇ ਨੇ ਔਰੰਗਜ਼ੇਬ ਮਰ ਗਿਆ ਤੇ ਉਹਦੇ ਬੱਚਿਆਂ 'ਚ ਲੜਾਈ ਸ਼ੁਰੂ ਹੋ ਗਈ। ਬਹਾਦਰਸ਼ਾਹ ਨੇ ਭਾਈ ਨੰਦ ਲਾਲ ਨੂੰ ਭੇਜਿਆ ਕਿ ਜਾਹ, ਐਸ ਵੇਲੇ ਮੇਰੀ ਰਾਖੀ ਕਰਨ ਵਾਲਾ, ਮੈਨੂੰ ਤਖਤ ਦਿਵਾਉਣ ਵਾਲਾ ਸਿਵਾਏ ਗੁਰੂ ਗੋਬਿੰਦ ਸਿੰਘ ਤੋਂ ਹੋਰ ਕੋਈ ਨਹੀਂ ਹੈ। ਭਾਈ ਨੰਦ ਲਾਲ ਜਾਂਦੇ ਨੇ, ਮਹਾਰਾਜ ਕਹਿਣ ਲੱਗੇ, ਦੇਖੋ ਜਿਹੜੇ ਦੁਸ਼ਟ ਨੇ, ਉਨ੍ਹਾਂ ਨੇ ਦੁਸ਼ਟਤਾਈਆਂ ਕੀਤੀਆਂ ਨੇ, ਨਾਜਾਇਜ਼ ਦੁਨੀਆਂ ਨੂੰ ਮਾਰਿਆ ਹੈ, ਉਨ੍ਹਾਂ ਨੂੰ ਦੰਡ ਦੇਣਾ ਮੰਨ ਲਵੇ। ਦੁਬਾਰਾ ਜਵਾਬ ਆ ਗਿਆ ਕਿ ਮੈਂ ਮਹਾਰਾਜ! ਗੱਦੀ 'ਤੇ ਬੈਠਦਾ ਪਹਿਲਾਂ ਕੰਮ ਇਹ ਕਰਾਂਗਾ, ਜਿੰਨੇ ਮੇਰੇ ਵੱਡੇ-ਵੱਡੇ ਸੂਬੇਦਾਰ ਜਰਨੈਲ ਜਿਨ੍ਹਾਂ ਨੇ ਗਰੀਬਾਂ ਨੂੰ ਤੰਗ ਕਰਿਆ ਹੈ, ਤੁਹਾਡੇ ਨਾਲ ਧੋਖੇ ਕਰੇ ਨੇ, ਉਨ੍ਹਾਂ ਸਾਰਿਆਂ ਨੂੰ ਮੈਂ ਦੰਡ ਦੇਵਾਂਗਾ।

ਸੋ ਯੁੱਧ ਹੋਇਆ ਤੇ ਗੁਰੂ ਮਹਾਰਾਜ ਨੇ ਜਾ ਕੇ ਉਸਨੂੰ ਰਾਜ ਦਿਵਾ ਦਿਤਾ। ਉਸ ਤੋਂ ਬਾਅਦ ਉਹ ਇਕ ਤਰ੍ਹਾਂ ਨਾਲ ਸ਼ਰਧਾਲੂ ਬਣ ਗਿਆ ਤੇ ਨਾਲ ਬੇਨਤੀ ਕਰੀ ਕਿ ਮਹਾਰਾਜ! ਮੇਰੇ ਨਾਲ ਦੱਖਣ ਨੂੰ ਚੱਲੋ। ਅੰਦਰੋਂ ਚਲਾਕੀ ਇਹ ਸੀ ਕਿ ਜੇ ਇਹ ਨਾ ਗਏ ਤਾਂ ਰਾਜਪੂਤਾਨੇ 'ਚ ਫਿਰ ਰਹੇ ਨੇ, ਰਾਜੇ ਸਾਰੇ ਇਨ੍ਹਾਂ ਨੂੰ ਮਿਲ ਰਹੇ ਨੇ, ਮੇਰਾ ਰਾਜ ਅਜੇ ਕਾਇਮ ਨਹੀਂ ਹੋਇਆ, ਕਿਤੇ ਐਸਾ ਨਾ ਹੋਵੇ ਕਿ ਇਨ੍ਹਾਂ ਚੁੱਕ ਕੇ ਗੁਰੂ ਮਹਾਰਾਜ ਨਾਲ ਲੜਾਈ ਕਰਾ ਦੇਣ ਤੇ ਰਾਜ ਹੀ ਖੋਹ ਲੈਣ ਮੇਰੇ ਤੋਂ। ਉਤੋਂ ਸ਼ਰਧਾਲੂ ਬਣਿਆ ਰਿਹਾ ਅੰਦਰੋਂ ਨਾ ਬਣਿਆ। ਚਾਰ ਮਹੀਨੇ ਗੁਰੂ ਮਹਾਰਾਜ ਨੂੰ ਆਪਣੇ ਨਾਲ ਆਗਰੇ ਰੱਖਿਆ। ਉਸ ਤੋਂ ਬਾਅਦ ਗੁਰੂ ਮਹਾਰਾਜ ਅੱਗੇ ਤੁਰਦੇ ਨੇ ਤੇ ਮਾਤਾਵਾਂ ਨੂੰ ਕਿਹਾ ਕਿ ਸਮਾਂ ਜੋ ਹੈ ਉਹ ਹੋਰ ਤਰ੍ਹਾਂ ਦਾ ਆ ਰਿਹਾ ਹੈ, ਤੇ ਹੁਣ ਤੁਸੀਂ ਦਿੱਲੀ ਜਾ ਕੇ ਰਹੋ। ਮਾਤਾ ਸੁੰਦਰੀ ਜੀ ਨੂੰ, ਮਾਤਾ ਸਾਹਿਬ ਕੌਰ ਜੀ ਨੂੰ, ਜਦੋਂ ਉਨ੍ਹਾਂ ਨੇ ਇਹ ਬਚਨ ਸੁਣੇ, ਬੜੀ ਮੁਸ਼ਕਲ ਦੇ ਨਾਲ ਉਨ੍ਹਾਂ ਦਾ ਦਿਲ ਲੱਗਿਆ ਸੀ, ਕਿਉਂਕਿ ਚਾਰੋ ਸਾਹਿਬਜ਼ਾਦੇ ਸ਼ਹੀਦ ਹੋ ਗਏ ਸੀ। ਉਹ ਫੱਟ ਹਾਲੇ ਦਿਲ ਦੇ ਵਿਚ ਤਾਜ਼ਾ ਸੀ, ਉਸ ਵੇਲੇ ਨੇਤਰਾਂ 'ਚੋਂ ਛਮਾ ਛਮ ਜਲ ਜਾਣ ਲੱਗ ਗਿਆ ਕਹਿਣ ਲੱਗੇ ਪਾਤਸ਼ਾਹ! ਕਿਸ ਤਰ੍ਹਾਂ ਦੇ ਨਾਲ ਅਸੀਂ ਤੁਹਾਡੇ ਬਿਨਾਂ ਜੀਉਂਦੀਆਂ ਰਹਾਂਗੀਆਂ-

***ਧਾਰਨਾ - ਔਖਾ ਸਾਹਿਬਾ!***
***ਤੇਰਾ ਝੱਲਣਾ ਵਿਛੋੜਾ।***

***ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ॥***
***ਅੰਗ - ੧੪੨੨***

ਜਿਨ੍ਹਾਂ ਨੂੰ ਪਿਆਰ ਲੱਗਿਆ ਹੁੰਦਾ ਹੈ ਉਹ ਤਾਂ ਜੀਉਂ ਨਹੀਂ ਸਕਦੇ ਹੁੰਦੇ ਵਿਛੋੜੇ ਦੇ ਅੰਦਰ।

***ਜਾਂ ਸਹੁ ਦੇਖਨਿ ਆਪਣਾ***
***ਨਾਨਕ ਥੀਵਨਿ ਭੀ ਹਰੇ॥ ਅੰਗ - ੧੪੨੨***

ਜਦੋਂ ਆਪਣੇ ਪਿਆਰੇ ਦੇ ਦੀਦਾਰ ਹੋ ਜਾਂਦੇ ਨੇ, ਤਨ ਹਰਾ ਹੋ ਜਾਂਦਾ ਹੈ -

***ਜਿਨ੍ਾ ਅੰਦਰਿ ਸਚਾ ਨੇਹੁ***
***ਕਿਉ ਜੀਵਨ੍ਿ ਪਿਰੀ ਵਿਹੂਣਿਆ ॥***
***ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ ॥***
***ਅੰਗ - ੧੪੨੨***

ਕਹਿਣ ਲੱਗੀਆਂ, ਮਹਾਰਾਜ! ਦਰਸ਼ਨ ਤੋਂ ਬਗੈਰ ਅਸੀਂ ਜੀਉਂ ਨਹੀਂ ਸਕਦੀਆਂ।

ਗੁਰੂ ਮਹਾਰਾਜ ਨੇ ਕਿਹਾ ਕਿ ਤੁਸੀਂ ਇਸ ਤਰ੍ਹਾਂ ਕਰੋ, ਦਰਸ਼ਨ ਤੁਹਾਨੂੰ ਹੋ ਜਾਇਆ ਕਰਨਗੇ, ਆਹ ਸਾਡੇ ਸ਼ਸਤਰ ਲੈ ਜਾਓ, ਜਦੋਂ ਤੁਸੀਂ ਅੰਮ੍ਰਿਤ ਵੇਲੇ ਇਨ੍ਹਾਂ ਦੀ ਸਫਾਈ ਕਰੋਂਗੇ, ਨਮਸ਼ਕਾਰ ਕਰੋਂਗੇ ਉਸ ਵੇਲੇ ਮੈਨੂੰ ਉਸ ਥਾਂ ਉਤੇ ਐਸੇ ਹਾਲਤ 'ਚ ਬੈਠਾ ਸੋਚੋਂਗੇ ਤੁਸੀਂ। ਦਿਲਾਸਾ ਦਿਤਾ। ਮਾਤਾ ਸਾਹਿਬ ਕੌਰ ਜੀ ਨੂੰ ਦਿਲਾਸਾ ਦਿਤਾ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਭਾਈ ਰਾਮ ਕੌਰ! ਬਾਬਾ ਗੁਰਬਖਸ਼ ਸਿੰਘਾ ਬੁੱਢੇ ਕੇ ਤੂੰ ਵੀ ਜਾਹ ਹੁਣ, ਤੇਰੀ ਮਾਤਾ ਕਿੰਨੇ ਦਿਨਾਂ ਦੀਆਂ ਬੇਨਤੀਆਂ ਕਰਦੀ ਹੈ। ਕਹਿਣ ਲੱਗੇ, ਪਾਤਸ਼ਾਹ! ਮੈਂ ਤੇਰੇ ਦਰਸ਼ਨ ਬਗੈਰ ਜੀਉਂਦਾ ਕਿਵੇਂ ਰਹਾਂਗਾ। ਮਹਾਰਾਜ ਕਹਿੰਦੇ, ਜਦੋਂ ਤੂੰ ਸ਼ਸਤਰ ਲਾਹ ਕੇ ਜੰਗਲ ਵਿਚ ਜਾਏਂਗਾ, ਸ਼ਿਕਾਰ ਵਾਸਤੇ, ਤੇਰੇ ਸਾਮ੍ਹਣੇ ਅਸੀਂ ਖੜ੍ਹੇ ਹੋਵਾਂਗੇ, ਉਥੇ ਦਰਸ਼ਨ ਦਿਆ ਕਰਾਂਗੇ।

ਏਸ ਤਰ੍ਹਾਂ ਦਿਲਾਸੇ ਦਿੰਦੇ-ਦਿੰਦੇ ਗੁਰੂ ਮਹਾਰਾਜ ਨੇ ਸਿੰਘਾਂ ਨੂੰ ਵਾਪਸ ਕਰਨਾ ਸ਼ੁਰੂ ਕਰ ਦਿਤਾ ਤੇ ਆਪ ਅੱਗੇ ਚਲਦੇ ਨੰਦੇੜ ਦੇ ਮੁਕਾਮ 'ਤੇ ਪਹੁੰਚ ਜਾਂਦੇ ਨੇ, ਉਥੇ ਬਾਦਸ਼ਾਹ ਕਾਫੀ ਦਿਨ ਠਹਿਰਿਆ, ਬੜੇ ਕੌਤਕ ਉਸ ਥਾਂ 'ਤੇ ਹੋਏ। ਇਕ ਦਿਨ ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਇਹ ਦੇਖਾਂ ਕਿ ਗੁਰੂ ਸਾਹਿਬ ਇਸਲਾਮ ਦੇ ਨੇੜੇ ਨੇ ਕਿ ਹਿੰਦੂਆਂ ਦੇ ਨੇੜੇ ਨੇ। ਮੈਂ ਇਹ ਨਿਰਣਾ ਕਰ ਲਵਾਂ। ਜੇ ਮੇਰੇ ਨੇੜੇ ਹੋਏ ਫੇਰ ਮੈਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਹਿੰਦੂਆਂ ਦੇ ਖਿਲਾਫ ਹੋਏ ਤਾਂ ਮੈਂ ਇਨ੍ਹਾਂ ਨੂੰ ਨਾਲ ਲਵਾਂਗਾ ਤੇ ਇਨ੍ਹਾਂ ਦੀ ਮਦਦ ਲੈ ਕੇ ਜਿਹੜੇ ਰਾਜੇ ਅਜੇ ਹਾਰ ਨਹੀਂ ਮੰਨਦੇ, ਇਨ੍ਹਾਂ ਦੇ ਬਰਖਿਲਾਫ ਮੈਂ ਗੁਰੂ ਜੀ ਨੂੰ ਚੜ੍ਹਾਵਾਂਗਾ। ਉਸ ਵੇਲੇ ਆ ਗਿਆ, ਆ ਕੇ ਕਹਿਣ ਲੱਗਿਆ, ਮਹਾਰਾਜ! ਇਹ ਜਿਹੜੇ ਹਿੰਦੂ ਨੇ ਨਾ, ਇਹ ਮੂਰਤੀ ਪੂਜਾ ਕਰਦੇ ਨੇ, ਆਪੇ ਹੀ ਮੂਰਤੀ ਬਣਾ ਲੈਂਦੇ ਨੇ, ਆਪੇ ਹੀ ਉਹਨੂੰ ਮੰਨਣ ਲਗ ਜਾਂਦੇ ਨੇ, ਆਪੇ ਹੀ ਭੋਗ ਚਾੜ੍ਹ ਦਿੰਦੇ ਨੇ, ਆਪੇ ਹੀ ਖਾ ਜਾਂਦੇ ਨੇ। ਕਿਹੋ ਜਿਹਾ ਪਾਖੰਡ ਹੈ ਮਹਾਰਾਜ ਇਨ੍ਹਾਂ ਦਾ। ਉਹ ਹੁਣ ਅੱਗੇ ਹੋਰ ਸੁਣਨਾ ਚਾਹੁੰਦਾ ਸੀ। ਗੁਰੂ ਮਹਾਰਾਜ ਕਹਿੰਦੇ ਹਾਂ, ਏਵੇਂ ਹੀ ਨੇ ਇਹ। ਮਹਾਰਾਜ ਕਹਿੰਦੇ, ਬਹਾਦਰ ਸ਼ਾਹ! ਤਿੰਨ ਮੱਤ ਵੱਡੇ ਨੇ ਇਸ ਵੇਲੇ। ਇਕ ਤਾਂ ਹਿੰਦੂ ਮੱਤ ਹੈ, ਇਕ ਮੁਸਲਮਾਨ ਮੱਤ ਹੈ, ਇਕ ਖਾਲਸਾ ਪੰਥ ਹੈ। ਤਿੰਨਾਂ

ਦਾ ਮੰਤਵ ਹੈ ਵਾਹਿਗੁਰੂ ਦੀ ਪ੍ਰਾਪਤੀ ਕਿ ਜਿਹੜਾ ਤੂੰ ਮੂਰਤੀ ਪੂਜਾ ਕਹਿੰਦਾ ਹੈਂ ਨਾ, ਇਹ ਤੈਨੂੰ ਅਸੀਂ ਗੱਲ ਸਮਝਾਉਂਦੇ ਹਾਂ ਕਿ ਸੇਵਾ ਚਾਹੇ ਖੇਤ ਦੀ ਕਰ ਲੈ, ਕਿਸਾਨ ਖੇਤ ਦੀ ਸੇਵਾ ਕਰ ਲਏ, ਉਹਦੇ ਵਿਚ ਬੀਜ ਪਾ ਦਿੰਦਾ ਹੈ, ਕਿੰਨਾ ਅੰਨ੍ਹ ਦਿੰਦਾ ਹੈ ਉਹਨੂੰ ਖੇਤ। ਗਊ ਦੀ ਸੇਵਾ ਕਰ ਲੈ ਉਸ ਤੋਂ ਦੁੱਧ ਮਿਲ ਜਾਂਦਾ ਹੈ। ਦਰਖਤ ਦੀ ਸੇਵਾ ਕਰ ਲੈ, ਬਾਗ ਦੀ ਸੇਵਾ ਕਰ ਲੈ, ਫਲ ਮਿਲ ਜਾਂਦੇ ਨੇ। ਏਵੇਂ ਜਿਵੇਂ ਮੂਰਤੀ ਨੂੰ ਈਸ਼ਟ ਸਮਝ ਕੇ ਉਹ ਪਿਆਰ ਜਿਤਾਉਂਦੇ ਨੇ, ਭਗਤੀ ਕਰਦੇ ਨੇ ਤੇ ਵੇਦ ਦੇ ਮੁਤਾਬਿਕ ਕਰਮ ਕਰਦੇ ਨੇ ਤੇ ਅਸੀਂ ਉਨ੍ਹਾਂ ਨੂੰ ਮੰਦੇ ਕਿਵੇਂ ਕਹਿ ਦੇਈਏ। ਬਾਕੀ ਜੇ ਕੇਵਲ ਇਹੀ ਗੱਲ ਮੰਨਦਾ ਹੈਂ ਤਾਂ ਮੁਸਲਮਾਨ ਕਬਰਾਂ ਨੂੰ ਪੂਜਦੇ ਨੇ ਭਾਈ! ਕਬਰਾਂ ਨੂੰ ਕਿਉਂ ਪੂਜਦੇ ਨੇ ਕਿਉਂਕਿ ਉਨ੍ਹਾਂ ਦੇ ਅੰਦਰ ਵੀ ਇਹੀ ਹੁੰਦਾ ਹੈ ਕਿ ਮੇਰੀ ਕੁਛ ਭਾਵਨਾ ਪੂਰੀ ਕਰਨਗੇ। ਇਹ ਉਨ੍ਹਾਂ ਦੀ ਆਪਣੀ ਮੌਜ ਹੈ, ਤੁਹਾਡੇ ਮੱਤ ਦੀ। ਆਪੋ ਆਪਣਾ ਨੇਸ਼ਟਾ ਹੈ, ਸਭ ਨੂੰ ਫਲ ਦਿੰਦਾ ਹੈ। ਬਾਕੀ ਜੋ ਖਾਲਸਾ ਪੰਥ ਹੈ ਇਹ ਤਾਂ ਅਸੀਂ ਅਕਾਲ ਪੁਰਖ ਦੇ ਲੜ ਲਾਇਆ ਹੈ ਤੇ ਇਨ੍ਹਾਂ ਨੂੰ ਪੂਜਾ ਅਕਾਲ ਦੀ ਦੱਸੀ ਹੈ, ਉਹ ਅਕਾਲ ਜਿਹੜਾ ਹਰ ਥਾਂ 'ਤੇ ਹਾਜ਼ਰ ਨਾਜ਼ਰ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ***<br>
***ਏਕ ਜੋਤ ਹੈ॥***<br>
***ਨ ਘਾਟ ਹੈ ਨ ਬਾਢ ਹੈ***<br>
***ਨ ਘਾਟਿ ਬਾਢਿ ਹੋਤ ਹੈ॥ (ਅਕਾਲ ਉਸਤਤਿ)***

ਅਸੀਂ ਏਸ ਚੀਜ਼ 'ਚ ਨਹੀਂ ਇਹਨੂੰ ਪਾਇਆ। ਸੋ ਇਹ ਤਾਂ ਭਾਵਨਾ ਹੁੰਦੀ ਹੈ, ਇਹਨੂੰ ਪ੍ਰਤੀਕ ਧਿਆਨ ਕਹਿੰਦੇ ਨੇ। ਪ੍ਰਤੀਕ ਮੰਨਣਾ, ਵਾਹਿਗੁਰੂ ਦਾ ਰੂਪ ਮੰਨ ਕੇ ਉਹਦੀ ਸੇਵਾ ਕਰਨੀ, ਕਿਸੇ ਦੀ ਕਰ ਲਓ, ਸੇਵਾ ਸਫਲ ਹੀ ਹੈ। ਸੋ ਇਸ ਤਰ੍ਹਾਂ ਦਾ ਜਵਾਬ ਲੈ ਕੇ ਮਨ 'ਚ ਸ਼ੱਕ ਪੈ ਗਿਆ ਕਿ ਗੁਰੂ ਮਹਾਰਾਜ ਹਿੰਦੂਆਂ ਦੇ ਤਾਂ ਖਿਲਾਫ ਨਹੀਂ ਹੈਗੇ ਤੇ ਕਿਤੇ ਐਸਾ ਨਾ ਹੋਵੇ ਮੇਰੇ ਖਿਲਾਫ ਹੋ ਜਾਣ। ਗੁਰੂ ਮਹਾਰਾਜ ਕੋਲ ਆਇਆ ਕਹਿਣ ਲੱਗਿਆ, ਮਹਾਰਾਜ! ਹੁਣ ਮੇਰੇ ਨਾਲ ਅੱਗੇ ਚੱਲੋ। ਮਹਾਰਾਜ ਕਹਿੰਦੇ, ਅੱਗੇ ਨਹੀਂ ਜਾਣਾ ਅਸੀਂ ਤਾਂ ਇਥੇ ਹੀ ਰਹਿਣਾ ਹੈ।

ਆਪ ਨਾਂਦੇੜ ਟਿਕ ਗਏ, ਬੰਦੇ ਬਹਾਦਰ ਨੂੰ ਆਪ ਨੇ ਆਪਣਾ ਸੇਵਕ ਬਣਾ ਕੇ ਅੰਮ੍ਰਿਤ ਛਕਾ ਕੇ ਪੰਜਾਬ ਵਿਚ ਮਿਸ਼ਨ ਦੇ ਕੇ ਭੇਜ ਦਿਤਾ ਕਿ ਜਾਹ ਇਹ ਤਾਂ ਨਹੀਂ ਸਜ਼ਾ ਦਿੰਦਾ, ਆਹ ਜਿਹੜੇ ਬੰਦੇ ਨੇ ਇਨ੍ਹਾਂ ਨੇ ਬਹੁਤ ਵਧੀਕੀਆਂ ਕਰੀਆਂ ਨੇ ਤੂੰ ਇਨ੍ਹਾਂ ਨੂੰ ਸਜ਼ਾ ਦੇ ਜਾ ਕੇ। ਹੌਲੀ-ਹੌਲੀ ਜਾਈਂ, ਗੁਰੂ ਮਹਾਰਾਜ ਦੇ ਸਰੀਰ ਛੱਡਣ ਤੋਂ, ਕਾਫੀ ਸਮਾਂ ਬਾਅਦ ਬੰਦਾ ਬਹਾਦਰ ਪਹੁੰਚਿਆ। ਇਤਿਹਾਸਾਂ 'ਚ ਕਈਆਂ 'ਚ ਐਵੇਂ ਲਿਖਿਆ ਹੋਇਆ ਹੈ ਕਿ ਗੁਰੂ ਮਹਾਰਾਜ ਨੇ ਉਹਦੀ ਸ਼ਕਤੀ ਖੋਹ ਲਈ। ਐਹੋ ਜਿਹੀ ਗੱਲ ਨਹੀਂ ਕੋਈ ਵੀ, ਇਹ ਤਾਂ ਲਿਖਾਰੀ ਨੇ ਕਿਤਾਬ ਚੁੱਕੀ ਲਿਖ ਦਿੰਦੇ ਨੇ। ਨਿਰਣੇ ਵਾਲੀ ਗੱਲ ਨਹੀਂ ਬਣਦੀ। ਜਦੋਂ ਉਸ ਵੇਲੇ ਦੀਆਂ ਲਿਖਤਾਂ ਨਾਲ ਮੁਕਾਬਲਾ ਕੀਤਾ ਜਾਂਦਾ ਹੈ ਫੇਰ ਗੱਲ ਗਲਤ ਹੋ ਜਾਂਦੀ ਹੈ। ਬੰਦਾ ਬਹਾਦਰ ਬਹੁਤ ਹੌਲੀ-ਹੌਲੀ ਆਇਆ ਸੀ। ਇਕ ਦਮ ਨਹੀਂ ਸੀ ਆਇਆ।

ਇਧਰ ਗੁਰੂ ਮਹਾਰਾਜ ਦੇ ਕੈਂਪ ਲੱਗੇ ਹੋਏ ਨੇ ਤੇ ਉਥੇ ਨਵਾਬ ਸਰਹੰਦ ਨੇ ਦੋ ਬੰਦੇ ਭੇਜ ਦਿਤੇ, ਇਕ ਦਾ ਨਾਂ ਗੁਲ ਖਾਂ, ਇਕ ਦਾ ਨਾਉਂ ਅੱਤਾਉਲਾ ਖਾਂ ਹੈ। 20 ਤੋਂ 25 ਸਾਲ ਦੀ ਦੋਹਾਂ ਦੀ ਉਮਰ ਹੈ, ਦੋਵੇਂ ਭਰਾ ਨੇ। ਉਨ੍ਹਾਂ ਦੇ ਜ਼ਿੰਮੇ ਡਿਊਟੀ ਇਹ ਲਾਈ ਕਿ ਕੋਈ ਤਰੀਕਾ ਕਰੋ, ਗੁਰੂ ਗੋਬਿੰਦ ਸਿੰਘ ਨੂੰ ਵਿਸਾਹਘਾਤ ਕਰਕੇ, ਉਨ੍ਹਾਂ ਉਤੇ ਹੱਲਾ ਕਰਕੇ, ਉਨ੍ਹਾਂ ਨੂੰ ਖਤਮ ਕਰ ਦਿਓ। ਕਿਉਂਕਿ ਬਹਾਦਰ ਸ਼ਾਹ ਦਾ ਕੈਂਪ ਜਿਹੜਾ ਸੀ ਨਾਲ ਹੀ ਹੁੰਦਾ ਸੀ ਗੁਰੂ ਸਾਹਿਬ ਦੇ। ਉਹਦੇ 'ਚ ਆ ਕੇ ਨੌਕਰੀ ਕਰ ਲਈ, ਝਾੜੂ ਦੇਣ ਦੀ, ਪਾਣੀ ਭਰਨ ਦੀ ਤੇ ਇਸ ਤਰ੍ਹਾਂ ਹੋਰ ਲੱਕੜਾਂ ਚੀਰਨ ਦੀ। ਐਹੋ ਜਿਹੀਆਂ ਡਿਊਟੀਆਂ ਦਿੰਦੇ ਤੇ ਸ਼ਾਮ ਨੂੰ ਉਹ ਗੁਰੂ ਮਹਾਰਾਜ ਕੋਲ ਆ ਜਾਇਆ ਕਰਦੇ ਸੀ। ਉਨ੍ਹਾਂ ਨੇ ਆ ਕੇ ਬੈਠੇ ਰਹਿਣਾ। ਹੌਲੀ-ਹੌਲੀ ਵਾਕਫ਼ੀ ਵਧ ਗਈ ਤੇ ਮਹਾਰਾਜ ਨੇ ਉਨ੍ਹਾਂ ਦੀ ਹਾਲਤ ਦੇਖ ਕੇ ਉਨ੍ਹਾਂ ਨੂੰ ਇਨਾਮ ਦੇ ਦਿਤਾ। ਗੁਰਸਿੱਖਾਂ ਨੂੰ ਵੀ ਭਰੋਸਾ ਹੋ ਗਿਆ ਕਿ ਇਹ ਤਾਂ ਚੰਗੇ ਬੰਦੇ ਨੇ।

ਇਸੇ ਸਮੇਂ ਦੇ ਅੰਦਰ ਅੱਜ ਗੁਰੂ ਮਹਾਰਾਜ ਦੁਪਹਿਰ ਵੇਲੇ ਬਿਰਾਜੇ ਹੋਏ ਨੇ, ਅਚਾਨਕ ਉਨ੍ਹਾਂ ਨੂੰ ਇਕ ਆਵਾਜ਼ ਸੁਣੀ ਜੋ ਇਸ ਤਰ੍ਹਾਂ ਦੀ ਆ ਰਹੀ ਸੀ।

***ਧਾਰਨਾ - ਜਿਹਦੇ ਦਰ 'ਤੇ ਝੂਲਦੇ ਹਾਥੀ,***<br>
***ਲਦ ਗਏ ਨੇ ਰੈਣ ਵਰਗੇ ਪਿਆਰਿਓ!***<br>
***ਸਰਬ ਸੋਇਨ ਕੀ ਲੰਕਾ ਹੋਤੀ***<br>
***ਰਾਵਨ ਸੇ ਅਧਿਕਾਈ॥***<br>
***ਕਹਾ ਭਇਓ ਦਰਿ ਬਾਂਧੇ ਹਾਥੀ***<br>
***ਖਿਨ ਮਹਿ ਭਈ ਪਰਾਈ ॥ ਅੰਗ - ੬੯੩***

ਮਹਾਰਾਜ ਕਹਿਣ ਲੱਗੇ, ਸਿੰਘਾ! ਆਹ ਆਵਾਜ਼ ਕਿੱਥੋਂ ਆ ਰਹੀ ਹੈ। ਆਵਾਜ਼ ਆ ਰਹੀ ਹੈ ਕੰਨ ਦੇ ਅੰਦਰ -

***ਮਾਨ ਮੋਹ ਅਰੁ ਲੋਭ ਵਿਕਾਰਾ***<br>
***ਬੀਓ ਚੀਤਿ ਨ ਘਾਲਿਓ ॥***<br>
***ਨਾਮ ਰਤਨੁ ਗੁਣਾ ਹਰਿ ਬਣਜੇ***<br>
***ਲਾਦਿ ਵਖਰੁ ਲੈ ਚਾਲਿਓ ॥ ੧ ॥***<br>
***ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥***<br>
***ਜੀਵਤ ਸਾਹਿਬੁ ਸੇਵਿਓ ਅਪਨਾ***<br>
***ਚਲਤੇ ਰਾਖਿਓ ਚੀਤਿ ॥ ਅੰਗ - ੧੦੦੦***

ਕਹਿੰਦੇ, ਭਾਈ! ਇਹੋ ਜਿਹੇ ਸਬਦਿ ਕਿਉਂ ਪੜ੍ਹ ਰਹੇ ਨੇ। ਖਬਰ ਕੀਤੀ, ਕਹਿੰਦੇ, ਪਾਤਸ਼ਾਹ! ਭਾਈ ਦਇਆ ਸਿੰਘ ਪਿਆਨੇ ਕਰ ਗਏ, (ਚੜ੍ਹਾਈ ਕਰ ਗਏ)। ਕਹਿੰਦੇ, ਹੈਂ, ਬਿਨਾਂ ਮਿਲੇ ਹੀ ਚਲੇ ਗਏ, ਜਾਓ ਜਾ ਕੇ ਉਨ੍ਹਾਂ ਨੂੰ ਕਹੋ ਕਿ ਸਾਨੂੰ ਮਿਲ ਕੇ ਜਾਣ। ਆਗਿਆ ਲੈ ਕੇ ਜਾਣ। ਉਸ ਵੇਲੇ ਗੁਰਸਿੱਖ ਗਿਆ, ਜਿਸ ਥਾਂ ਦੇ ਉਤੇ ਭਾਈ ਦਇਆ ਸਿੰਘ ਜੀ ਨੇ ਸਰੀਰ ਛੱਡਿਆ ਸੀ ਚਰਨਾਂ ਵਲ ਖੜ੍ਹੇ ਹੋ ਕੇ ਆਵਾਜ਼ ਮਾਰੀ, ਭਾਈ ਦਇਆ ਸਿੰਘ ਜੀ! ਮਹਾਰਾਜ, ਆਪ ਨੂੰ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਬੁਲਾਇਆ ਹੈ ਕਿ ਮਿਲ

ਕੇ ਜਾਓ ਸਾਨੂੰ। ਸਾਡਾ ਸੁਨੇਹਾ ਲੈ ਕੇ ਜਾਇਓ। ਉਸ ਵੇਲੇ ਵਾਹਿਗੁਰੂ-ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ ਕਰਕੇ ਆਪ ਉਠ ਕੇ ਬੈਠ ਜਾਂਦੇ ਨੇ। ਸਰੀਰ ਛੱਡ ਦੇਣਾ, ਮਰਜ਼ੀ ਨਾਲ ਨਾ ਛੱਡਣਾ ਕੋਈ ਵੱਡੀ ਗੱਲ ਨਹੀਂ ਸਾਧਸੰਗਤ ਜੀ, ਗੁਰੂ ਘਰ 'ਚ ਆਮ ਗੁਰਸਿੱਖਾਂ 'ਚ ਇਹ ਘਟਨਾਵਾਂ ਵਰਤਦੀਆਂ ਰਹੀਆਂ।

ਗੁਰੂ ਘਰ 'ਚ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ, ਆਪ ਕੀਰਤਪੁਰ ਸਾਹਿਬ ਨੇ ਤੇ ਉਸ ਵੇਲੇ ਧੀਰ ਮੱਲ ਨੇ ਗੁਰੂ ਮਹਾਰਾਜ ਦੇ ਕੋਲ, ਇਕ ਬ੍ਰਾਹਮਣ ਜਿਸਦਾ ਲੜਕਾ ਮਰ ਗਿਆ ਸੀ, ਉਹਨੂੰ ਸਿਖਾਇਆ ਕਿ ਤੂੰ ਗੁਰੂ ਮਹਾਰਾਜ ਦੇ ਦਰਬਾਰ ਦੇ ਸਾਮ੍ਹਣੇ ਰੱਖ ਕੇ ਉਨ੍ਹਾਂ ਨੂੰ ਕਹਿ ਕਿ ਜੀਉਂਦਾ ਕਰਨ, ਨਹੀਂ ਤਾਂ ਮੈਂ ਮਰ ਜਾਵਾਂਗਾ ਇਥੇ ਹੀ ਜੀਉਂਦਾ ਜਲ ਕੇ। ਅੰਦਰੋਂ ਇਹ ਸੀ ਕਿ ਉਨ੍ਹਾਂ ਨੇ ਜੀਉਂਦਾ ਨਹੀਂ ਕਰਨਾ, ਕਿਉਂਕਿ ਗੁਰੂ ਛੇਵੇਂ ਪਾਤਸ਼ਾਹ ਨੇ ਜਿਸ ਵਕਤ ਬਾਬਾ ਅਟੱਲ ਨੇ ਜਿਸ ਵਕਤ ਜੀਉਂਦਾ ਕਰ ਦਿਤਾ ਮੋਹਨ, ਨਰਾਜ਼ਗੀ ਦਿਖਾਈ ਤੇ ਬਾਬੇ ਅਟੱਲ ਨੂੰ ਸਰੀਰ ਛੱਡਣਾ ਪਿਆ ਮਰਜ਼ੀ ਦੇ ਨਾਲ।

ਬਾਬਾ ਗੁਰਦਿੱਤਾ ਜੀ ਨੇ ਜਦੋਂ ਗਊ ਜੀਉਂਦੀ ਕਰ ਦਿਤੀ, ਕੀਰਤਪੁਰ ਸਾਹਿਬ, ਗੁਰੂ ਛੇਵੇਂ ਪਾਤਸ਼ਾਹ ਜੀ ਦੇ ਕਹਿਣ 'ਤੇ ਕਿ ਭਾਈ, ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ ਹੁੰਦੀਆਂ, ਅਸੀਂ ਸਰੀਰ ਛੱਡਦੇ ਹਾਂ, ਬਾਬਾ ਗੁਰਦਿੱਤਾ ਜੀ ਨੇ ਬਾਹਰ ਜਾ ਕੇ ਸਰੀਰ ਛੱਡ ਦਿਤਾ।

ਸੋ ਇਹ ਜੇ ਜੀਉਂਦਾ ਕਰਨਗੇ ਤਾਂ ਉਲੰਘਣਾ ਹੋਏਗੀ। ਨਹੀਂ ਕਰਨਗੇ ਤਾਂ ਆਪੇ ਸ਼ਰਧਾ ਘਟ ਜਾਏਗੀ ਜਗਿਆਸੂਆਂ ਦੀ, ਕਿ ਸ਼ਕਤੀ ਪਹਿਲਾਂ-ਪਹਿਲਾਂ ਸੀ ਹੁਣ ਇਨ੍ਹਾਂ 'ਚ ਨਹੀਂ ਹੈਗੀ। ਪੂਰੀ ਚਾਲ ਸੀ ਉਹਦੀ। ਜਿਸ ਵਕਤ ਲਿਆ ਕੇ ਰੱਖਿਆ। ਉਸ ਵੇਲੇ ਮਸੰਦਾਂ ਨੇ ਕਿਹਾ ਕਿ ਮਹਾਰਾਜ! ਐਸ ਤਰ੍ਹਾਂ ਦੇ ਨਾਲ ਬ੍ਰਾਹਮਣ ਲਿਆਇਆ ਹੈ, ਹੱਠ ਧਾਰਿਆ ਹੋਇਆ ਹੈ ਤੇ ਚਿਖਾ ਤੇ ਜੀਉਂਦਾ ਜਲ ਜਾਏਗਾ ਜੇ ਨਾ ਜੀਉਂਦਾ ਕਰਿਆ। ਬਾਰ-ਬਾਰ ਕਹਿਣ ਲੱਗੇ। ਮਹਾਰਾਜ ਕਹਿੰਦੇ, ਭਾਈ! ਜੇ ਆਪਾਂ ਐਉਂ ਜੀਉਂਦੇ ਕਰੇ, ਕੱਲ੍ਹ ਨੂੰ ਮੁਗਲਾਂ ਦੇ ਸਹਿਜ਼ਾਦੇ ਮਰਨੇ ਨੇ, ਮੁਗਲਾਂ ਨੇ ਮਰਨਾ ਹੈ, ਇਥੇ ਤਾਂ ਢੇਰ ਲਗ ਜਾਣਗੇ ਉਨ੍ਹਾਂ ਦੇ ਮੁਰਦਿਆਂ ਦੇ ਰੋਜ਼। ਵਾਹਿਗੁਰੂ ਦੇ ਸਰੀਕ ਬਣਨਾ ਹੈ? ਇਹ ਨਹੀਂ ਗੱਲ ਹੋਣੀ।

ਅਖੀਰ ਜਦੋਂ ਬਾਰ-ਬਾਰ ਕਹਿੰਦੇ ਨੇ ਸਾਰੇ, ਉਸ ਵੇਲੇ ਮਹਾਰਾਜ ਜੀ ਜਲਾਲ 'ਚ ਆ ਕੇ ਕਹਿਣ ਲੱਗੇ, ਚੰਗਾ ਜੇ ਤੁਹਾਨੂੰ ਐਨਾ ਹੀ ਖਿਆਲ ਹੈ ਇਹਦਾ ਤਾਂ ਤੁਸੀਂ ਕੋਈ ਜਣਾ ਆਪਣਾ ਸਰੀਰ ਛੱਡ ਦਿਓ, ਇਹ ਜੀਉਂਦਾ ਹੋ ਜਾਏਗਾ। ਨੀਵੀਆਂ ਪਾ ਲਈਆਂ ਸਾਰਿਆਂ ਨੇ, ਮੁੜ ਕੇ ਨਹੀਂ ਕਿਹਾ। ਉਹਦੇ ਵਿਚ ਭਾਈ ਜੀਵਨ ਜੀ ਬੈਠੇ ਸੀ। ਭਾਈ ਭਗਤੂ ਜੀ ਦਾ ਛੋਟਾ ਲੜਕਾ। ਭਾਈ ਗੌਰੇ ਦਾ ਭਰਾ। ਉਹ ਚੁੱਪ ਕਰਕੇ ਉਠ ਕੇ ਚਲੇ ਗਏ, ਜਾ ਕੇ ਬੇਰੀ ਦੇ ਥੱਲੇ ਕੁਸ਼ਾ ਦਾ ਆਸਣ ਲਾਇਆ ਤੇ ਚਾਦਰ ਲੈ ਕੇ ਪੈ ਗਏ ਤੇ ਸਰੀਰ ਛੱਡ ਦਿਤਾ। ਉਸ ਤੋਂ ਬਾਅਦ ਏਧਰ ਬ੍ਰਾਹਮਣ ਦਾ ਲੜਕਾ ਜੀਉਂਦਾ ਹੋ ਗਿਆ। ਮਹਾਰਾਜ ਕਹਿਣ ਲੱਗੇ, ਪਿਆਰਿਓ! ਕਿਹੜਾ ਮੇਰਾ ਪਿਆਰਾ ਪੁੱਤਰ ਹੈ ਜਿਹਨੇ ਆਪਣਾ ਸਰੀਰ ਦੇ ਕੇ ਬ੍ਰਾਹਮਣ ਦਾ ਲੜਕਾ ਜੀਉਂਦਾ ਕਰ ਦਿਤਾ। ਕਹਿੰਦੇ, ਤੁਸੀਂ ਮੇਰਾ ਪੁੱਤਰ ਮਾਰ ਕੇ ਹਟੇ। ਪਤਾ ਕਰਿਆ, ਤਾਂ ਕਹਿਣ ਲੱਗੇ, ਮਹਾਰਾਜ! ਭਾਈ ਜੀਵਨ ਜੀ ਨੇ ਸਰੀਰ ਛੱਡ ਦਿਤਾ।

ਏਸੇ ਤਰ੍ਹਾਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਨੇ ਸੰਗਤਾਂ ਨੂੰ ਚਿੱਠੀਆਂ ਲਿਖ ਦਿਤੀਆਂ। ਦੂਰ-ਦਰਾਜ਼ ਤੱਕ ਆਪ ਦੀ ਸੰਗਤ ਸੀ, ਆਪ ਦੇ ਬਚਨ ਮੰਨਣ ਵਾਲੇ, ਗੁਰੂ ਘਰ ਨਾਲ ਜੁੜਨ ਵਾਲੇ, ਬੇਅੰਤ ਸੰਗਤਾਂ ਸੀ। ਮਨ ਵਿਚ ਖਿਆਲ ਆ ਗਿਆ ਕਿ ਪਿਛੋਂ ਕੋਈ ਕੁਛ ਕਹੇਗਾ, ਕੋਈ ਕੁਛ ਕਹੇਗਾ, ਚਿੱਠੀਆਂ ਲਿਖਾ ਦਿਤੀਆਂ ਕਿ ਭਾਈ, ਫਲਾਨੀ ਤਰੀਕ ਨੂੰ ਅਸੀਂ ਸਰੀਰ ਛੱਡ ਦੇਣਾ ਹੈ, ਜਿਹਨੂੰ ਕੋਈ ਵਾਸ਼ਨਾ ਹੈ, ਵਾਸ਼ਨਾ ਪੂਰੀ ਕਰ ਲਓ, ਜਿਹਨੇ ਪੁੱਛਣਾ ਹੈ ਪੁੱਛ ਲਓ, ਪਿੱਛੋਂ ਨਾ ਕਹਿਓ ਕਿ ਦੱਸਿਆ ਨਹੀਂ। ਬੇਅੰਤ ਸੰਗਤਾਂ ਆ ਗਈਆਂ, ਹਜ਼ਾਰਾਂ ਦੀ ਤਾਦਾਦ 'ਚ। ਦੀਵਾਨ ਲੱਗੇ ਹੋਏ ਨੇ, ਕੀਰਤਨ ਹੋ ਰਹੇ ਨੇ। ਸੰਗਤਾਂ ਬਾਬਾ ਜੀ ਨੂੰ ਮਿਲ ਰਹੀਆਂ ਨੇ ਤਾਂ ਕਹਿ ਰਹੀਆਂ ਨੇ ਕਿ ਬਾਬਾ ਜੀ! ਨਾ ਜਾਓ, ਨਾ ਜਾਓ। ਉਹ ਕਹਿੰਦੇ, ਭਾਈ ਹੁਕਮ ਹੀ ਐਸਾ ਆ ਗਿਆ, ਦਰਗਾਹ 'ਚੋਂ। ਉਹ ਤਾਂ ਮੰਨਣਾ ਹੀ ਪੈਣਾ ਹੈ ਸਾਨੂੰ। ਉਸ ਵੇਲੇ ਆਖਰੀ ਦਿਨ ਆ ਗਿਆ, ਬਕਸਾ ਤਿਆਰ ਕਰ ਲਿਆ। ਸ਼ਾਮ ਦੇ ਸਾਢੇ ਚਾਰ ਵਜੇ ਤਿਆਰੀ ਸੀ ਆਪ ਦੀ ਜਾਣ ਦੀ। ਉਸ ਵੇਲੇ ਆਪ ਦੀਵਾਨ ਵਿਚ ਬੈਠੇ ਨੇ, ਅੰਮ੍ਰਿਤ ਵੇਲੇ ਤੋਂ ਦੀਵਾਨ ਲੱਗਿਆ ਹੋਇਆ ਹੈ। ਬਾਬਾ ਲਾਲ ਸਿੰਘ ਜੀ ਨੂੰ ਸੰਗਤ ਲੈ ਆਈ ਸੀ, ਉਹ ਸ੍ਰੀ ਮਾਨ ਸੀ ਲੰਗਰ ਦੇ। ਆ ਕੇ ਬੇਨਤੀ ਕਰੀ ਕਿ ਮਹਾਰਾਜ! ਸੰਗਤਾਂ ਦਾ ਵੈਰਾਗ ਦੇਖਿਆ ਨਹੀਂ ਜਾਂਦਾ, ਕ੍ਰਿਪਾ ਕਰੋ। ਜਿਸ ਵਕਤ ਬਾਬਾ ਲਾਲ ਸਿੰਘ ਜੀ ਦਰਬਾਰ 'ਚ ਪਹੁਚੰਦੇ ਨੇ, ਉਸ ਵੇਲੇ ਬਾਬਾ ਜੀ ਦੇ ਹੁਕਮ ਨਾਲ ਸ਼ਬਦ ਪੜ੍ਹਾਇਆ ਜਾ ਰਿਹਾ ਸੀ।

***ਧਾਰਨਾ - ਦਿਨ ਥੋੜ੍ਹੇ ਰਹਿ ਗਏ***
***ਭਇਆ ਪੁਰਾਣਾ ਚੌਲਾ।***
***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥***
***ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥***
***ਅੰਗ - ੨੩***

ਸ਼ਬਦ ਦੀ ਸਮਾਪਤੀ ਹੋਈ, ਬਾਬਾ ਲਾਲ ਸਿੰਘ ਜੀ, ਨੇਤਰਾਂ 'ਚੋਂ ਜਲ ਜਾ ਰਿਹਾ ਹੈ ਕਿਉਂਕਿ ਆਪਣੇ ਪਿਆਰੇ ਵਿਛੋੜਾ ਝੱਲਣਾ ਹੱਦ ਤੋਂ ਜ਼ਿਆਦਾ ਔਖਾ ਹੁੰਦਾ ਹੈ।

***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ ਮਰਿ ਚਲੀਐ ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥***
***ਅੰਗ - ੮੩***

ਸਾਰੀ ਸੰਗਤ ਬਾਬਾ ਲਾਲ ਸਿੰਘ ਜੀ ਦੇ ਪਿੱਛੇ ਹੈ, ਬਾਬਾ ਜੀ ਸ਼ਬਦ ਦੀ ਸਮਾਪਤੀ ਬਾਅਦ ਕਹਿਣ ਲੱਗੇ, ਲਾਲ ਸਿੰਘ ਜੀ! ਕੀ ਗੱਲ ਹੈ? ਕਹਿਣ ਲੱਗੇ, ਪਾਤਸ਼ਾਹ! ਤੁਸੀਂ ਜਾਓ ਨਾ। ਕਹਿੰਦੇ, ਓਧਰੋਂ ਹੁਕਮ ਆ ਗਿਆ ਦਰਗਾਹ ਦਾ, ਉਹਨੂੰ ਕਿਵੇਂ ਟਾਲੀਏ? ਮਹਾਰਾਜ ਤੁਸੀਂ ਸਮਰੱਥ ਪੁਰਸ਼ ਓਂ, ਕ੍ਰਿਪਾ ਕਰੋ? ਕਹਿੰਦੇ, ਐਉਂ ਕਰਦੇ ਹਾਂ, ਦੋ ਸਾਲ, ਦੋ

ਮਹੀਨੇ, ਦੋ ਦਿਨ ਨੂੰ ਤੂੰ ਜਾਣਾ ਹੈ ਇਥੋਂ, ਤੂੰ ਸਾਡੀ ਥਾਂ ਚਲਿਆ ਜਾਹ, ਅਸੀਂ ਤੇਰੇ ਵਾਲੇ ਥਾਂ ਆ ਜਾਂਦੇ ਹਾਂ। ਐਉਂ ਤਾਂ ਆਪਾਂ ਕਰ ਲੈਂਦੇ ਹਾਂ ਪਰ ਇਹ ਨਹੀਂ ਅਸੀਂ ਕਾਲ ਨੂੰ ਮੋੜ ਦੇਈਏ। ਭਾਵੇਂ ਸਤਿਪੁਰਸ਼ਾਂ 'ਚ ਸ਼ਕਤੀ ਹੁੰਦੀ ਹੈ -

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥***

***ਅੰਗ - ੨੬੨***

ਕਾਲ ਨੂੰ ਰੋਕ ਦੇਣਾ ਕਿ ਠਹਿਰ ਜਾ ਅਜੇ ਮੈਨੂੰ ਵਿਹਲ ਨਹੀਂ, ਥੋੜ੍ਹੀ ਦੇਰ ਨੂੰ ਚੱਲਾਂਗੇ ਆਪਾਂ। ਉਸ ਵੇਲੇ ਬਾਬਾ ਜੀ ਕਹਿਣ ਲੱਗੇ, ਠੀਕ ਹੈ, ਮੈਂ ਜਾਂਦਾ ਹਾਂ, ਤੁਸੀਂ ਸੰਗਤਾਂ ਸੰਭਾਲੋ। ਉਸ ਵੇਲੇ ਆਪ ਨੇ ਆਪ ਆ ਕੇ ਇਸ਼ਨਾਨ ਕਰਿਆ, ਸੇਵਾ ਕਰਦੇ ਸੀ ਲੰਗਰ ਦੀ। ਬਹੁਤ ਵੈਰਾਗ ਦੇ ਸ਼ਬਦ ਪੜ੍ਹ-ਪੜ੍ਹ ਕੇ ਲੰਗਰ ਵਰਤਾਉਂਦੇ ਨੇ, ਜਿਹੜਾ ਵੀ ਸੁਣੇ, ਨੇਤਰਾਂ ਦਾ ਜਲ ਨਾ ਠਹਿਰੇ ਕਿ ਬਾਬਾ ਜੀ ਨੇ ਚਲੇ ਜਾਣਾ ਹੈ ਸਾਢੇ ਚਾਰ ਵਜੇ। ਦੋ ਵਜੇ ਸੁਨੇਹਾ ਆਇਆ ਕਿ ਲਾਲ ਸਿੰਘ ਨੂੰ ਕਹੋ ਕਿ ਤਿਆਰ ਹੋ ਜਾਵੇ, ਸਮਾਂ ਆ ਗਿਆ ਸਾਢੇ ਚਾਰ ਵਜੇ ਦਾ, ਜਦੋ ਅਸੀਂ ਜਾਣਾ ਸੀ। ਉਸ ਵੇਲੇ ਬਹੁਤ ਸਾਰੇ ਅੰਗਰੇਜ਼ ਵੀ ਆ ਕੇ ਬੈਠ ਗਏ ਤੇ ਸੰਗਤਾਂ ਵੀ ਬੈਠੀਆਂ ਨੇ। ਬਰਛਾ ਬਣਾ ਕੇ ਉਚੇ ਥਾਂ ਰੱਖਿਆ ਹੋਇਆ ਹੈ। ਬਾਬਾ ਜੀ ਨੂੰ ਸੁਨੇਹਾ ਆਇਆ ਤਾਂ, ਆਪ ਸੇਵਾ 'ਚੋਂ ਹਟੇ, ਇਸ਼ਨਾਨ ਕਰਿਆ ਸਨਕੇਸੀ, ਚਿੱਟੇ ਵਸਤਰ ਪਹਿਨੇ। ਉਸ ਤੋਂ ਬਾਅਦ ਆਪ ਬਾਬਾ ਜੀ ਦੇ ਚਰਨਾਂ 'ਚ ਜਾ ਕੇ ਨਮਸ਼ਕਾਰ ਕਰਦੇ ਨੇ ਤੇ ਬੈਠ ਗਏ। ਕਹਿੰਦੇ, ਭਾਈ ਲਾਲ ਸਿੰਘਾ! ਤਿਆਰੀ ਕਰੋ ਤੁਸੀਂ ਜਾਣ ਦੀ। ਕਹਿੰਦੇ, ਮਹਾਰਾਜ ਮੈਂ ਜਪੁਜੀ ਸਾਹਿਬ ਦਾ ਪਾਠ ਕਰਨਾ ਹੈ। ਕ੍ਰਿਪਾ ਕਰੋ ਮੇਰੇ ਤੋਂ ਇਕ ਚਿੱਤ ਪਾਠ ਹੋਵੇ। ਉਸ ਵੇਲੇ ਚਾਰ ਵਜ ਕੇ 25 ਮਿੰਟ ਤੱਕ ਉਨ੍ਹਾਂ ਨੇ ਜਪੁਜੀ ਸਾਹਿਬ ਦਾ ਪਾਠ ਕਰਿਆ। ਉਠੇ ਉਠ ਕੇ ਫਤਹਿ ਬੁਲਾਈ, ਬੇਨਤੀਆਂ ਕਰੀਆਂ। ਸਾਧਸੰਗਤ ਨੂੰ ਕਿਹਾ ਕਿ ਸਾਧਸੰਗਤ ਜੀ! ਜੀਵਨ ਦੇ ਸਫਰ ਵਿਚ ਕੌੜੇ ਬਚਨ ਵੀ ਨਿਕਲੇ ਨੇ, ਕਸੈਲੇ ਵੀ ਨਿਕਲੇ, ਗੁੱਸੇ ਵਾਲੇ ਵੀ ਨਿਕਲੇ ਹੋਣੇ ਨੇ, ਮੈਨੂੰ ਖਿਮਾ ਕਰ ਦਿਓ, ਕਿਸੇ ਦਾ ਦਿਲ ਦੁਖਿਆ ਹੋਵੇ। ਬਾਬਾ ਜੀ ਨੂੰ ਕਿਹਾ ਬਾਬਾ ਜੀ! ਮੈਂ ਸੇਵਾਦਾਰ ਨਹੀਂ ਹਾਂ, ਤੁਸੀਂ ਆਪ ਹੀ ਮੇਰੇ ਤੋਂ ਸੇਵਾ ਲਈ ਹੈ। ਉਸ ਵੇਲੇ ਬਿਰਹੁੰ ਦਾ ਵਾਤਾਵਰਣ ਛਾਇਆ ਹੋਇਆ ਹੈ। ਬਾਬਾ ਜੀ ਨੇ ਫਤਹਿ ਬੁਲਾਈ ਤੇ ਬੁਲਾ ਕੇ ਬਕਸੇ ਵਿਚ ਪੈ ਗਏ, ਪੰਜ ਮਿੰਟ ਲੰਘ ਗਏ, ਬਾਬਾ ਜੀ ਕਹਿਣ ਲੱਗੇ, ਭਾਈ! ਸਮਾਂ ਤਾਂ ਹੋ ਗਿਆ, ਦੇਖੋ ਲਾਲ ਸਿੰਘ ਓਨੀਂ, ਡਾਕਟਰ ਨੇ ਦੇਖਿਆ ਕਿ ਤਾਂ ਉਸ ਨੇ ਕਿਹਾ ਕਿ ਮਹਾਰਾਜ! ਇਹ ਤਾਂ ਚੜ੍ਹਾਈ ਕਰ ਗਏ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਦਇਆ ਸਿੰਘ ਜੀ, ਆਪ ਨੂੰ ਆਵਾਜ਼ ਦੇ ਦਿਤੀ। ਮਹਾਰਾਜ ਜੀ ਦੇ ਚਰਨਾਂ 'ਚ ਹਾਜ਼ਰ ਹੋ ਗਏ, ਮਹਾਰਾਜ ਕਹਿਣ ਲੱਗੇ, ਭਾਈ ਦਇਆ ਸਿੰਘਾ! ਇਕੋ ਜਿਹੀ ਆਪਣੀ ਉਮਰ ਤੇ ਜਦ ਮੈਨੂੰ ਲੋੜ ਪਈ ਹੈ ਤੇ ਤੂੰ ਸਭ ਤੋਂ ਪਹਿਲਾਂ ਆਇਆ ਹੈਂ। ਜੇ ਮੈਨੂੰ ਸੀਸ ਦੀ ਲੋੜ ਪਈ ਤਾਂ ਪਿਆਰਿਆ! ਤੂੰ ਮੇਰੀ ਇਕ ਆਵਾਜ਼ ਸੁਣੀ ਪੂਰੀ ਤੇ ਉਸੇ ਵੇਲੇ ਤੂੰ ਉਠ ਕੇ ਆ ਗਿਆ। ਜਿਥੇ ਵੀ ਮੈਨੂੰ ਲੋੜ ਪੈਂਦੀ ਸੀ, ਮੈਂ ਤੈਨੂੰ ਭੇਜਦਾ ਸੀ, ਐਨਾ ਪਿਆਰ ਆਪਾਂ ਦਾ ਤੇ ਜਾਣ ਵੇਲੇ ਐਨੀ ਛੇਤੀ ਤੋੜ ਲਿਆ?

ਕਹਿਣ ਲੱਗੇ, ਪਾਤਸ਼ਾਹ! ਆਪ ਦਾ ਹੁਕਮ ਐਸਾ ਆ ਗਿਆ ਸੀ।

ਕਿੱਥੋਂ ਮੁੜਿਆ ਹੈਂ?

ਕਹਿਣ ਲੱਗੇ, ਪਾਤਸ਼ਾਹ! ਮੈਂ ਧਰਮਖੰਡ ਲੰਘ ਗਿਆ ਸੀ, ਗਿਆਨ ਖੰਡ ਵੀ ਲੰਘ ਗਿਆ ਸੀ, ਸਰਮਖੰਡ ਵੀ ਲੰਘ ਗਿਆ ਸੀ ਤੇ ਕਰਮ ਖੰਡ ਲੰਘ ਕੇ ਜਦੋਂ ਮੈਂ ਸਚਖੰਡ ਦੀ ਡਿਊਡੀ 'ਚ ਪਹੁੰਚਿਆ ਉਥੇ ਆਪ ਦਾ ਹੁਕਮ ਪਹੁੰਚਿਆ ਹੈ। ਕਰਮਖੰਡ ਦੇ ਵਿਚ ਭਗਤਾਂ ਦਾ ਵਾਸਾ ਹੋਇਆ ਕਰਦਾ ਹੈ, ਧਰੂੰ, ਪ੍ਰਹਿਲਾਦ ਵਗੈਰਾ ਸਭ ਕਰਮ ਖੰਡ 'ਚ ਗਏ ਨੇ, ਜਿਹੜੇ ਬ੍ਰਹਮਗਿਆਨੀ ਮਹਾਂਪੁਰਸ਼ ਹੁੰਦੇ ਨੇ ਸਚਖੰਡ 'ਚ ਉਨ੍ਹਾਂ ਦਾ ਵਾਸਾ ਹੁੰਦਾ ਹੈ, ਪ੍ਰਮੇਸ਼ਰ ਦਾ ਰੂਪ ਬਣ ਜਾਂਦੇ ਨੇ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਚੰਗਾ! ਸਾਨੂੰ ਵੀ ਬੜੀ ਦੇਰ ਹੋ ਗਈ ਨਾਟਕ ਕਰਦਿਆਂ ਨੂੰ ਤੇ ਮਾਛੀਵਾੜੇ ਆ ਕੇ ਇਕ ਅਕਾਲਪੁਰਖ ਨੂੰ ਸੁਨੇਹਾ ਦਿਤਾ ਸੀ ਤੇ ਹੁਣ ਤੂੰ ਜਾਹ ਸਾਡਾ ਸੁਨੇਹਾ ਲੈ ਜਾ ਉਨ੍ਹਾਂ ਦੇ ਕੋਲ -

***ਧਾਰਨਾ - ਹਾਲੁ ਮੁਰੀਦਾਂ ਦਾ ਕਹਿਣਾ,***
***ਮਿਤ੍ਰ ਪਿਆਰੇ ਨੂੰ ਕਹਿਣਾ।***

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***
***ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ ਖੰਜਰ ਪਿਆਲਾ***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ***
***ਭਠ ਖੇੜਿਆਂ ਦਾ ਰਹਣਾ॥***

ਅੱਛਾ ਭਾਈ ਦਇਆ ਸਿੰਘਾ! ਸਾਡੀਆਂ ਖੁਸ਼ੀਆਂ, ਹੁਣ ਤੁਸੀਂ ਜਾ ਸਕਦੇ ਓਂ, ਆਹ ਸੰਦੇਸ਼ਾ ਸਾਡਾ ਅਕਾਲ ਪੁਰਖ ਨੂੰ ਦੇ ਦਿਓ। ਭਾਈ ਦਇਆ ਸਿੰਘ ਜੀ ਓਨੀਂ ਜਾਂਦੇ ਨੇ, ਆਸਣ ਵਿਛਾਇਆ, ਸਾਰੀ ਸੰਗਤ, ਸਾਰੇ ਸਿੰਘ ਆਲੇ ਦੁਆਲੇ ਖੜ੍ਹੇ ਨੇ, ਚਾਦਰ ਲੈ ਲਈ, ਲੈਣ ਤੋਂ ਬਾਅਦ ਚੇਤਨ ਕਲਾ ਜਿਹੜੀ ਹੈ ਉਹ ਨਿਕਲ ਗਈ ਤੇ ਆਹ ਸਰੀਰ ਇਥੇ ਪਿਆ ਰਹਿ ਗਿਆ ਕਿਉਂਕਿ ਜੋ ਗੁਰਮੁਖ ਹੁੰਦਾ ਹੈ, ਉਹਦੇ ਬਾਰੇ ਮਹਾਰਾਜ ਜੀ ਨੇ ਐਸਾ ਫੁਰਮਾਨ ਕਰਿਆ ਹੈ -

***ਧਾਰਨਾ - ਆਵੈ ਜਾਵੈ ਨਿਸੰਗ,***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***
***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਸੋ ਭਾਈ ਦਇਆ ਸਿੰਘ ਜੀ, ਏਸ ਸੰਸਾਰ ਸਫਰ ਤੋਂ ਅਲੋਪ ਹੋ ਗਏ ਤੇ ਦੀਵਾਲੀ ਨੇੜੇ ਆ ਗਈ, ਉਸ ਵੇਲੇ ਗੁਰੂ ਮਹਾਰਾਜ ਜੀ ਨੇ ਸ਼ਸਤਰ ਸਾਫ ਕਰਕੇ ਪਲੰਘੇ ਦੇ ਉਤੇ ਸਜ਼ਾ ਦਿਤੇ, ਉਹਦੇ ਵਿਚ ਦੋ ਕਟਾਰਾਂ ਕਿਸੇ ਪ੍ਰੇਮੀ ਨੇ ਬੜੀਆਂ ਹੀ ਸਖਤ ਕਿਸਮ ਦੀਆਂ ਲਿਆ ਕੇ ਮੱਥਾ ਟੇਕਿਆ। ਉਹ ਵੀ ਉਥੇ ਹੀ ਸਜਾਈਆਂ ਹੋਈਆਂ ਸੀ। ਧਨੁਸ਼ ਵੀ ਉਥੇ ਹੀ ਪਿਆ ਸੀ।

ਆਪ ਦੇ ਨੇੜੇ ਦੋ ਪਠਾਣ ਰਹਿੰਦੇ ਸੀ, ਜਾਸੂਸ ਸੀਗੇ ਉਹ ਭੇਜੇ ਹੋਏ। ਇਤਿਹਾਸ ਤਾਂ ਇਹ ਕਹਿੰਦਾ ਹੈ ਕਿ ਇਨ੍ਹਾਂ ਨਵਾਬਾਂ ਨੂੰ ਨਾ ਦਿਓ, ਕਿਉਂਕਿ ਨਵਾਬ ਜਿਹੜੇ ਨੇ ਉਨ੍ਹਾਂ

ਦੇ ਸਿਰ 'ਤੇ ਫੇਰ ਵੀ ਡਰ ਸੀ, ਬਹਾਦਰਸ਼ਾਹ ਆਪ ਹੀ ਕਹਿੰਦਾ ਸੀ, ਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰ ਦਿਤਾ ਜਾਵੇ ਤਾਂ ਮੇਰਾ ਫਿਕਰ ਹਟ ਜਾਵੇ। ਭਾਵੇਂ ਉਨ੍ਹਾਂ ਨੇ ਹੀ ਇਹਨੂੰ ਰਾਜ ਦਿਵਾਇਆ ਸੀ, ਖਿਆਲ ਨੇ ਆਪਣੇ-ਆਪਣੇ। ਉਹ ਪਠਾਣਾਂ ਨੇ ਇਕ ਦਿਨ ਮੌਕਾ ਦੇਖ ਕੇ ਗੁਰੂ ਮਹਾਰਾਜ ਦੇ ਜੋ ਪਹਿਰੇ 'ਤੇ ਬੈਠਾ ਸੀਗਾ, ਉਹ ਸਿੰਘ ਕੁਛ ਉਨੀਂਦਰਾ ਹੋਣ ਕਰਕੇ ਉਂਘ ਰਿਹਾ ਸੀਗਾ। ਉਨ੍ਹਾਂ ਨੇ ਮੌਕਾ ਦੇਖਿਆ, ਮੌਕਾ ਦੇਖਦੇ ਸਾਰ ਭਾਈ ਲੱਖਾ ਸਿੰਘ ਅੱਗੇ ਬੈਠਾ ਸੀ ਤੇ ਇਕ ਮਹਾਤਮਾ ਆਤਮ ਦਾਸ ਗੁਰੂ ਮਾਹਾਰਾਜ ਦੇ ਟੈਂਟ ਦੇ ਨਾਲ ਸਮਾਧੀ ਵਿਚ ਬੈਠੇ ਸੀ, ਉਨ੍ਹਾਂ ਦੇ ਪਿਛਲੇ ਪਾਸੇ ਇਕ ਸਿੱਖ ਪਹਿਰਾ ਦੇ ਰਿਹਾ ਸੀ। ਇਹ ਮਲਕੜੇ ਜਿਹੇ ਦੋਵੇਂ ਆਏ, ਦੇਖਿਆ ਕਿ ਪਹਿਰੇਦਾਰ ਸਿੰਘ ਸੁੱਤਾ ਪਿਆ ਹੈ, ਅੱਖਾਂ ਮੀਚੀਂ ਬੈਠਾ ਹੈ, ਅੰਦਰ ਵੜ ਗਏ ਤੇ ਮਹਾਰਾਜ ਅਜੇ ਬਿਰਾਜੇ ਹੀ ਸੀ, ਥੋੜ੍ਹੀ ਦੇਰ ਹੋਈ ਸੀ। ਉਸੇ ਵੇਲੇ ਜਿਹੜੀਆਂ ਪਲੰਘੇ ਦੇ ਉਤੇ ਪਈਆਂ ਸੀ ਸਜਾਈਆਂ ਹੋਈਆਂ ਕਟਾਰਾਂ, ਉਸ ਵੇਲੇ ਚੁੱਕ ਕੇ ਇਕ ਉਨ੍ਹਾਂ ਨੇ ਗੁਰੂ ਮਹਾਰਾਜ ਦੀ ਵੱਖੀ 'ਚ ਵਾਰ ਪੂਰੇ ਜ਼ੋਰ ਨਾਲ ਕਰ ਦਿਤਾ। ਮਹਾਰਾਜ ਜੀ ਦੇ ਸ੍ਰੀ ਸਾਹਿਬ ਕੋਲ ਸੀ, ਇਕ ਦਮ ਉੱਠੇ ਜਿਹਨੇ ਵਾਰ ਕਰਿਆ ਸੀ ਉਹਨੂੰ ਉਤੇ ਹੀ ਝਟਕਾ ਦਿਤਾ। ਉਸ ਤੋਂ ਬਾਅਦ ਜਿਹੜਾ ਦੂਸਰਾ ਸੀ ਉਹ ਨੱਠ ਗਿਆ, ਨੱਠੇ ਜਾਂਦੇ ਨੂੰ ਸਿੰਘਾਂ ਨੇ ਘੇਰ ਲਿਆ, ਜਿਸ ਵਕਤ ਆਵਾਜ਼ ਆਈ, ਉਸ ਵੇਲੇ ਮਹਾਰਾਜ ਕਹਿਣ ਲੱਗੇ ਇਹਨੂੰ ਕਾਹਨੂੰ ਮਾਰ ਦਿਤਾ ਇਹ ਤਾਂ ਮਰਿਆ ਹੀ ਸੀ ਪਿਆ ਸੀ ਪਹਿਲਾਂ।

*ਪ੍ਰਭੂ ਜੀ ਕਹਜੋ 'ਪ੍ਰਥਮ ਹੀ ਮਰਜੋ।*
*ਕਾਹੇ ਖੜਗ ਪ੍ਰਹਾਰਨਿ ਕਰਜੋ।*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1305)*

ਫੇਰ ਵੀ ਐਸੀ ਬਾਤ ਨਹੀਂ ਗੁਰੂ ਮਹਾਰਾਜ ਕਰਦੇ। ਉਸ ਵੇਲੇ ਬਹੁਤ ਦਿਲਗੀਰੀ ਫੈਲ ਗਈ, ਜਿੰਨੇ ਸਿੰਘ ਨਾਲ ਸੀ। ਕਿਸੇ ਦਾ ਜੀਅ ਨਹੀਂ ਲਗਦਾ, ਖੂਨ ਜਾ ਰਿਹਾ ਹੈ ਵੱਖੀ 'ਚੋਂ, ਬਹਾਦਰ ਸ਼ਾਹ ਨੂੰ ਪਤਾ ਲੱਗਿਆ ਤੇ ਉਸ ਨੇ ਅੰਗਰੇਜ਼ ਡਾਕਟਰ ਭੇਜਿਆ, ਉਸ ਅੰਗਰੇਜ਼ ਡਾਕਟਰ ਨੇ ਥੋੜ੍ਹੇ ਦਿਨ ਰਹਿ ਕੇ ਇਲਾਜ ਕੀਤਾ, ਇਲਾਜ ਕਰਨ ਦੇ ਨਾਲ ਜ਼ਖਮ ਸਿਉਂ ਦਿਤੇ ਤੇ ਜ਼ਖਮ ਉਪਰੋਂ ਭਰਨ ਲੱਗ ਗਏ, ਠੀਕ ਹੋਣ ਲੱਗੇ ਗਏ। ਜਦੋਂ ਦੇਖਿਆ ਕਿ ਜ਼ਖਮ ਠੀਕ ਹੋਣ ਲੱਗ ਗਏ, ਉਸ ਵੇਲੇ ਮਹਾਰਾਜ ਜੀ ਨੇ ਅੰਗਰੇਜ਼ ਨੂੰ ਸਿਰੋਪਾਓ ਦਿਤਾ, ਵਿਦਾ ਕਰ ਦਿਤਾ ਕਿ ਹੁਣ ਅਸੀਂ ਠੀਕ ਹਾਂ। ਐਨੇ ਨੂੰ ਥੋੜ੍ਹੇ ਦਿਨਾਂ ਤੋਂ ਬਾਅਦ ਦੀਵਾਲੀ ਸੀ ਤੇ ਭਾਈ ਦਇਆ ਸਿੰਘ ਓਨੀਂ ਸਰੀਰ ਛੱਡ ਚੁੱਕੇ ਸੀ। ਉਸ ਵੇਲੇ ਮਹਾਰਾਜ ਜੀ ਨੇ ਸ਼ਸਤਰ ਸਾਰੇ ਸਾਫ ਕਰਕੇ ਰੱਖੇ ਹੋਏ ਸੀਗੇ। ਉਹਦੇ ਵਿਚ ਦੋ ਕਮਾਣਾਂ ਕਿਸੇ ਨੇ ਲਿਆ ਕੇ ਭੇਟਾ ਕਰੀਆਂ, ਜੋ ਬਹੁਤ ਸਖਤ ਸੀਗੀਆਂ, ਉਨ੍ਹਾਂ ਦਾ ਚਿੱਲ੍ਹਾ ਨਹੀਂ ਸੀ ਚੜ੍ਹਦਾ, ਉਸ ਵੇਲੇ ਬਹਾਦਰਸ਼ਾਹ ਬਾਦਸ਼ਾਹ ਵਲੋਂ ਭੇਜੇ ਹੋਏ ਦੋ ਉਮਰਾਵ ਜਿਹੜੇ ਗੁਰੂ ਮਹਾਰਾਜ ਦੇ ਜ਼ਖਮ ਦੀ ਖਬਰ ਲੈਣ ਆਏ ਸੀ, ਕਹਿਣ ਲੱਗੇ ਕਿ ਦੇਖੋ ਆਹ ਧਨੁਸ਼ ਹੈ ਜਿਹੜਾ, ਕਿਸੇ ਤੋਂ ਇਹਦਾ ਚਿਲ੍ਹਾ ਨਹੀਂ ਚੜ੍ਹ ਸਕਦਾ ਐਨਾ ਸਖਤ ਹੈ। ਦੂਸਰਾ ਕਹਿਣ ਲੱਗਿਆ ਕਿ ਜਿਹੜੇ ਵੱਡੇ ਆਦਮੀ ਹੁੰਦੇ ਨੇ ਨਾ, ਇਹ ਐਹੋ ਜਿਹੇ ਸ਼ਸਤਰ ਵੀ ਰੱਖ ਲੈਂਦੇ ਨੇ, ਜਿਹੜੇ ਵਰਤੋਂ 'ਚ ਤਾਂ ਆ ਨਹੀਂ ਸਕਦੇ, ਲੇਕਿਨ ਕੇਵਲ ਨੁਮਾਇਸ਼ ਵਾਸਤੇ ਹੁੰਦੇ ਨੇ। ਗੁਰਸਿੱਖ ਜਿਹੜਾ ਪਹਿਰੇ 'ਤੇ ਖੜ੍ਹਾ ਸੀ ਕਹਿਣ ਲੱਗਿਆ, ਉਮਰਾਓ ਸਾਹਿਬ! ਐਸੀ ਬਾਤ ਨਹੀਂ ਗੁਰੂ ਮਹਾਰਾਜ ਚਲਾ ਸਕਦੇ ਨੇ ਇਨ੍ਹਾਂ ਨੂੰ, ਕੋਈ ਔਖੀ ਬਾਤ ਨਹੀਂ। ਗੁਰੂ ਮਹਾਰਾਜ ਨੂੰ ਕਿਹਾ ਉਨ੍ਹਾਂ ਨੇ। ਮਹਾਰਾਜ ਕਹਿੰਦੇ ਕੋਈ ਗੱਲ ਨਹੀਂ। ਉਸ ਵੇਲੇ ਆਪ ਨੇ ਕਮਾਨ ਮੰਗਾ ਲਈ ਤੇ ਬਾਣ ਉਹਦੇ ਉਤੇ ਚਾੜ੍ਹ ਲਿਆ। ਸਖਤ ਸੀ ਬਹੁਤ। ਪੂਰੇ ਜ਼ੋਰ ਨਾਲ ਖਿੱਚ ਦਿਤੀ, ਖਿਚਦੇ ਸਾਰ, ਬਾਣ ਤਾਂ ਚੱਲ ਗਿਆ, ਜਦੋਂ ਖਿੱਚੀ ਉਸ ਵੇਲੇ ਜਿੰਨੇ ਤੁੱਪੇ ਸੀ ਤੜਕ ਕਰਕੇ ਟੁੱਟ ਗਏ ਸਾਰੇ, ਖੂਨ ਜਾਣਾ ਸ਼ੁਰੂ ਹੋ ਗਿਆ ਤੇ ਉਸੇ ਵੇਲੇ ਹਫੜਾ ਦਫੜੀ ਪੈ ਗਈ ਕਿ ਕੀ ਕੀਤਾ ਜਾਵੇ। ਨੇੜੇ ਡਾਕਟਰ ਕੋਈ ਨਹੀਂ ਸੀ। ਜਿਹੜਾ ਫਰੰਗੀ ਸੀ ਉਹ ਜਾ ਚੁੱਕਿਆ ਸੀ ਬਹੁਤ ਦੂਰ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਪਿਆਰਿਓ! ਕਿਉਂ ਤੁਸੀਂ ਨੱਠ ਭੱਜ ਕਰਦੇ ਓਂ, ਹੁਣ ਤਾਂ ਸਾਡਾ ਸਮਾਂ ਆ ਗਿਆ। ਇਹ ਸੋਲਵਾਂ ਦਿਨ ਸੀਗਾ ਭਾਈ ਦਇਆ ਸਿੰਘ ਜੀ ਤੋਂ ਬਾਅਦ। ਉਹ ਸੋਲ੍ਹਾਂ ਦਿਨ ਪਹਿਲਾਂ ਗਏ ਨੇ, ਮਹਾਰਾਜ ਜੀ ਸੋਲ੍ਹਾਂ ਦਿਨ ਬਾਅਦ ਵਿਚ ਗਏ ਨੇ। ਸੋ ਉਸ ਵੇਲੇ ਸੰਗਤਾਂ ਦੇ ਅੰਦਰ ਬਹੁਤ ਵੈਰਾਗ ਛਾ ਗਿਆ। ਮਹਾਰਾਜ ਕਹਿਣ ਲੱਗੇ, ਵੈਰਾਗ ਕਿਸ ਗੱਲ ਦਾ ਕਰਦੇ ਓਂ। ਜਿਸ ਨੇ ਸਰੀਰ ਧਾਰਿਆ ਹੈ, ਉਸ ਨੇ ਜਾਣਾ ਹੀ ਜਾਣਾ ਹੈ। ਸਰੀਰ ਧਾਰ ਕੇ ਸੰਸਾਰ ਦੇ ਉਤੇ ਅੱਜ ਤੱਕ ਨਹੀਂ ਕੋਈ ਰਿਹਾ -

*ਧਾਰਨਾ - ਇਥੇ ਰਿਹਾ ਨਾ ਜਗਤ ਉਤੇ*
*ਕੋਈ, ਵਾਰੀ ਆਈ ਤੁਰ ਜਾਵਣਾ।*

*ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ॥*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ*
*ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ*
*ਬੇਦ ਔ ਪੁਰਾਨ ਕੇਤੇ॥*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥*
*(ਅਕਾਲ ਉਸਤਤਿ)*
*ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ.*
*ਛਤ੍ਰ ਹੀ ਕੀ ਛਾਇਆ*
*ਕਈ ਕੋਸ ਲੌ ਚਲਤ ਹੈਂ॥*
*ਬਡੇ ਬਡੇ ਰਾਜਨ ਤੇ ਦਾਬਤ ਫਿਰਤਿ ਦੇਸ*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ॥*
*ਮਾਨ ਸੇ ਮਹੀਪ ਔ ਦਿਲੀਪ ਕੈ ਸੇ ਛਤ੍ਰਧਾਰੀ*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥*
*ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈਂ॥*
*ਕਬਿੱਤ (ਅਕਾਲ ਉਸਤਤਿ)*

ਕਹਿਣ ਲੱਗੇ, ਗੁਰਸਿੱਖੋ! ਐਨਾ ਵੈਰਾਗ -

*ਜੋ ਉਪਜਿਓ ਸੋ ਬਿਨਸਿ ਹੈ*
*ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ*

*ਛਾਡਿ ਸਗਲ ਜੰਜਾਲ ॥ ਅੰਗ - ੧੪੨੯*

ਇਹ ਤਾਂ ਜਾਣਾ ਹੀ ਸੰਸਾਰ ਦੇ ਉਤੋਂ। ਉਸ ਵੇਲੇ ਕਿਸੇ ਵਿਚ ਬੋਲਣ ਦੀ ਸ਼ਕਤੀ ਨਹੀਂ। ਕਿਉਂਕਿ ਪਤਾ ਲੱਗ ਗਿਆ ਕਿ ਮਹਾਰਾਜ! ਹੁਣ ਖੇਲ੍ਹ ਵਰਤਾਉਣ ਵਾਲੇ ਨੇ। ਗੁਰਸਿੱਖ ਉਠਿਆ, ਉਠ ਕੇ ਮਹਾਰਾਜ ਜੀ ਦੇ ਚਰਨਾਂ ’ਚ ਬੇਨਤੀ ਕਰੀ–

*ਧਾਰਨਾ - ਝੱਲਿਆ ਨਹੀਂ ਜਾਣਾ ਸਤਿਗੁਰ*
*ਤੇਰਾ ਵਿਛੋੜਾ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਵੈਰਾਗ ਛਾ ਗਿਆ ਸੀ, ਗੁਰੂ ਦਸ਼ਮੇਸ਼ ਪਿਤਾ ਦੇ ਪਵਿੱਤਰ ਮੁਖੜੇ ਵਲ ਸਾਰੇ ਦੇਖ ਰਹੇ ਨੇ ਕਿ ਹੈਂ ਸੱਚਮੁੱਚ ਅਲੋਪ ਹੋ ਜਾਣਗੇ। ਉਸ ਵੇਲੇ ਇਕ ਤੋਂ ਰਿਹਾ ਨਾ ਗਿਆ। ਉਸ ਨੇ ਆਪਣੇ ਹਿਰਦੇ ਦੀ ਭਾਵਨਾ ਪ੍ਰਗਟ ਕੀਤੀ -

*ਧਾਰਨਾ - ਕਦੇ ਹੋਣਗੇ ਸੰਜੋਗਾਂ ਨਾਲ ਮੇਲੇ*
*ਨਦੀਆਂ ਦੇ ਵਹਿਣ ਵਿਛੜੇ।*
*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਅੰਗ - ੪੩੯*

ਸਾਰੀ ਸੰਗਤ ਨੂੰ ਮਹਾਰਾਜ ਜੀ ਨੇ ਧੀਰਜ ਦਿਤੀ ਸਾਰੀ ਸੰਗਤ ਨੂੰ, ਕਿ ਵੈਰਾਗ ਨਾ ਕਰੋ। ਦੇਖੋ ਸੰਸਾਰ ’ਤੇ ਕਿਸੇ ਨੇ ਰਹਿਣਾ ਨਹੀਂ, ਵੱਡੇ-ਵੱਡੇ ਅਵਤਾਰ ਆਏ, ਸ੍ਰੀ ਰਾਮ ਚੰਦਰ ਆਏ, ਕ੍ਰਿਸ਼ਨ ਮਹਾਰਾਜ ਆਏ, ਸ਼ਿਵ ਜੀ ਆਏ। ਜਿਹਦੀ ਉਮਰ ਸੈਂਲ੍ਹਾਂ ਕਰੋੜ ਖਰਬ ਸਾਲ ਦੀ ਹੈ, ਬ੍ਰਹਮਾ ਜੀ 16 ਲੱਖ ਖਰਬ ਸਾਲ ਦੀ ਹੈ ਉਹ ਵੀ ਸੰਸਾਰ ਤੋਂ ਚਲੇ ਗਏ। ਦੇਹ ਧਾਰ ਕੇ ਤਾਂ ਕਿਸੇ ਨੇ ਰਹਿਣਾ ਨਹੀਂ ਪਰ ਇਕ ਅਸੀਂ ਬਚਨ ਕਰਦੇ ਹਾਂ ਕਿ ਗੁਰੂ ਨਹੀਂ ਜਾਇਆ ਕਰਦਾ।

*ਸਤਿਗੁਰੁ ਜਾਗਤਾ ਹੈ ਦੇਉ ॥ ਅੰਗ - ੪੭੯*

ਗੁਰੂ ਪ੍ਰਮੇਸ਼ਰ ਇਕ ਹੋਇਆ ਕਰਦਾ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਗੁਰੂ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ, ਗੁਰੂ ਵੱਖਰਾ ਨਹੀਂ ਹੁੰਦਾ। ਸਾਰੇ ਇਕੋ ਜੋਤ ਪਰੀਪੂਰਨ ਹੈ, ਪਸਰੀ ਹੋਈ ਹੈ, ਜੋਤ ਨਾਲ ਤੁਸੀਂ ਰਲ ਜਾਓ। ਪ੍ਰਮੇਸ਼ਰ ਦੀ ਜੋਤ ਤੁਹਾਡੇ ਅੰਦਰ ਵੀ ਹੈ, ਬਾਹਰ ਵੀ ਹੈ। ਮੰਤਰ ਵਾਹਿਗੁਰੂ ਹੈ, ਵਾਹਿਗੁਰੂ-ਵਾਹਿਗੁਰੂ ਕਰਕੇ ਉਸ ਜੋਤ ਨਾਲ ਰਲ ਜਾਓ ਤੇ ਚਿੱਤ ਪ੍ਰਮੇਸ਼ਰ ਦੇ ਵਿਚ ਰੱਖੋ, ਜੋ ਸਤਿ, ਚਿਤ, ਅਨੰਦ ਤੇ ਪਿਆਰ ਕਰਨ ਵਾਲਾ ਹੈ। ਉਹ ਵਿਛੁੜਦਾ ਹੀ ਨਹੀਂ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਅੰਗ - ੨੯੩*

ਉਹਦਾ ਵਿਛੋੜਾ ਕਿਸ ਤਰ੍ਹਾਂ ਹੋਏਗਾ। ਤੁਸੀਂ ਉਸ ਜੋਤ ਦਾ ਜਾਪ ਕਰੋ, ਹੋਰ ਗੱਲਾਂ ਛੱਡੋ ਸਾਰੀਆਂ।

*ਧਾਰਨਾ - ਜਪੋ ਖਾਲਸਾ,*
*ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਕਹਿੰਦੇ, ਖਾਲਸਾ ਜੀ! ਸਰੀਰਾਂ ਨਾਲ ਨਹੀਂ ਮੋਹ ਪਾਈਦਾ, ਸਰੀਰ ਅੱਜ ਤੱਕ ਨਹੀਂ ਰਹਿੰਦਾ। ਇਹ ਤਾਂ -

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥*
*ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥*
*ਅੰਗ - ੧੪੨੭*

ਪੰਜਾਂ ਤੱਤਾਂ ਦੀ ਮਸ਼ੀਨ ਹੈ। ਸਤਿਗੁਰੂ ਤਾਂ ਇਹਦੇ ਵਿਚ ਹੈ -

*ਸਤਿਗੁਰੁ ਜਾਗਤਾ ਹੈ ਦੇਉ ॥ ਅੰਗ - ੪੭੯*
*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ*
*ਸਿਉ ਲੈਨਿ ਮਿਲਾਏ ॥ ਅੰਗ - ੭੪੯*

ਸਤਿਗੁਰੂ ਨਹੀਂ ਜਾਂਦਾ, ਖਾਲਸਾ ਇਕ ਪੂਰਨ ਆਦਰਸ਼ ਅਸੀਂ ਕਾਇਮ ਕਰ ਦਿਤਾ, ਪੂਰਨ ਬ੍ਰਹਮਗਿਆਨੀ ਜਿਸਨੂੰ ਕਹਿੰਦੇ ਨੇ। ਉਹ ਆਦਰਸ਼ 200 ਸਾਲ ਦੇ ਵਿਚ ਧਰਤੀ ਲਿਆ ਦਿਤਾ। ਇਹ ਅਤਿ ਸੁੰਦਰ ਮਨੁੱਖ ਹੈ, ਪੂਰਨ ਮਨੁੱਖ। ਸੋ ਪੂਰਨ ਜੋਤ ਸ਼ਬਦ ਦੇ ਅੰਦਰ ਸਾਰੇ ਪਰੀਪੂਰਨ ਹੈ। ਸੰਸਾਰ ਨਾਲ ਵੈਰਾਗ ਦੀ ਵਰਤੋਂ ਕਰੋ। ਮੁੱਖ ਜਿਹੜਾ ਜੀਵਨ ਹੈ ਉਹ ਭਗਤੀ ਦਾ ਬਿਤਾਓ ਤੇ ਭਾਣੇ ਦੇ ਵਿਚ ਸਦੀਵ ਰਾਜ਼ੀ ਰਹਿ ਕੇ ਗਿਆਨ ਜਿਹੜਾ ਹੈ ਉਹ ਨਿਹਚੇ ਵਿਚ ਲਿਆਓ। ਇਥੇ ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ ਹੈ। ਬਾਕੀ ਜਿਹਜ਼ਾ ਤੁਸੀਂ ਮੇਰਾ ਰੂਪ ਦੇਖਣਾ ਚਾਹੁੰਦੇ ਓਂ, ਜਿਹੜਾ ਏਸ ਪਦਵੀ ’ਤੇ ਪਹੁੰਚ ਗਿਆ -

*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ ’ਚੋਂ)*

ਉਹ ਖਾਲਸੇ ਦੀ ਪਦਵੀ ’ਤੇ ਪਹੁੰਚ ਜਾਂਦਾ ਹੈ। ਬ੍ਰਹਮਗਿਆਨੀ ਦੀ ਪਦਵੀ ’ਤੇ, ਸਾਧੂ, ਸੰਤ ਦੀ ਪਦਵੀ ’ਤੇ ਪਹੁੰਚ ਜਾਂਦਾ ਹੈ। ਕਹਿੰਦੇ, ਉਹ ਮੇਰਾ ਰੂਪ ਹੋਇਆ ਕਰਦਾ ਹੈ -

*ਧਾਰਨਾ - ਮੇਰਾ ਹੀ ਰੂਪ ਹੈ,*
*ਖਾਲਸਾ ਮੇਰਾ ਪਿਆਰੇ।*

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*ਖ਼ਾਲਸਾ ਮੇਰੋ ਮੁਖ ਹੈ ਅੰਗਾ॥*
*ਖ਼ਾਲਸੇ ਕੇ ਹੌਂ ਸਦ ਸਦ ਸੰਗਾ॥*

*(ਸਰਬ ਲੋਹ ਗ੍ਰੰਥ 'ਚੋਂ)*

ਜੋ ਬੰਦਗੀ ਕਰਨ ਵਾਲਾ ਹੈ, ਨਾਮ ਜਪਣ ਵਾਲਾ ਹੈ, ਜਿਹਦੀ ਸੁਰਤੀ ਪਰੀਪੂਰਨ ਜੋਤ ਨਾਲ ਜੁੜੀ ਹੋਈ ਹੈ, ਕਹਿੰਦੇ ਉਹ ਪਿਆਰਿਓ, ਖਾਲਸਾ ਹੈ, ਮੈਂ ਉਹਦੇ ਨਾਲ ਸਦਾ ਹੀ ਜੁੜਿਆ ਰਹਿੰਦਾ ਹਾਂ। ਉਹ ਮੇਰਾ ਹੀ ਹੈ।

*ਖ਼ਾਲਸੇ ਕੇ ਹੌਂ ਸਦ ਸਦ ਸੰਗਾ॥*

*(ਸਰਬ ਲੋਹ ਗ੍ਰੰਥ 'ਚੋਂ)*

ਨਾਲ ਹੀ ਰਹਾਂਗਾ, ਮੇਰਾ ਤੇਜ ਖਾਲਸੇ ਵਿਚ ਵਰਤੇਗਾ। ਜਦੋਂ ਤਕ ਇਹ ਪਾਰਬ੍ਰਹਮ ਨਾਲ ਜੁੜਿਆ ਰਿਹਾ ਤੇ ਮਨ ਦੀ ਮਤ ਨਾ ਲਈ, ਭਰਮਾਂ 'ਚ ਨਾ ਪਿਆ, ਭੇਖਾਂ 'ਚ ਨਾ ਪਿਆ, ਜਦੋਂ ਇਹ ਛੱਡ ਦੇਵੇਗਾ, ਆਤਮ ਸੋਝੀ ਇਹਨੂੰ ਦੂਰ ਹੋ ਜਾਵੇਗੀ, ਇਹਦਾ ਸਬੰਧ ਆਟੋਮੈਟਿਕਲੀ ਮੇਰੇ ਨਾਲੋਂ ਟੁੱਟ ਜਾਏਗਾ। ਜਦੋਂ ਤੱਕ ਜੁੜਿਆ ਰਹੇਗਾ ਮੈਂ ਇਹਦੇ ਵਿਚ ਵਰਤਾਂਗਾ। ਜਦੋਂ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋ ਜਾਏਗਾ, ਅਕਾਲ ਪੁਰਖ ਨੂੰ ਛੱਡ ਦੇਵੇਗਾ, ਆਸਾਂ, ਵਹਿਮਾਂ, ਭਰਮਾਂ 'ਚ ਪੈ ਜਾਏਗਾ ਫੇਰ ਮੇਰੀ ਜੋਤ ਨਾਲੋਂ ਇਹਦਾ ਸਬੰਧ ਟੁੱਟ ਕੇ ਫੇਰ ਇਹਦਾ ਤੇਜ ਕਸ਼ੀਣ ਹੋ ਜਾਏਗਾ। ਪ੍ਰਤਾਪ ਨਹੀਂ ਰਹੇਗਾ। ਜੋ ਖਾਲਸਾ ਹੈ ਜੁੜਿਆ ਪਾਰਬ੍ਰਹਮ ਪ੍ਰਮੇਸ਼ਰ ਨਾਲ, ਭਰਮਾਂ-ਭੇਖਾਂ ਤੋਂ ਨਿਆਰਾ ਹੈ, ਨਸ਼ਿਆਂ ਤੋਂ ਨਿਆਰਾ ਹੈ, ਮਾੜੀਆਂ ਚੀਜ਼ਾਂ ਖਾਣ ਤੋਂ ਨਿਆਰਾ ਹੈ, ਉਹ ਮੇਰੇ ਨਾਲ ਜੁੜਿਆ ਹੋਇਆ ਹੈ ਤੇ ਉਹਦੇ ਵਿਚ ਮੇਰਾ ਤੇਜ਼ ਵਰਤੇਗਾ।

*ਧਾਰਨਾ - ਦਿਤਾ ਖਾਲਸਾ ਤੈਨੂੰ*
*ਤੇਜ ਆਪਣਾ ਮੈਂ।*
*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*
*ਜਬ ਲਗ ਖ਼ਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਜਦੋਂ ਇਹ ਭਰਮਾਂ 'ਚ ਪੈ ਜਾਏਗਾ, ਭੇਖਾਂ 'ਚ ਪੈ ਜਾਏਗਾ, ਪ੍ਰਮੇਸ਼ਰ ਨੂੰ ਛੱਡ ਦੇਵੇਗਾ ਤੇ 'ਨਾਮ' ਨਾਲੋਂ ਟੁੱਟ ਜਾਏਗਾ, ਨਾਮ ਦੀ ਰੌ ਇਹਦੇ ਅੰਦਰੋਂ ਜਦੋਂ ਖਤਮ ਹੋ ਕੇ ਖੁਸ਼ਕ ਹੋ ਜਾਏਗਾ, ਇਹਦਾ ਤੇ ਮੇਰਾ ਕਨੈਕਸ਼ਨ ਉਸ ਵੇਲੇ ਆਟੋਮੈਟਿਕਲੀ ਟੁੱਟ ਜਾਏਗਾ। ਆਤਮ ਰਸੀਆ ਹੋ ਕੇ ਜਗ ਵਿਚ ਵਰਤੇਗਾ। ਪ੍ਰਮੇਸ਼ਰ ਨੂੰ ਪਰੀਪੂਰਨ ਸਮਝੇਗਾ, ਕਿਸੇ ਨੂੰ ਵੈਰੀ ਨਹੀਂ ਸਮਝੇਗਾ, ਸਾਰਿਆਂ ਨੂੰ ਪ੍ਰਮੇਸ਼ਰ ਦੀ ਜੋਤ ਸਮਝੇਗਾ, ਪਿਆਰਿਓ! ਉਹ ਮੇਰੇ ਵਿਚ ਰਹੇਗਾ, ਮੈਂ ਉਹਦੇ ਵਿਚ ਰਹਾਂਗਾ। ਜਦੋਂ ਇਹ ਚੀਜ਼ਾਂ ਤੋਂ ਮੂੰਹ ਮੋੜ ਲਏਗਾ, ਪਿੱਠ ਦੇਵੇਗਾ, ਮਨ ਦੀ ਮੱਤ ਧਾਰਨ ਕਰ ਲਏਗਾ, ਉਸ ਵੇਲੇ ਮੈਂ ਇਹਦਾ ਵਿਸ਼ਵਾਸ਼ ਨਹੀਂ ਕਰਨਾ। ਜਦ ਤੱਕ ਤੁਸੀਂ ਆਤਮ ਰਸੀਏ ਰਹੋਗੇ, ਸੰਸਾਰ ਤੁਹਾਡੀ ਸੇਵਾ ਕਰੇਗਾ, ਐਸੇ ਖਾਲਸੇ ਨੂੰ ਦਿਤਾ ਹੋਇਆ ਇਥੇ ਵੀ ਫਲੇਗਾ ਤੇ ਦਰਗਾਹ ਵਿਚ ਵੀ ਫਲੇਗਾ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਦਯੋ,*
*ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ*
*ਸਿਰ ਲਉ ਧਨ ਹੈ ਸਭਹੀ ਇਨਹੀ ਕੋ॥*

*ਗਿਆਨ ਪ੍ਰਬੋਧ ਪਾ. ੧੦*

ਐਸਾ ਜੋ ਖਾਲਸਾ ਹੈ ਮੇਰੇ ਘਰ ਵਿਚ ਤਨ ਵੀ, ਧਨ ਵੀ ਤੇ ਮੇਰਾ ਸਿਰ ਵੀ, ਮੇਰਾ ਸਰੀਰ ਵੀ ਇਹਦੇ ਵਾਸਤੇ ਹੈ। ਏਸ ਕਰਕੇ ਐਸਾ ਆਦਰਸ਼ ਮੈਂ ਸੰਸਾਰ 'ਚ ਦੋ ਸੌ ਸਾਲ ਦੇ ਵਿਚ ਅਕਾਲ ਪੁਰਖ ਦਾ ਹੁਕਮ ਵਜਾ ਕੇ ਕਾਇਮ ਕਰ ਦਿਤਾ। ਖਾਲਸਾ ਆਮ ਆਦਮੀ ਨਹੀਂ ਹੈ, ਖਾਲਸਾ ਸਾਰੇ ਸੰਸਾਰ ਦਾ ਰਾਜਾ ਹੈ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*

*ਅੰਗ - ੨੦੨*

ਇਹਨੂੰ ਰਾਜਾਂ ਦੀ ਲੋੜ ਨਹੀਂ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*

*ਅੰਗ - ੧੮੬*

ਬਾਬਾ ਬੀਰ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਜਾ ਰਹੇ ਨੇ, ਅਟਕ ਦਰਿਆ ਤੇ ਪਹੁੰਚ ਗਏ, ਬਹੁਤ ਕਾਹਲੀ ਹੈ ਦਰਿਆ ਚੜ੍ਹਿਆ ਹੋਇਆ ਹੈ। ਕਹਿਣ ਲੱਗੇ, ਬਾਬਾ ਜੀ! ਜੇ ਹੁਣ ਨਾ ਗਏ ਤਾਂ ਅੱਜ ਫੌਜਾਂ ਨੂੰ ਹਾਰ ਹੋ ਜਾਏਗੀ, ਕ੍ਰਿਪਾ ਕਰੋ ਆਪ। ਖਾਲਸਾ ਸੀ, ਦਰਿਆ ਦੇ ਕੋਲ ਆ ਗਏ, ਕਹਿੰਦੇ, ਲੈ ਬਈ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ ਓਨੀ ਦੇਰ ਤੂੰ ਰਾਹ ਦੇ ਦੇ। ਹਾਥੀ ਦੇ ਉਤੇ ਬੈਠੇ ਸੀ ਦਰਿਆ 'ਚ ਵਾੜ ਲਿਆ, ਹੱਥ-ਹੱਥ ਪਾਣੀ ਚੱਲ ਰਿਹਾ ਹੈ, ਬਾਕੀ ਥੱਲੇ ਉਤਰ ਗਿਆ ਸਾਰਾ। ਸਾਰੀ ਫੌਜ ਲੰਘਾ ਦਿਤੀ, ਉਸ ਤੋਂ ਬਾਅਦ ਜਦੋਂ ਇਕ ਅਸਟਪਦੀ ਰਹਿ ਗਈ, ਆਪ ਨੇ ਹਾਥੀ ਤੋਰ ਦਿਤਾ ਪਰਲੇ ਪਾਸੇ ਨੂੰ, ਏਧਰ ਇਕ ਕੰਪਨੀ ਨਾਸਤਕ ਬੰਦਿਆਂ ਦੀ ਬੈਠੀ ਸੀ ਜਿਹੜੇ ਕਹਿੰਦੇ ਸੀ ਲੈ ਬਾਬੇ ਦੇ ਕਹੇ ਤੇ ਦਰਿਆ ਉਤਰ ਗਿਆ? ਉਹ ਦਰਿਆ ਵਿਚ ਐਧਰਲਿਓਂ ਕੰਢਿਓਂ ਵੜੇ, ਬਾਬਾ ਜੀ ਪਰ੍ਹੇ ਨੂੰ ਚੱਲ ਪਏ, ਬਾਬਾ ਜੀ ਜਿਸ ਵਕਤ ਬਰੇਤੀ 'ਤੇ ਚਲੇ ਗਏ ਉਚੇ ਥਾਂ, ਉਡੀਓ ਵੱਡੀ ਛੱਲ ਆਈ, ਸਾਰੇ 80 ਬੰਦੇ ਰੁੜ੍ਹ ਗਏ, ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗਿਆ, ਕਹਿੰਦਾ ਬਾਬਾ ਜੀ! ਇਕ ਕੰਪਨੀ ਰੁੜ੍ਹ ਗਈ, ਕਹਿੰਦੇ, ਭਾਈ! ਬਲੀ ਲੈ ਲਈ ਇਹਨੇ, ਖਵਾਜਾ ਖਿਜਰ ਨੇ। ਨਾਸਤਕ ਸੀਗੇ। ਬਚਨ 'ਚ ਵਿਸ਼ਵਾਸ਼ ਨਹੀਂ ਸੀ ਇਨ੍ਹਾਂ ਨੂੰ, ਏਸ ਕਰਕੇ ਰੁੜ੍ਹ ਗਏ।

ਮਹਾਰਾਜ ਕਹਿੰਦੇ ਕਿ ਜਿਹਦਾ ਕਹਿਆ ਹੋਇਆ ਦਰਗਾਹ 'ਚ ਚਲਦਾ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*

*ਅੰਗ - ੧੮੬*

ਬੇਅੰਤ ਮਿਸਾਲਾਂ ਨੇ ਗੁਰੂ ਘਰ 'ਚ ਐਸੀਆਂ। ਉਹ ਤਾਂ ਰਾਜਿਆਂ ਦਾ ਰਾਜਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫***

***ਨਾਨਕ ਹੋਰਿ ਪਤਿਸਾਹੀਆ ਕੂੜੀਆ***
***ਨਾਮਿ ਰਤੇ ਪਾਤਿਸਾਹ ॥ ਅੰਗ - ੧੪੧੩***

ਕਹਿੰਦੇ, ਪਿਆਰਿਓ! ਖਾਲਸੇ ਨੂੰ ਤਾਂ ਸੰਸਾਰ ਦਾ ਸਰਦਾਰ ਬਣਾਇਆ ਹੈ, ਇਹਦੇ ਹੱਥ ਵਿਚ ਜੁਗਤ ਵੀ ਹੋਏਗੀ, ਭੁਗਤ ਵੀ ਹੋਏਗੀ, ਰਿੱਧੀਆਂ-ਸਿੱਧੀਆਂ ਇਹਦੀਆਂ ਮਿੰਨਤਾਂ ਕਰਦੀਆਂ ਫਿਰਨਗੀਆਂ ਕਿ ਸਾਡੇ ਤੋਂ ਸੇਵਾ ਲੈ ਲਓ। ਇਹ ਥੋੜ੍ਹਾ ਨਾ ਕਿ ਭੇਖ ਧਾਰ ਲਿਆ, ਖਾਲਸਾ ਨਾਉਂ ਲਿਖ ਲਿਆ, ਬ੍ਰਹਮਗਿਆਨੀ ਲਿਖ ਲਿਆ, ਐਉਂ ਤਾਂ ਨਹੀਂ ਬਣਦਾ। ਜੇ ਐਉਂ ਬਣਨ ਲੱਗਣ ਫੇਰ ਤਾਂ ਰੱਬ ਦੀ ਦਰਗਾਹ ਵਿਚ ਥਾਉਂ ਹੀ ਨਾ ਰਹੇ ਕਿਤੇ ਬ੍ਰਹਮਗਿਆਨੀਆਂ ਨੂੰ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਸਮਝਾਇਆ ਕਹਿਣ ਲੱਗੇ ਦੇਖੋ, ਇਹ ਸੰਸਾਰ ਇਕ ਖੇਲ੍ਹ ਹੈ -

***ਬਾਜੀਗਰਿ ਜੈਸੇ ਬਾਜੀ ਪਾਈ ॥***
***ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥***
***ਤਬ ਏਕੋ ਏਕੰਕਾਰਾ ॥ ਅੰਗ - ੭੩੬***

ਪਹਿਲਾਂ ਵੀ ਵਾਹਿਗੁਰੂ ਸੀ, ਅਰ ਖੇਲ੍ਹ ਬਣਾਈ -

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਵਿਚਾਲੇ-ਵਿਚਾਲੇ ਇਕ ਖੇਲ੍ਹ ਹੋ ਰਹੀ ਹੈ,ਐ ਖਾਲਸਾ ਜੀ! ਨਾ ਸਾਨੂੰ ਕੋਈ ਜਨਮ, ਨਾ ਕੋਈ ਮਰਨ ਹੈ। ਅਸੀਂ ਤਾਂ ਇਕ ਕ੍ਰਿਆ ਕਰਮ ਵਾਸਤੇ ਮਾਇਆ ਦਾ ਸਰੀਰ ਧਾਰਨ ਕਰਿਆ ਸੀ ਤੁਹਾਡੇ ਕੋਲ ਆ ਕੇ।

ਜਿਹੜਾ ਮੇਰੇ ਨਾਲ ਜੁੜਿਆ ਰਹੇਗਾ, ਜਦੋਂ ਉਸ ਤੇ ਭੀੜ ਪਏਗੀ, ਮੈਂ ਸਹਾਇਤਾ ਕਰਾਂਗਾ, ਮੇਰਾ ਇਹ ਬਚਨ ਰਿਹਾ।

***ਪੰਥ ਖਾਲਸਾ ਖੇਤੀ ਮੇਰੀ।***
***ਕਰੌਂ ਸੰਭਾਲਨਿ ਮੈ ਤਿਸ ਬੇਰੀ॥***

ਜੇ ਖਾਲਸਾ ਬਣ ਕੇ ਸ਼ਰਾਬਾਂ ਪੀਣ ਲੱਗ ਜਾਏ, ਭਾਈ-ਭਾਈ ਨੂੰ ਮਾਰਨ ਲੱਗ ਜਾਵੇ, ਫੇਰ ਤਾਂ ਸਾਧਸੰਗਤ ਜੀ, ਉਹ ਸਿੱਖੀ ਦੇ ਘੇਰੇ ਵਿਚ ਨਹੀਂ ਆਉਂਦਾ। ਐਵੇਂ ਬਣਿਆ ਫਿਰਦਾ ਹੈ ਸਿੱਖ। ਨਿੰਦਿਆ ਕਰੇ ਬਿਲਕੁਲ ਸਿੱਖ ਨਹੀਂ ਹੈ। ਜਿਹੜੇ ਸਿੱਖ ਦੇ ਮਨ ਵਿਚ ਗੁਰੂ ਦੇ ਸਿੱਖ ਦਾ ਪਿਆਰ ਹੀ ਨਹੀਂ ਹੈ, ਉਹ ਕਾਹਦਾ ਸਿੱਖ ਹੈ। ਮਹਾਰਾਜ ਕਹਿੰਦੇ, ਗੁਰੂ ਦੇ ਮਿਤਾਂ, ਪਿਤਾਂ, ਭਾਈਆਂ ਦਾ ਇਕੋ ਪਿਆਰ ਹੋਇਆ ਕਰਦਾ ਹੈ। ਗੁਰਸਿੱਖ ਨੂੰ ਗੁਰਸਿੱਖ ਦੇਖ ਕੇ ਖਿੜ ਜਾਂਦਾ ਹੈ, ਜੇ ਉਹਦੇ ਕੰਨ ਵਿਚ ਆਵਾਜ਼ ਪੈ ਜਾਵੇ ਨਾ ਵਾਹਿਗੁਰੂ, ਕਿਸੇ ਦੇ ਮੁਖ ਤੋਂ, ਕਹਿੰਦੇ-

***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥***
***ਅੰਗ - ੪੬੮***

ਮਨ ਖਿੜ ਜਾਂਦਾ ਹੈ ਜਿਹਦਾ ਪ੍ਰਮੇਸ਼ਰ ਦਾ ਨਾਮ ਸੁਣ ਕੇ, ਉਹ ਪਿਆਰਾ ਹੈ ਪ੍ਰਮੇਸ਼ਰ। ਇਹ ਭੇਖ ਧਾਰ ਕੇ ਕੁਛ ਨਹੀਂ ਬਣਦਾ, ਐਵੇਂ ਨਾ ਭੁਲੇਖੇ ਵਿਚ ਆਓ ਕਿ ਅਸੀਂ ਖਾਲਸਾ ਹਾਂ, ਨਾ ਗੁਰੂ ਦੇ ਨਾਲ ਜਿਹੜਾ ਜੁੜਿਆ ਨਹੀਂ, ਗੁਰੂ ਨਾਲੋਂ ਜਿਹੜਾ ਟੁੱਟਿਆ ਹੋਇਆ ਹੈ ਉਹ ਕਿਵੇਂ ਖਾਲਸਾ ਕਹਾ ਸਕਦਾ ਹੈ ਆਪਣੇ ਆਪ ਨੂੰ। ਗੱਲਾਬਾਤਾਂ ਬਹੁਤ ਚਲਦੀਆਂ ਨੇ, ਬੜੀਆਂ ਗੱਲਾਂ ਨਾਸਤਕਤਾ ਦੀਆਂ ਚਲਦੀਆਂ ਨੇ, ਕਿਉਂਕਿ ਕਲਜੁਗ ਦੀ ਫੌਜ ਨਾਲ-ਨਾਲ ਹੈ ਸਾਨੂੰ ਭੁਲਾਉਣ ਵਾਸਤੇ। ਸ਼ੁਕਰ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਲੜ ਫੜਿਆ ਹੈ। ਇਹਦੇ ਵਿਚ ਜਿਹੜੀ ਗੱਲ ਨਹੀਂ ਉਹ ਨਾ ਮੰਨੋ। ਜਿਹੜੀ ਗੱਲ ਗੁਰੂ ਗ੍ਰੰਥ ਸਾਹਿਬ 'ਚ ਹੈ ਉਹ ਮੰਨੋ।

ਮੈਂ ਜਿੰਨੀ ਬੇਨਤੀਆਂ ਕਰੀਆਂ ਨੇ ਬਾਣੀ ਨਾਲ ਬੋਲੀ ਹੈ। ਤਾਂ ਕਿ ਐਸਾ ਨਾ ਹੋਵੇ ਕਿ ਮੈਂ ਕੋਈ ਮਨ ਮੱਤ ਕਰ ਜਾਵਾਂ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸਾਰੀ ਸੰਗਤ ਨੂੰ ਧਰਵਾਸ ਹੋਇਆ, ਪਤਾ ਲੱਗ ਗਿਆ ਕਿ ਹੁਣ ਤਾਂ ਗੁਰੂ ਮਹਾਰਾਜ ਜ਼ਰੂਰ ਜਾਣਗੇ, ਉਸ ਵੇਲੇ ਗਲ 'ਚ ਪੱਲਾ ਪਾਇਆ ਤੇ ਖੜ੍ਹੇ ਹੋ ਗਏ, ਕਹਿਣ ਲੱਗੇ ਪਾਤਸ਼ਾਹ! ਇਕ ਬੇਨਤੀ ਅਸੀਂ ਕਰਦੇ ਉਹ ਆਪ ਧਿਆਨ ਨਾਲ ਸਰਵਣ ਕਰੋ -

***ਧਾਰਨਾ - ਸਤਿਗੁਰ ਜੀ ਕੀਹਦੇ ਲੜ ਲਾਇਆ ਪੰਥ ਨੂੰ। ਕੀਹਦਾ ਤੱਕੀਏ ਆਸਰਾ ਜੱਗ 'ਤੇ।***

ਸੱਚੇ ਪਾਤਸ਼ਾਹ! ਭਾਣਾ ਆਪ ਨੇ ਵਰਤਾਉਣਾ ਹੈ, ਪਰ ਗੁਰੂ ਘਰ 'ਚ ਮਰਿਆਦਾ ਇਹ ਚਲੀ ਆ ਰਹੀ ਹੈ ਕਿ ਜਦੋਂ ਇਕ ਗੁਰੂ ਸਰੀਰ ਅਲੋਪ ਕਰਕੇ, ਆਪਣੀ ਜੋਤ ਦੂਸਰੇ ਸਰੀਰ ਵਿਚ ਟਿਕਾਉਂਦੇ ਸੀ, ਉਸ ਵੇਲੇ ਲੜ ਫੜਾ ਦਿੰਦੇ ਸੀ ਸਾਰੇ ਪੰਥ ਦਾ। ਹੁਣ ਆਪ ਜਾ ਰਹੇ ਓਂ ਕੀਹਦਾ ਲੜ ਫੜੀਏ, ਤੇ ਕੀਹਦੇ ਆਸਰੇ ਅਸੀਂ ਸੰਸਾਰ 'ਤੇ ਰਹਾਂਗੇ, ਕਿਹੜਾ ਸਾਡੀਆਂ ਅਰਦਾਸਾਂ ਸੁਣੇਗਾ, ਕਿਹੜਾ ਸਾਨੂੰ ਧੀਰਜ ਦੇਵੇਗਾ? ਨੌਂਆਂ ਸਰੂਪਾਂ ਤੱਕ ਇਹ ਮਰਿਆਦਾ ਰਹੀ ਕਿ ਭਾਣਾ ਵਰਤਾਉਣ ਤੋਂ ਪਹਿਲਾਂ ਸੰਗਤ ਨੂੰ ਲੜ ਫੜਾ ਦਿਤਾ। ਮਹਾਰਾਜ ਕਹਿਣ ਲੱਗੇ, ਖਾਲਸਾ ਜੀ! ਹੁਣ ਸਮਾਂ ਕਲਜੁਗ ਦਾ ਆ ਗਿਆ, ਕਲਜੁਗ ਬਹੁਤ ਭਿਆਨਕ ਹੋਰ ਆ ਜਾਣਾ ਹੈ। ਸੁੱਧ-ਬੁੱਧ ਨਹੀਂ ਰਹਿਣੀ ਕਿਸੇ ਨੂੰ ਵੀ ਤੇ ਬਹੁਤ ਕਲਜੁਗ ਨੇ ਇਥੇ ਭਿਆਨਕ ਸਮੇਂ ਵਰਤਾਉਣੇ ਨੇ। ਜੇ ਗੁਰੂ ਦੀਆਂ ਸ਼ਕਤੀਆਂ ਦੇਖਣਗੇ ਉਹਦੇ ਪਿੱਛੇ ਲਗਣਗੇ। ਸੰਤਾਂ ਦੀ ਸ਼ਕਤੀ ਦੇਖਣਗੇ, ਉਹਦੇ ਪਿਛੇ ਲਗਣਗੇ। ਰਿੱਧੀਆਂ-ਸਿੱਧੀਆਂ ਪਿਛੇ ਲੋਕਾਂ ਨੇ ਲਗਣਾ ਹੈ। ਉਪਦੇਸ਼ ਨਹੀਂ ਸੁਣਨਾ, ਆਪਣੇ ਕਾਰਜ ਲਈ ਪਿੱਛੇ ਲਗਣਗੇ। ਸੋ ਖੁਦਗਰਜ਼ ਬਣ ਜਾਏਗਾ ਜਗਿਆਸੂ, ਗੁਰੂ ਤੋਂ ਮਜ਼ੂਰੀ ਕਰਾਏਗਾ। ਮੋਖਸ਼ ਨਹੀਂ ਹੋਣੀ, ਸੁਆਰਥੀ ਚੇਲੇ ਹੋਣਗੇ ਤੇ ਜਿਹੜੇ ਇਥੇ ਆਗੂ ਹੋਣਗੇ, ਚਾਹੇ ਉਹ ਸਾਧੂ ਨੇ, ਚਾਹੇ ਉਹ ਸੰਤ ਨੇ, ਚਾਹੇ ਕੋਈ ਨੇ, ਉਨ੍ਹਾਂ ਦਾ ਚਿੱਤ ਪਰਨਾਰੀਆਂ 'ਚ ਭਟਕੇਗਾ। ਪੈਸਾ-ਪੈਸਾ ਕਰਨਗੇ, ਪ੍ਰਭਤਾ ਚਾਹੁੰਣਗੇ, ਬੜੇ ਡਰਾਮੇ ਕਰਨਗੇ। ਆਪਣੇ ਵਾਸਤੇ ਅਡੰਬਰ ਰਚਣਗੇ। ਇਸ ਤਰ੍ਹਾਂ ਦੇ ਨਾਲ ਸੱਚ ਅਲੋਪ ਹੋ ਜਾਏਗਾ। ਚੇਲੇ ਵੀ ਸੁਆਰਥੀ ਤੇ ਸਾਧੂ ਸੰਤ ਵੀ ਨਕਲੀ। ਪੈਸੇ ਤੇ ਪ੍ਰਭਤਾ ਦੇ ਵਿਚ ਰਹਿਣਗੇ। ਗੁਰਸਿਖਾਂ ਦੇ ਘਰਾਂ ਵਿਚ ਜਾ ਕੇ ਟਿਕਿਆ ਕਰਨਗੇ। ਘਰਾਂ ਦੇ ਵਿਚ ਜਾਣਗੇ

ਕਿ ਉਗਰਾਹੀ ਦੇ ਦੇ ਕੁਛ, ਆਪਣੇ ਆਪ ਹੀ ਚਲੇ ਜਾਣਗੇ ਕਿ ਲੈ ਭਾਈ ਗੁਰਮੁਖਾ ਅਸੀਂ ਤੇਰੇ ਘਰ ਆਏ ਹਾਂ, ਐਉਂ ਮੰਗਦੇ ਫਿਰਨਗੇ। ਸਿੱਖ ਦਾ ਝਗੜਾ ਗੁਰੂ ਨਾਲ ਪਏਗਾ। ਜਿਹੜੇ ਅਸਲੀ ਸੰਤ ਹੋਣਗੇ ਉਹ ਛੁਪ ਜਾਣਗੇ, ਉਨ੍ਹਾਂ ਨੇ ਪ੍ਰਗਟ ਨਹੀਂ ਹੋਣਾ। ਏਸ ਵੇਲੇ ਕਿਸੇ ਨੇ ਤੁਹਾਡੀ ਸਹਾਇਤਾ ਨਹੀਂ ਕਰਨੀ।

ਘਰ-ਘਰ ਵਿਚ ਗੁਰੂ ਹੋਏਗਾ, ਨਾਮ ਦੇਣ ਵਾਲਾ। ਘਰ-ਘਰ ਦੇ ਵਿਚ ਪੂਰਨ ਪੁਰਸ਼ ਕਹਾਉਣ ਵਾਲੇ ਹੋਣਗੇ, ਆਪਣੇ ਏਜੰਟ ਰੱਖੇ ਹੋਏਗੇ, ਉਨ੍ਹਾਂ ਏਜੰਟਾਂ ਨੂੰ ਉਹ ਪਾਲਣਗੇ, ਪੈਸੇ ਦੇਣਗੇ ਤੇ ਆਪਣੀ ਮਹਿਮਾ ਕਰਾਉਣਗੇ। ਸਾਧਸੰਗਤ ਜੀ! ਉਸ ਵੇਲੇ ਚੇਲੇ ਤੇ ਗੁਰੂ ਦਾ ਝਗੜਾ ਹੋਏਗਾ, ਗੁਰੂ ਜੇ ਗਰਜਾਂ ਪੂਰੀਆਂ ਕਰੇਗਾ ਚੇਲਿਆਂ ਦੀਆਂ ਤਾਂ, ਤਾਂ ਗੁਰੂ ਨਹੀਂ ਤਾਂ ਉਹਨੂੰ ਛੱਡ ਕੇ ਪਾਸੇ ਹਟ ਜਾਣਗੇ। ਸੋ ਇਸ ਤਰ੍ਹਾਂ ਦੇ ਨਾਲ ਹੁਣ ਮੈਂ ਤੁਹਾਨੂੰ ਐਸੇ ਗੁਰੂ ਦੇ ਲੜ ਲਾਉਣ ਲੱਗਿਆ ਹਾਂ, ਜਿਹੜਾ ਗੁਰੂ ਰਾਗ ਤੇ ਦ੍ਵੈਸ਼ ਤੋਂ ਨਿਆਰਾ ਹੈ। ਸਾਰੀਆਂ ਵਾਸ਼ਨਾਵਾਂ, ਕਾਮਨਾਵਾਂ ਪੂਰੀਆਂ ਕਰੇਗਾ ਤੇ ਉਸ ਗੁਰੂ ਦਾ ਲੜ ਫੜੋ, ਉਹਦੀ ਬਾਣੀ ਨੂੰ ਵਿਚਾਰਿਓ, ਬਚਨ ਨੂੰ ਵਿਚਾਰਿਓ। ਗੁਰੂ ਬਚਨ ਹੁੰਦਾ ਹੈ।

***ਸਤਿਗੁਰ ਬਚਨ ਬਚਨ ਹੈ ਸਤਿਗੁਰ***
***ਪਾਧਰੁ ਮੁਕਤਿ ਜਨਾਵੈਗੋ ॥ ਅੰਗ - ੧੩੦੯***

ਉਹਦੇ ਬਚਨਾਂ ਨੂੰ ਨਾ ਉਲੰਘਿਓ, ਉਨ੍ਹਾਂ ਦਾ ਅਰਥ ਤੋਂ ਅਨਰਥ ਨਾ ਕਰਿਓ। ਆਪਣੀ ਮਰਜ਼ੀ ਵਾਸਤੇ ਨਾ ਅਰਥ ਕਰਿਓ, ਜੋ ਸਿਧਾਂਤ ਹੈ ਉਹਨੂੰ ਬਦਲਿਓ ਨਾ ਸਾਧਸੰਗਤ ਜੀ! ਬੜੇ ਚਲਾਕ ਬੰਦੇ ਹੋਣਗੇ, ਬੜੇ ਤਰ੍ਹਾਂ ਦੇ ਅਰਥ ਕੱਢਣਗੇ। ਗੁਮਰਾਹ ਕਰਨਗੇ, ਉਲਟਿਆਂ ਰਸਤਿਆਂ 'ਤੇ ਪਾਉਣਗੇ। ਮਾੜਿਆਂ ਕੰਮਾਂ 'ਚ ਪ੍ਰਵਿਰਤ ਕਰਨਗੇ, ਮਾੜੀਆਂ ਚੀਜ਼ਾਂ ਖਾਣ ਵਾਸਤੇ ਬਾਰ-ਬਾਰ ਕਹਿਣਗੇ। ਸੋ ਇਸ ਕਰਕੇ ਤੁਸੀਂ ਸਾਵਧਾਨ ਰਹਿਣਾ ਹੈ, ਬਾਣੀ ਦਾ ਲੜ ਨਹੀਂ ਛੱਡਣਾ, ਉਹ ਸਹਾਇਤਾ ਕਰਨਗੇ। ਬਾਕੀ ਹੈ ਜੇ ਕੋਈ ਗੱਲ ਕਰਨੀ ਚਾਹੇ ਉਹ ਗੱਲ ਕਰ ਸਕੇਗਾ। ਇਹ ਨਹੀਂ ਕਿ ਬੰਦ ਹੋ ਗਿਆ ਰਸਤਾ ਗੱਲ ਕਰਨ ਦਾ। ਕਰਾਂਗਾ ਮੈਂ ਗੱਲ, ਮੈਂ ਬੋਲਾਂਗਾ ਜਦ ਮੈਨੂੰ ਬੁਲਾਏਗਾ। ਫੇਰ ਮੇਰੇ ਰੂਪ ਨੂੰ ਸਮਝੋ, ਮੇਰੇ ਤਿੰਨ ਰੂਪ ਨੇ। ਇਕ ਰੂਪ ਮੇਰਾ ਨਿਰਗੁਣ ਹੈ, ਇਕ ਸਰਗੁਣ ਹੈ, ਇਕ ਗੁਰੂ ਦਾ ਸ਼ਬਦ ਹੈ। ਇਨ੍ਹਾਂ ਤਿੰਨਾਂ ਰੂਪਾਂ 'ਚ ਜੋ ਸਭ ਤੋਂ ਸ੍ਰੇਸ਼ਟ ਤੁਹਾਡੇ ਕੋਲ ਹੈ ਉਹ ਗੁਰੂ ਦਾ ਸ਼ਬਦ ਹੈ, ਉਹਦੇ ਲੜ ਮੈਂ ਤੁਹਾਨੂੰ ਲਾ ਕੇ ਜਾਣਾ ਹੈ, ਸੁੰਨਾ ਛੱਡ ਕੇ ਨਹੀਂ ਜਾਣਾ -

***ਧਾਰਨਾ - ਗੁਰੂ ਗ੍ਰੰਥ ਜੀ ਮਾਨਿਓ,***
***ਪ੍ਰਗਟ ਗੁਰਾਂ ਕੀ ਦੇਹ।***
***ਆਗਿਆ ਭਈ ਅਕਾਲ ਕੀ,***
***ਤਬੀ ਚਲਯੋ ਪੰਥ॥***
***ਸਭ ਸਿੱਖਨਿ ਕੋ ਹੁਕਮ ਹੈ,***
***ਗੁਰੂ ਮਾਨਿਓ ਗ੍ਰੰਥ॥***
***ਗੁਰੂ ਗ੍ਰੰਥ ਜੀ ਮਾਨਿਓ,***
***ਪ੍ਰਗਟ ਗੁਰਾਂ ਕੀ ਦੇਹ॥***
***ਜੋ ਪ੍ਰਭ ਕੋ ਮਿਲਬੋ ਚਹੈ,***
***ਖੋਜ ਸਬਦ ਮੈਂ ਲੇਹ॥***

ਸੋ ਇਸ ਕਰਕੇ ਖਾਲਸਾ ਜੀ ਜੇ ਮੇਰਾ ਦਰਸ਼ਨ ਕਰਨਾ ਹੈ -

***ਗੁਰ ਦਰਸ ਜੇ ਦੇਖਨਾ***
***ਸ੍ਰੀ ਗ੍ਰੰਥ ਜੀ ਦਰਸਾਇ॥***

ਭਾਵਨਾ ਦੇ ਨਾਲ ਦੇਖਿਓ ਮੇਰਾ ਝਲਕਾਰਾ ਵਜੇਗਾ। ਇਹ ਬਾਣੀ ਲਾਈਨਾਂ ਨਹੀਂ ਇਹ ਬਿਜਲੀ ਦੀਆਂ ਕਰੰਟ ਨੇ, ਅੰਦਰ ਜਾ ਕੇ ਅਸਰ ਕਰਦੀਆਂ ਨੇ। ਮੰਗੋ ਜੋ ਮੰਗਣਾ ਹੈ, ਤੁਹਾਡੀਆਂ ਸਾਰੀਆਂ ਮੰਗਾਂ ਪੂਰੀਆਂ ਕਰੇਗਾ -

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਅੰਗ - ੬੮੧***

ਭਟਕਿਓ ਨਾ ਤੁਸੀਂ, ਮਨ ਲਾ ਕੇ, ਚਿੱਤ ਲਾ ਕੇ ਗੁਰੂ ਗ੍ਰੰਥ ਸਾਹਿਬ ਪੜ੍ਹੋ, ਇਹ ਸਾਰਾ ਮੇਰੇ ਨਾਲ ਗੱਲਾਂ ਕਰੇਗਾ, ਜੇ ਮੈਂ ਹੁਣ ਗੱਲ ਕਰਾਂ ਤੁਹਾਡੇ ਨਾਲ, ਆਪਾਂ ਕਿੰਨਾ ਚਿਰ ਗੱਲ ਕਰ ਸਕਦੇ ਹਾਂ। ਇਨ੍ਹਾਂ ਨੇ ਨਾ ਥੱਕਣਾ ਹੈ, ਨਾ ਅੱਕਣਾ ਹੈ, ਇਨ੍ਹਾਂ ਲਈ ਗਰੀਬ ਵੀ ਇਕੋ ਜਿਹਾ, ਅਮੀਰ ਵੀ ਇੱਕੋ ਜਿਹਾ। ਰਾਗ, ਦ੍ਵੈਸ਼ ਤੋਂ ਨਿਆਰੇ ਨੇ, ਪੂਰੇ ਸ਼ਕਤੀਆਂ ਦੇ ਮਾਲਕ, ਪੂਰੇ ਬ੍ਰਹਮਗਿਆਨ ਦੇ ਭੰਡਾਰ ਨੇ, ਇਨ੍ਹਾਂ ਤੋਂ ਬਾਹਰ ਨਾ ਜਾਇਓ, ਭਟਕ ਨਾ ਜਾਇਓ। ਭਟਕਾਉਣ ਵਾਲੇ ਆਉਣਗੇ ਬਹੁਤ, ਬੇਅੰਤ ਆਉਣਗੇ।

ਮੇਰੇ ਕੋਲ ਬੇਅੰਤ ਢੇਰ ਲੱਗੇ ਪਏ ਨੇ ਇਤਿਹਾਸਾਂ ਦੇ, ਕੋਈ ਇਤਿਹਾਸ ਨਹੀਂ ਮੈਂ ਛੱਡਿਆ ਪੜ੍ਹਨ ਤੋਂ, ਮੈਂ ਕਿਹਾ ਕਿ ਦੇਖੀਏ ਤਾਂ ਸਹੀ। ਹੁਣ ਜਦ ਗੱਲ ਕਰਨੀ ਹੈ ਤਾਂ ਐਸਾ ਨਾ ਹੋਵੇ ਕਿ ਗੱਲ ਗਲਤ ਹੋ ਜਾਵੇ। ਕੋਈ ਕਿਸੇ ਦੀ ਬਾਂਹ ਫੜ ਕੇ ਲਿਖ ਦਿੰਦਾ ਹੈ, ਕੋਈ ਕਿਸੇ ਦਾ ਪੈਰ। ਆਪਣਾ-ਆਪਣਾ ਮੰਤਵ ਦਸਦੇ ਨੇ। ਉਨ੍ਹਾਂ ਦੀ ਇਕ ਗੱਲ ਤਾਂ ਆਹ ਹੈ ਕਿ ਜੀ ਗੁਰੂ ਸਾਹਿਬ ਮਾਸ ਖਾਂਦੇ ਸੀ, ਉਸੇ ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਦੇਵੀ ਦੀ ਪੂਜਾ ਕਰਦੇ ਸੀ, ਮੰਨ ਲਓਂਗੇ? ਗੁਰੂ ਸਾਹਿਬ ਅਫੀਮ ਖਾਂਦੇ ਸੀ, ਅਫੀਮੀ ਕਹੇਗਾ ਕਿ ਮੌਜਾਂ ਬਣ ਗਈਆਂ ਗੁਰੂ ਸਾਹਿਬ ਵੀ ਖਾਂਦੇ ਸੀ। ਅਗਾਂਹਾਂ ਦੇ ਲਿਖਾਰੀਆਂ ਨੇ ਲਿਖ ਦਿਤਾ ਕਿ ਸਿੰਘਾਂ ਨੂੰ ਸ਼ਰਾਬ ਦਿੰਦੇ ਹੁੰਦੇ ਸੀ ਲੜਾਈ ਤੋਂ ਪਹਿਲਾਂ। ਮੇਰੇ ਕੋਲ ਆ ਕੇ ਦੇਖ ਲਿਓ ਸਭ ਲਿਖੀਆਂ ਪਈਆਂ ਨੇ। ਹੈਰਾਨ ਹੋ ਗਿਆ ਮੈਂ ਪੜ੍ਹ ਕੇ ਕਿ ਐਡੇ ਮਨਮੁਖ। ਐਡੇ ਬੇਮੁਖ ਬੰਦੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਰਲੇ ਪਾਸੇ ਚਲਦੇ ਨੇ। ਬਾਣੀ ਨੂੰ ਰੱਦ ਕਰ ਦਿਤਾ ਇਨ੍ਹਾਂ ਨਾਸਤਕਾਂ ਨੇ। ਬਚੋ ਇਨ੍ਹਾਂ ਤੋਂ ਸਾਧਸੰਗਤ ਜੀ, ਨਾ ਆਓ ਇਨ੍ਹਾਂ ਦੇ ਭੁਲੇਖਿਆਂ 'ਚ, ਜੇ ਲੰਘਣਾ ਹੈ ਪਾਰ। ਜੇ ਰਹਿਣਾ ਹੈ ਗੁਰੂ ਦਾ ਬਣ ਕੇ, ਗੁਰੂ ਦੀ ਬਾਣੀ ਨੂੰ ਕਮਾਓ। ਹੋਰ ਗੱਲ ਨਾ ਸੁਣੋ। ਨਹੀਂ ਅਸੀਂ ਭਟਕ ਜਾਵਾਂਗੇ, ਬੁਰਾ ਹਾਲ ਹੋ ਜਾਏਗਾ ਸਾਡਾ। ਅਸੀਂ ਟੁੱਟ ਗਏ ਗੁਰੂ ਦੇ ਨਾਲੋਂ। ਗੁਰੂ ਨੇ ਆਪਣਾ ਹੱਥ ਚੁਕ ਲਿਆ, ਰੁਲਦੇ ਫਿਰਦੇ ਹਾਂ ਕੋਈ ਮਾਲਕ ਨਹੀਂ ਬਣਦਾ। ਕਿਉਂਕਿ ਅਸੂਲ ਛੱਡ ਦਿਤੇ। ਬਹੁਤ ਉਚੇ ਅਸੂਲ ਗੁਰੂ ਮਹਾਰਾਜ ਨੇ ਸਾਨੂੰ ਦਿਤੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਹੁਕਮ ਦਿਤਾ, ਕਹਿੰਦੇ, ਸਿੰਘੋ! ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਵਾਰੀ ਲੈ ਕੇ ਆਓ। ਹੁਕਮ ਦੀ ਤਾਮੀਲ ਹੋਈ, ਤਖਤ

ਲਾਇਆ ਗਿਆ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਵਾਰੀ ਲਿਆ ਕੇ, ਗੁਰੂ ਮਹਾਰਾਜ ਪ੍ਰਕਾਸ਼ ਕਰ ਦਿਤੇ। ਉਸ ਵੇਲੇ ਮਹਾਰਾਜ ਨੇ ਕਿਹਾ, ਭਾਈ ਧਰਮ ਸਿੰਘ, ਭਾਈ ਸੰਤੋਖ ਸਿੰਘ, ਭਾਈ ਸਾਹਿਬ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਦੀਪ ਸਿੰਘ ਜੀ ਤੁਸੀਂ ਪੰਜੇ ਤਾਬੇ ਖੜ੍ਹ ਜਾਓ, ਗੁਰੂ ਗ੍ਰੰਥ ਸਾਹਿਬ ਦੇ। ਕਿਉਂਕਿ ਮੈਂ ਖਾਲਸੇ ਨੂੰ ਗੁਰਿਆਈ ਚਮਕੌਰ ਸਾਹਿਬ ਦਿਤੀ ਸੀ। ਅੱਜ ਮੈਂ ਵਿਧੀਪੂਰਵਕ ਗੁਰਿਆਈ ਦੇਣੀ ਚਾਹੁੰਦਾ ਹਾਂ। ਪੰਜਾਂ ਸਿੰਘਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ, ਦੋ ਸੱਜੇ ਪਾਸੇ, ਦੋ ਖੱਬੇ ਪਾਸੇ, ਇਕ ਪਿਛਲੇ ਪਾਸੇ ਚੌਰ ਦੇ ਕੇ ਖੜ੍ਹਾ ਦਿਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਆਪ ਖੜ੍ਹੇ ਹੋ ਕੇ ਪੰਜ ਪ੍ਰਕਰਮਾ ਕੀਤੀਆਂ। ਨਾਰੀਅਲ ਹੱਥ ਵਿਚ ਲਿਆ, ਉਸ ਤੋਂ ਬਾਅਦ ਅਰਦਾਸ ਕੀਤੀ ਕਿ ਹੇ ਗੁਰੂਆਂ ਦੇ ਗੁਰੂ, ਸ਼ਬਦ ਗੁਰੂ ਤੂੰ ਆਦਿ ਤੋਂ ਗੁਰੂ ਚਲਿਆ ਆ ਰਿਹਾ ਹੈਂ, ਤੇਰੇ ਤੋਂ ਹੀ ਸੰਸਾਰ ਦੀ ਰਚਨਾ ਹੋਈ ਹੈ, ਸਾਰਾ ਸੰਸਾਰ ਤੇਰੇ ਵਿਚ ਹੀ ਸਮਾਅ ਜਾਏਗਾ ਤੇ ਅੱਜ ਮੈਂ ਏਸ ਪੰਥ ਦੀ ਖੜਗ ਕੇਤ ਨੂੰ ਬਾਂਹ ਫੜਾ ਰਿਹਾ ਹਾਂ। ਤੁਸੀਂ ਇਹਦੀ ਲਾਜ ਰੱਖਣੀ, ਬਾਂਹ ਫੜ ਕੇ ਰੱਖਣੀ ਇਨ੍ਹਾਂ ਦੀ। ਪ੍ਰਕਾਸ਼ ਇਨ੍ਹਾਂ ਦੇ ਹਿਰਦੇ ਦੇ ਵਿਚ ਸ਼ਬਦ ਦਾ ਹੋਵੇ।

ਸੋ ਉਸ ਵੇਲੇ ਆਪ ਜੀ ਨੇ ਪੰਜ ਪ੍ਰਕਰਮਾ ਕਰੀਆਂ। ਨਾਰੀਅਲ ਭੇਟ ਕਰਕੇ ਪ੍ਰਵਾਨ ਕਰ ਦਿਤਾ ਕਿ ਖਾਲਸਾ ਜੀ! ਮੈਂ ਜਿਸ ਤਰ੍ਹਾਂ ਗੁਰੂ ਨਾਨਕ ਨੇ ਜੋਤ ਗੁਰੂ ਅੰਗਦ ਸਾਹਿਬ ' ਰੱਖੀ, ਗੁਰੂ ਅੰਗਦ ਸਾਹਿਬ ਨੇ ਗੁਰੂ ਅਮਰਦਾਸ ਮਹਾਰਾਜ ਜੀ ਵਿਚ ਰੱਖੀ, ਗੁਰੂ ਅਮਰਦਾਸ ਮਹਾਰਾਜ ਜੀ ਗੁਰੂ ਰਾਮਦਾਸ ਕਹਾਏ, ਰਾਮਦਾਸ ਮਹਾਰਾਜ ਜੀ ਗੁਰੂ ਅਰਜਨ ਕਹਾਏ, ਗੁਰੂ ਅਰਜਨ ਗੁਰੂ ਹਰਿਗੋਬਿੰਦ ਸਾਹਿਬ ਕਹਾਏ, ਗੁਰੂ ਹਰਿਗੋਬਿੰਦ ਸਾਹਿਬ ਹਰਿ ਰਾਏ, ਗੁਰੂ ਹਰਿਰਾਏ ਸਾਹਿਬ ਗੁਰੂ ਹਰਿਕ੍ਰਿਸ਼ਨ ਕਹਾਏ, ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰੂ ਤੇਗ ਬਹਾਦਰ ਜੀ ਬਣੇ, ਗੁਰੂ ਤੇਗ ਬਹਾਦਰ ਤੋਂ ਆਹ ਦਾਸ ਬਣਿਆ ਤੇ ਹੁਣ ਉਹੀ ਅਮਾਨਤ, ਓਹੀ ਜੋਤ ਗੁਰੂ ਪ੍ਰਮੇਸ਼ਰ ਜੋ ਅਕਾਲ ਪੁਰਖ ਨੇ ਕਿਹਾ ਸੀ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ, ਉਹ ਗੁਰੂ ਪ੍ਰਮੇਸ਼ਰ ਦੀ ਜੋਤ ਅੱਜ ਮੈਂ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਕਰਕੇ ਆਹ ਤੁਹਾਡੇ ਸਾਮ੍ਹਣੇ ਮੈਂ ਨਮਸ਼ਕਾਰ ਕਰ ਰਿਹਾ ਹਾਂ, ਗੁਰੂਆਂ ਦੇ ਗੁਰੂ ਨੇ ਇਹ, ਇਨ੍ਹਾਂ ਦਾ ਲੜ ਨਾ ਛੱਡਣਾ। ਕਿਸੇ ਭੁਲੇਖੇ ਵਿਚ ਨਾ ਆਉਣਾ, ਇਨ੍ਹਾਂ 'ਚ ਸ਼ਕਤੀ ਹੈ। ਬਾਕੀ ਹੈ ਬਚਨ ਮੰਨਣਾ, ਤੁਸੀਂ ਬਚਨ ਮੰਨੋ, ਗੁਰੂ ਕਹਿੰਦਾ ਹੈ ਕਿ ਤੁਸੀਂ ਗੁਰਮੁਖਾਂ ਦੀ ਸੰਗਤ ਕਰੋ, ਬੰਦਗੀ ਕਰਨ ਵਾਲਿਆਂ ਦੀ ਸੰਗਤ ਕਰੋ, ਨਾਮ ਜਪਣ ਵਾਲਿਆਂ ਦੀ ਸੰਗਤ ਕਰੋ, ਉਨ੍ਹਾਂ ਨੂੰ ਆਦਰ ਦਿਓ, ਜੀਅ ਭਰ ਕੇ ਦਿਓ, ਕਿੰਨਾ ਲਿਖਿਆ ਹੈ। ਮਹਾਰਾਜ ਕਹਿੰਦੇ ਨੇ –

***ਤੈ ਸਾਹਿਬ ਕੀ ਬਾਤ ਜਿ ਆਖੈ***
***ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ***
***ਵਿਣੁ ਸਿਰ ਸੇਵ ਕਰੀਜੈ ॥*** ***ਅੰਗ - ੫੫੮***

ਕਿੰਨਾ ਆਦਰ ਦਿੰਦੇ ਹਾਂ, ਜਿਹੜਾ ਸਾਨੂੰ ਰਾਹ ਪਾ ਦੇਵੇ, ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਜਾਹ ਮੇਰੇ ਪਿਆਰਿਆਂ ਦੇ, ਜਿਨ੍ਹਾਂ ਨੇ ਮੈਨੂੰ ਪ੍ਰਗਟ ਕਰ ਲਿਆ ਆਪਣੇ ਹਿਰਦੇ 'ਚ, ਉਨ੍ਹਾਂ ਤੋਂ ਜਾ ਕੇ ਪੁੱਛੋ, ਮੈਂ ਕੀ ਹੈਗਾ? ਉਨ੍ਹਾਂ ਤੋਂ ਸਮਝੋ ਸ਼ਬਦ ਦੀ ਸਾਰ। ਸ਼ਬਦ ਦੇ ਭੇਤ ਸਮਝੋ। ਫੇਰ ਤੁਸੀਂ ਤਰ ਜਾਵੋਂਗੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ, ਆਪ ਅੰਮ੍ਰਿਤ ਵੇਲਾ ਦੂਸਰਾ ਦਿਨ ਹੋਇਆ, ਦੂਸਰੇ ਦਿਨ ਉਪਦੇਸ਼ ਦੇਈ ਗਏ, ਉਸ ਤੋਂ ਬਾਅਦ ਆਪ ਨੇ ਕੇਸੀ ਇਸ਼ਨਾਨ ਕਰਿਆ ਤੇ ਸਫੈਦ ਵਸਤਰ ਪਹਿਨੇ, ਸਾਰੇ ਸ਼ਸਤਰ ਸਜਾਏ ਤੇ ਪੰਜ ਹਜ਼ਾਰ ਦੇ ਚੰਦਨ ਦੀ ਚਿਖਾ ਬਣਾਈ, ਕਨਾਤਾਂ ਤਾਣ ਦਿਤੀਆਂ ਗਈਆਂ ਤੇ ਗੁਰੂ ਮਹਾਰਾਜ ਸਾਰੇ ਖਾਲਸੇ ਨੂੰ ਅਸੀਸਾਂ ਦਿੰਦੇ ਹੋਏ, ਚਿਖਾ ਵਲ ਨੂੰ ਵਧੇ। ਸਾਰਿਆਂ ਦਾ ਧੀਰਜ ਟੁੱਟ ਗਿਆ, ਉਚੀ-ਉਚੀ ਰੋਂਦੇ ਨੇ, ਰੋਕ ਨਾ ਸਕੇ ਵੈਰਾਗ ਨੂੰ। ਮਹਾਰਾਜ ਜੀ ਕਨਾਤ ਦੇ ਵਿਚੋਂ ਜਾ ਕੇ ਦੁਬਾਰਾ ਵਾਪਸ ਆ ਗਏ, ਜਥੇਦਾਰ ਸੰਤੋਖ ਸਿੰਘ ਜੀ ਅੱਗੇ ਸੀ ਸਾਰਿਆਂ ਤੋਂ। ਉਨ੍ਹਾਂ ਨੇ ਇਰਾਦਾ ਕਰ ਲਿਆ ਕਿ ਚਾਹੇ ਮੇਰੀਆਂ ਬਾਹਾਂ ਕਟ ਜਾਣ, ਕੁਛ ਹੋ ਜਾਏ, ਮੈਂ ਗੁਰੂ ਸਾਹਿਬ ਨੂੰ ਕਨਾਤ ਦੇ ਅੰਦਰ ਜਾਣ ਨਹੀਂ ਦੇਣਾ ਤੇ ਨੱਠ ਕੇ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ ਨੂੰ ਜੱਫਾ ਮਾਰ ਲਿਆ ਕਿ ਮੈਂ ਨਹੀਂ ਹੁਣ ਛੱਡਣਾ। ਹੈਰਾਨ ਹੋ ਗਿਆ, ਕਿਸੀ ਨੂੰ ਜੱਫਾ ਨਹੀਂ ਪਿਆ, ਛਾਤੀ ਨਾਲ ਬਾਹਾਂ ਲੱਗ ਗਈਆਂ, ਹੈਂ ਇਹ ਕੀ ਹੋਇਆ, ਗੁਰੂ ਮਹਾਰਾਜ ਤਾਂ ਮੇਰੇ ਕਲਾਵੇ ਵਿਚ ਆਏ ਹੀ ਨਾ। ਦੁਬਾਰਾ ਫੇਰ ਕਰਿਆ, ਤੀਜੀ ਵਾਰੀ ਫੇਰ ਕਰਿਆ, ਗੁਰੂ ਮਹਾਰਾਜ ਮੁਸਕਰਾ ਰਹੇ ਨੇ, ਕਹਿੰਦੇ ਸੰਤੋਖ ਸਿੰਘਾ! ਫੜ ਲੈ ਜੇ ਅਸੀਂ ਫੜ ਹੁੰਦੇ ਹਾਂ।

ਕਹਿਣ ਲੱਗੇ, "ਮਹਾਰਾਜ! ਕੌਤਕ ਕੀ ਹੈ?"

ਮਹਾਰਾਜ ਜੀ ਨੇ ਕਿਹਾ ਕਿ ਆਹ ਸਾਡਾ ਸਰੀਰ ਹੈ ਅਸਲੀ, ਜਿਹਦੇ ਨਾਲ ਅਸੀਂ ਤੁਹਾਡੇ ਵਿਚ ਵਰਤ ਰਹੇ ਹਾਂ। ਇਹਦਾ ਰੂਪ, ਰੰਗ, ਰੇਖ, ਭੇਖ ਨਹੀਂ ਹੈ ਕੋਈ, ਤੈਨੂੰ ਦਿਖਾ ਦਿਤਾ ਅਸੀਂ। ਇਹ ਅਤਿ ਸੂਖਸ਼ਮ ਸਰੀਰ ਹੈ, ਇਹਦੇ ਨਾਲ ਮੈਂ ਖਾਲਸੇ 'ਚ ਵਰਤਣਾ ਹੈ, ਮਤ ਜਾਣਿਓ ਕਿ ਅਸੀਂ ਚਲੇ ਗਏ, ਐਹ ਸਰੂਪ 'ਚ ਵੀ ਅਸੀਂ ਪ੍ਰਗਟ ਹਾਂ।

ਉਸ ਵੇਲੇ ਦੂਸਰਿਆਂ ਨੇ ਵੀ ਇਸੇ ਤਰ੍ਹਾਂ ਨਾਲ ਕਰਿਆ। ਮਹਾਰਾਜ ਮੁਸਕਰਾ ਰਹੇ ਨੇ, ਅਸੀਸਾਂ ਦੇ ਰਹੇ ਨੇ, ਨਾ ਉਦਾਸ ਹੋਵੋ, ਗੱਲ ਸਮਝੋ ਸਰੀਰ ਨੂੰ ਅਸੀਂ ਲਾਂਭੇ ਕਰ ਰਹੇ ਹਾਂ। ਜਿਵੇਂ ਪੁਰਾਣਾ ਕੱਪੜਾ ਲਾਹ ਦੇਈਦਾ ਹੈ, ਅਸੀਂ ਤਾਂ ਕਿਤੇ ਨਹੀਂ ਜਾਂਦੇ। ਉਸ ਵੇਲੇ ਆਪ ਸੂਖਸ਼ਮ ਸਰੀਰ ਦੇ ਦਰਸ਼ਨ ਕਰਾ ਕੇ, ਆਪ ਜੀ ਕਨਾਤ ਵਲ ਵਧੇ, ਕਨਾਤ ਬੰਦ ਕਰ ਦਿਤੀ, ਹੁਕਮ ਕਰ ਦਿਤਾ ਕਿ ਕੋਈ ਅੰਦਰ ਨਾ ਆਵੇ। ਆਪ ਜੀ ਨੇ ਜਾ ਕੇ ਚੌਂਕੜਾ ਮਾਰ ਲਿਆ ਤੇ ਆਪਣੇ ਅੰਦਰੋਂ ਹੀ ਯੋਗ ਮਾਇਆ ਦੇ ਨਾਲ ਅਗਨ ਕੱਢ ਲਈ, ਕਿਸੇ ਨੇ ਲਾਂਬੂ ਨਹੀਂ ਲਾਇਆ, ਕਪਾਲ ਕ੍ਰਿਆ ਕਿਸੇ ਨੇ ਨਹੀਂ ਕਰੀ। ਗੁਰੂ ਨਾਨਕ ਵੀ ਆਪਣੇ ਆਪ ਹੀ ਗਏ ਸੀ ਜਦੋਂ ਝਗੜਾ

ਪੈ ਗਿਆ ਸੀ, ਉਸ ਵੇਲੇ ਹੈਰਾਨ ਹੋ ਗਏ ਸੀ ਕਿ ਗੁਰੂ ਨਾਨਕ ਤਾਂ ਹੈ ਹੀ ਨਹੀਂ, ਇਹ ਤਾਂ ਫੁੱਲ ਪਏ ਨੇ ਉਥੇ, ਅੱਧੇ ਮੁਸਲਮਾਨਾਂ ਨੇ ਲੈ ਲਏ, ਅੱਧੇ ਹਿੰਦੂਆਂ ਨੇ ਲੈ ਲਏ, ਕਿਉਂਕਿ ਗੁਰੂ ਸਰੀਰ ਨਹੀਂ ਹੁੰਦਾ, ਗੁਰੂ ਜੋਤ ਹੁੰਦੀ ਹੈ। ਉਹ ਜੋਤ ਸਦੀਵੀ ਹੁੰਦੀ ਹੈ, ਅਦਲੀ ਜੋਤ, ਉਸ ਜੋਤ ਦਾ ਕਦੇ ਨਾਸ਼ ਨਹੀਂ ਹੋਇਆ ਕਰਦਾ, ਉਹਨੂੰ ਹਿਰਦੇ 'ਚ ਵਸਾਓ, ਨਾਲ ਸਮਝੋ, ਨਾਲ ਰਹੇਗਾ ਉਹ।

ਉਸ ਵੇਲੇ ਬਹੁਤ ਉਦਾਸੀ ਛਾਈ, ਬਹੁਤ ਰੌਸ਼ਨੀ ਹੋਈ, ਅੰਮ੍ਰਿਤ ਵੇਲਾ ਹੋ ਗਿਆ, ਬਹੁਤ ਉਦਾਸ ਬੈਠੇ ਨੇ, ਇਕ ਸਾਧੂ ਆ ਜਾਂਦਾ ਹੈ, ਕਹਿਣ ਲੱਗਿਆ, ਗੁਰਸਿੱਖੋ! ਤੁਸੀਂ ਐਉਂ ਉਦਾਸ ਬੈਠੇ ਓਂ?

ਸਿੰਘਾਂ ਨੇ ਕਿਹਾ ਕਿ ਆਹ ਭਾਣਾ ਵਰਤ ਗਿਆ, ਅਸੀਂ ਆਪ ਦੇਖਿਆ ਹੈ, ਐਸ ਤਰ੍ਹਾਂ ਨਾਲ ਪੜ੍ਹੋ –

***ਧਾਰਨਾ – ਪਿਆਰੇ ਜੀ, ਜੋਤੀ ਅੰਦਰ ਜੋਤ***
***ਰਲ ਗਈ, ਸਤਿਗੁਰ ਰੂਪ ਹਰੀ ਦਾ ਹੋ ਗਏ।***

ਸਮੁੰਦਰ 'ਚੋਂ ਲਹਿਰ ਉਠੀ ਸਮੁੰਦਰ 'ਚ ਰਲ ਗਈ।

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ – ੨੭੮***

ਉਹ ਜੋ ਗੁਰੂ ਮਹਾਰਾਜ ਅੱਡ ਨਜ਼ਰ ਆਉਂਦੇ ਸੀ, ਸਾਧਸੰਗਤ ਜੀ! ਸਾਰੇ ਥਾਂ 'ਤੇ ਪ੍ਰੀਪੂਰਨ ਨੇ, ਕੋਈ ਥਾਂ ਐਸਾ ਨਹੀਂ ਜਿਥੇ ਉਹ ਨਹੀਂ ਹੈਗੇ। ਇਹ ਤਾਂ ਹੈਗੀ ਸਚਾਈ। ਬਾਕੀ ਹੈ ਆਪਣੇ ਵਿਸ਼ਵਾਸ਼ ਦੀ ਕਮਜ਼ੋਰੀ ਕਿ ਗੁਰੂ ਸਾਹਿਬ ਫਲਾਣੇ ਥਾਉਂ ਦਰਸ਼ਨ ਦੇਣਗੇ, ਫਲਾਣੇ ਥਾਉਂ ਦੇਣਗੇ। ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਭੁਲੇਖਿਆਂ 'ਚ ਨਾ ਪਇਓ –

***ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥***
***ਅੰਗ – ੧੧੯੫***

ਜਿਥੇ ਖੜ੍ਹੇ ਹੋ ਕੇ ਮੱਥਾ ਟੇਕ ਲਓਂਗੇ, ਗੁਰੂ ਸਾਹਿਬ ਉਸੇ ਥਾਉਂ ਨੇ। ਭਟਕਣ ਦੀ ਲੋੜ ਨਹੀਂ ਸਾਨੂੰ। ਗੁਰੂ ਸਾਹਿਬ ਅੰਦਰ ਵਸਦੇ ਨੇ ਸਾਡੇ, ਜੁੜੋ ਅੰਦਰੋਂ ਉਨ੍ਹਾਂ ਨਾਲ।

ਸੋ ਇਸ ਤਰ੍ਹਾਂ ਦੇ ਨਾਲ ਗੁਰਸਿੱਖਾਂ ਨੇ ਕਿਹਾ ਕਿ ਆਹ ਘਟਨਾ ਵਾਪਰੀ ਹੈ, ਉਹ ਕਹਿੰਦਾ ਕਿ ਨਹੀਂ, ਮੈਨੂੰ ਤਾਂ ਸੁਨੇਹਾ ਦੇ ਕੇ ਗਏ ਨੇ, ਘੋੜੇ ਤੇ ਸਵਾਰ ਸੀ, ਕੁਮੈਇਤ ਘੋੜੇ 'ਤੇ, ਮੈਨੂੰ ਉਨ੍ਹਾਂ ਨੇ ਕਿਹਾ ਕਿ ਖਾਲਸੇ ਨੂੰ ਕਹੀਂ ਕਿ ਦਲਗੀਰ ਨਾ ਹੋਵੇ, ਅਸੀਂ ਕਿਤੇ ਨਹੀਂ ਜਾ ਰਹੇ, ਅਸੀਂ ਸਦਾ ਨਾਲ ਹਾਂ, ਜਦ ਤਕ ਉਹ ਸਾਡੇ ਨਾਲ ਹੈ, ਅਸੀਂ ਉਨ੍ਹਾਂ ਦੇ ਨਾਲ ਹਾਂ।

ਐਨੇ ਨੂੰ ਇਕ ਗੁਰਸਿੱਖ ਜੋ ਪਹਿਲੇ ਦਿਨ ਦਾ ਗਿਆ ਹੋਇਆ ਸੀ, ਬਾਹਰ ਆਇਆ, ਕਹਿਣ ਲੱਗਿਆ, ਜਥੇਦਾਰ ਜੀ! ਐਨਾ ਅਫਸੋਸ ਕਿਉਂ ਕਰੀ ਜਾਂਦੇ ਓਂ? ਕਹਿੰਦੇ ਤੈਨੂੰ ਨਹੀਂ ਪਤਾ ਗੁਰੂ ਮਹਾਰਾਜ ਜੋਤੀ ਜੋਤ ਸਮਾ ਗਏ। ਕਹਿੰਦਾ, ਕਦ? ਮੈਨੂੰ ਤਾਂ ਉਹ ਮਿਲੇ ਨੇ, ਮੈਨੂੰ ਉਨ੍ਹਾਂ ਨੇ ਭੇਜਿਆ ਹੈ ਕਿ ਜਾ ਕੇ ਸੁਨੇਹਾ ਦੇਹ। ਦੋ ਗਵਾਹੀਆਂ।

ਤੀਸਰੀ ਬਾਲਾ ਜੀ ਤੇ ਬਾਜੀਰਾਓ ਦੋ ਮਰਹੱਟੇ ਸਰਦਾਰ ਪੂਨੇ 'ਚ ਕੈਦ ਸੀ, ਉਨ੍ਹਾਂ ਨੂੰ ਜੇਲ੍ਹ ਵਿਚੋਂ ਕੱਢ ਕੇ ਬਾਹਰ ਛੱਡ ਗਏ, ਸੂਖਸ਼ਮ ਸਰੀਰ ਦੇ ਨਾਲ। ਕਹਿੰਦੇ ਜਾਓ, ਖਾਲਸੇ ਨੂੰ ਦੱਸ ਦਿਓ ਕਿ ਮੈਂ ਕਿਤੇ ਨਹੀਂ ਗਿਆ। ਮੈਂ ਅੰਗ ਸੰਗ ਹਾਂ ਉਨ੍ਹਾਂ ਦੇ। ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ, ਗੁਰੂ ਕਿਤੇ ਨਹੀਂ ਗਏ, ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਜੋਤ ਸਮਾ ਗਈ। ਸੋ ਗੁਰੂ ਗ੍ਰੰਥ ਸਾਹਿਬ ਦਾ ਲੜ ਫੜੋ ਜੋ ਇਹ ਬਚਨ ਕਹਿੰਦੇ ਨੇ ਉਹ ਮੰਨੋ। ਅਸੀਂ ਤਾਂ ਲਗ ਜਾਂਦੇ ਹਾਂ ਉਲਟੇ ਕੰਮ ਕਰਨ। ਬਚਨ ਟਾਲ ਦਿੰਦੇ ਹਾਂ। ਮਹਾਰਾਜ ਕਹਿੰਦੇ ਨੇ ਕਿ ਜਿਹੜਾ ਗੁਰਸਿੱਖ ਹੈ ਨਾ ਨਾਮ ਜਪਦਾ ਤੇ ਜਪਾਉਂਦਾ, ਉਹਦੀ ਪਦਵੀ ਵੀ ਐਡੀ ਹੈ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***
***ਅੰਗ – ੩੦੬***

ਬੰਦਗੀ ਕਰਨ ਵਾਲੇ ਦਾ ਆਦਰ ਮਹਾਰਾਜ ਨੇ ਕਰਾਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰਮੁਖਾਂ ਦੀ ਸੰਗਤ ਵਿਚ ਰਲ ਕੇ ਚੱਲੋਗੇ, ਉਸ ਵੇਲੇ ਸਾਨੂੰ ਰੂਹਾਨੀ ਮਾਰਗ ਦਾ ਭੇਤ ਆਏਗਾ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਭ ਕੁਛ ਹੈ, ਵੱਡੇ-ਵੱਡੇ ਜਿਹੜੇ ਮਹਾਤਮਾ ਹੋਏ ਨੇ, ਇਥੋਂ ਰੋਸ਼ਨੀ ਲੈਂਦੇ ਰਹੇ ਨੇ ਕਿਉਂਕਿ ਜਗ ਵਿਚ ਚਾਨਣ ਹੈ, ਚਾਨਣ ਵਲ ਪਿੱਠ ਨਾ ਕਰ ਲਿਓ। ਪਿੱਠ ਕਰਾਂਗੇ ਤਾਂ ਹਨ੍ਹੇਰਾ ਸਾਡੇ ਅੰਦਰ ਆ ਜਾਏਗਾ। ਇਹਦੇ ਵਲ ਮੁਖ ਰੱਖੋ, ਅੰਦਰ ਪ੍ਰਕਾਸ਼ ਕਰੋ ਸ਼ਬਦ ਦਾ। ਨਹੀਂ ਤਾਂ ਹਨ੍ਹੇਰਾ ਹੈ –

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ – ੧੨੪***

ਭਟਕੋ ਨਾ, ਜਾਣ ਦੀ ਲੋੜ ਨਹੀਂ ਕਿਤੇ, ਬਾਣੀ ਦਾ ਲੜ ਫੜ ਲਓ, ਜਦੋਂ ਬਾਣੀ ਦਾ ਲੜ ਫੜ ਲਓਂਗੇ, ਸਾਰੀਆਂ ਮੁਸ਼ਕਲਾਂ ਆਪੇ ਹੀ ਹੱਲ ਹੋ ਜਾਣੀਆਂ ਨੇ। ਇਹਦੇ ਮੁਤਾਬਿਕ ਜੀਵਨ ਢਾਲ ਲਓ, ਜਿਵੇਂ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ। ਇਹ ਕਹਿੰਦੇ ਨੇ –

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ – ੧੨੯੯***

ਮਹਾਰਾਜ ਨੇ ਕਰਤਾਰਪੁਰ ਬੰਨ੍ਹਿਆ, ਗੁਰੂ ਛੇਵੇਂ ਪਾਤਸ਼ਾਹ ਨੇ। ਕੁਛ ਮੁਸਲਮਾਨ ਆ ਕੇ ਕਹਿਣ ਲੱਗੇ ਕਿ ਮਹਾਰਾਜ! ਜੇ ਆਗਿਆ ਹੋਵੇ ਤਾਂ ਅਸੀਂ ਵੀ ਇਥੇ ਘਰ ਬਣਾ ਲਈਏ। ਮਹਾਰਾਜ ਕਹਿੰਦੇ, ਬੜੀ ਖੁਸ਼ੀ ਨਾਲ। ਥੋੜ੍ਹੇ ਦਿਨ

(ਬਾਕੀ ਪੰਨਾ ਤੇ)

# ਮਾਨਵਤਾ ਦੇ ਨਾਂ
# (A Call To Humanity)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਨਵਾਂ ਮੋੜ

ਮਨੁੱਖ ਇਕ ਸਰੀਰ ਹੈ, ਪਰ ਉਹ ਕੇਵਲ ਇਕ ਸਰੀਰ ਹੀ ਨਹੀਂ। ਮਨੁੱਖ ਤਾਂ ਇਕ ਸ਼ੁੱਧ, ਪਵਿੱਤਰ ਅਨੰਤ ਚੇਤਨਾ ਹੈ, ਮਨੁੱਖ ਨੂੰ ਆਪਣਾ ਸਮਾਂ ਇੰਦ੍ਰੀਆਂ ਦੇ ਸੁੱਖ ਭੋਗਣ ਵਿਚ ਨਹੀਂ ਗੁਆ ਦੇਣਾ ਚਾਹੀਦਾ। ਉਸ ਨੂੰ ਆਪਣੀ ਪਛਾਣ ਕਰਨੀ ਚਾਹੀਦੀ ਹੈ, ਆਪਣੇ ਜੀਵਨ ਮਨੋਰਥ ਦੀ ਪੂਰਤੀ ਕਰਨੀ ਚਾਹੀਦੀ ਹੈ। ਸਰੀਰ ਤੇ ਮਨ ਦੇ ਮਨੋਰਥ ਦੀ ਪੂਰਤੀ ਉਦੋਂ ਹੀ ਹੁੰਦੀ ਹੈ, ਜਦੋਂ ਉਨ੍ਹਾਂ ਨੂੰ ਜੀਵਨ ਦੇ ਉਤਮ ਉਦੇਸ਼ ਪ੍ਰਾਪਤੀ ਲਈ ਵਰਤਿਆ ਜਾਵੇ। ਨਾ ਸਰੀਰ ਨਾ ਮਨ ਹੀ ਜੀਵਨ ਦਾ ਆਧਾਰ ਹੋ ਸਕਦੇ ਹਨ ਕਿਉਂਕਿ ਇਹ ਤਾਂ ਕਿਸੇ ਹੋਰ ਮਨੋਰਥ ਲਈ ਹਨ। ਜਦੋਂ ਅਸੀਂ ਇਕ ਵਾਰੀ ਇਹ ਵਿਚਾਰ ਲਈਏ ਅੰਦਰ ਜਾਣ ਜਾਈਏ ਕਿ ਸਰੀਰ ਤੇ ਮਨ, ਸ੍ਵਾਸ ਤੇ ਇੰਦਰੀਆਂ ਤਾਂ ਅੰਦਰ ਦੇ ਸੁਆਮੀ ਦੀ ਸੇਵਾ ਵਿਚ ਹਨ, ਜਿਸਨੂੰ ਅਸੀਂ ਅਜੇ ਨਹੀਂ ਜਾਣ ਸਕੇ। ਉਹ ਕਿਹੜਾ ਸੁਆਮੀ ਹੈ? ਪੁਰਾਤਨ ਗ੍ਰੰਥਾਂ ਅਨੁਸਾਰ ਉਸਨੂੰ ਜਾਨਣ ਤੋਂ ਬਾਅਦ ਕੁਛ ਜਾਨਣ ਲਈ ਰਹਿ ਹੀ ਨਹੀਂ ਜਾਂਦਾ। ਉਸਨੂੰ ਇਕ ਨੂੰ ਜਾਨਣ ਤੋਂ ਬਾਅਦ ਤੁਸੀਂ ਅਮਰ ਹੋ ਜਾਂਦੇ ਹੋ ਤੁਸੀਂ ਅਜੈ ਹੋ ਜਾਂਦੇ ਹੋ। ਉਹ ਸੁਆਮੀ ਉਹ ਮਾਲਕ ਹੈ, ਆਤਮਾ, ਸ਼ੁੱਧ ਚੇਤਨਾ। ਜਿਹੜਾ ਵੀ ਮਨੁੱਖ ਆਤਮਾ ਨੂੰ ਜਾਨਣ ਦੀ ਚੇਸ਼ਟਾ ਰਖਦਾ ਹੈ, ਉਸਨੂੰ ਸਭ ਤੋਂ ਪਹਿਲਾਂ ਸੰਸਾਰ ਦੇ ਸਰੋਤਾਂ ਦੀ, ਸੰਸਾਰ ਦੀਆਂ ਵਸਤੂਆਂ ਦੀ ਵਰਤੋਂ ਜੁਗਤ ਦਾ ਪਤਾ ਹੋਣਾ ਚਾਹੀਦਾ ਹੈ, ਠੀਕ ਵਰਤੋਂ ਦਾ ਪਤਾ ਹੋਣਾ ਚਾਹੀਦਾ ਹੈ। ਸੰਸਾਰਕ ਵਸਤੂਆਂ ਉਸ ਦੇ ਜੀਵਨ ਦਾ ਗੋਲ ਨਹੀਂ ਬਣ ਜਾਣੀਆਂ ਚਾਹੀਦੀਆਂ, ਇਹ ਤਾਂ ਸਾਧਨ ਹਨ, ਬਿਨਾਂ ਢੁਕਵੇਂ, ਠੀਕ ਸਾਧਨਾ ਤੋਂ ਤੁਸੀਂ ਆਪਣੇ ਗੋਲ ਤੱਕ, ਆਪਣੇ ਉਦੇਸ਼ ਤੱਕ ਨਹੀਂ ਪਹੁੰਚ ਸਕਦੇ।

ਮਜ਼੍ਹਬ ਜਾਂ ਅਧਿਆਤਮਵਾਦ ਦਾ ਉਦੇਸ਼, ਮਨੁੱਖਤਾ ਦੀ ਸਹਾਇਤਾ ਕਰਕੇ ਉਸਨੂੰ ਆਤਮ ਸਿੱਧੀ, ਆਤਮ ਸਾਧਨ ਤੱਕ ਲੈ ਜਾਣਾ ਹੈ, ਪਹੁੰਚਾਣਾ ਹੈ। ਆਮ ਤੌਰ ਤੇ ਮਜ਼ਹਬ ਫਿਲੌਸਫੀ, ਮਿਥਿਹਾਸ, ਕਰਮਕਾਂਡ, ਚਾਲ-ਚਲਨ ਵਤੀਰੇ ਦੇ ਨਿਯਮ ਅਤੇ ਸਮਾਜਿਕ ਕਾਨੂੰਨ ਦਾ ਮਿਸ਼ਰਨ ਹੁੰਦਾ ਹੈ। ਮਜ਼ਹਬ ਦੇ ਇਹ ਸਾਰੇ ਤੱਤ, ਅੰਸ਼ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਸੰਤੁਲਿਤ ਰੱਖਣ ਲਈ ਹਨ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਇਹ ਸਾਰੇ ਪਹਿਲੂ ਮਜ਼ਹਬ ਦਾ ਉਦੇਸ਼, ਮਜ਼ਹਬ ਦਾ ਗੋਲ ਨਹੀਂ ਹਨ, ਇਹ ਤਾਂ ਮਨ ਵਿਚ ਗੁਣ ਪੈਦਾ ਕਰਨ ਲਈ ਹਨ, ਹਿਰਦੇ ਨੂੰ ਗੁਣ ਭਰਪੂਰ ਕਰਨ ਲਈ ਹਨ। ਇਸ ਤਰ੍ਹਾਂ ਨਾਲ ਤੁਸੀਂ ਬੜੀ ਸੌਖੀ ਤਰ੍ਹਾਂ ਜੀਵਨ ਦੇ ਵੱਖ-ਵੱਖ ਪਹਿਲੂਆਂ ਤੇ ਸਮਾਂ, ਸ਼ਕਤੀ ਪ੍ਰਦਾਨ ਕਰਕੇ ਸਤਿ ਦੀ ਪ੍ਰਾਪਤੀ ਕਰ ਸਕਦੇ ਹੋ। ਹਰ ਇਕ ਮਜ਼ਹਬ ਦਾ ਇਹ ਹੀ ਇਕ ਗੋਲ ਹੈ। ਬਹੁਤ ਵਾਰੀ ਲੋਕੀ ਸਾਧਨ ਬਨਾਉਣ ਸਾਧਨ ਇਕੱਠੇ ਕਰਨ ਵਿਚ ਲੱਗੇ ਰਹਿੰਦੇ ਹਨ, ਅਸਲੀ ਉਦੇਸ਼ ਨੂੰ ਭੁੱਲ ਹੀ ਜਾਂਦੇ ਹਨ। ਸੰਸਾਰ ਦੇ ਵੱਖ-ਵੱਖ ਮਜ਼ਹਬਾਂ ਨੇ ਉਦੇਸ਼ ਪ੍ਰਾਪਤੀ ਦੇ ਵੱਖ-ਵੱਖ ਸਾਧਨ ਦਿੱਤੇ ਹਨ, ਇਸੇ ਕਰਕੇ ਸਾਧਨ ਪੱਖੋਂ ਇਕ ਮਜ਼ਹਬ ਦੂਸਰੇ ਨੂੰ ਭਿੰਨ ਲਗਦਾ ਹੈ, ਜਦੋਂ ਅਸੀਂ ਉਦੇਸ਼ ਦੇ ਪੱਖੋਂ ਗੋਲ ਦੇ ਪੱਖੋਂ ਦੇਖਦੇ ਹਾਂ ਸਾਰੇ ਮਜ਼ਹਬਾਂ ਦਾ ਉਦੇਸ਼ ਇਕੋ ਸਤਿ ਤਕ ਪਹੁੰਚਣਾ ਪਹੁੰਚਾਣਾ ਹੈ।

ਕੋਈ ਵੀ ਮਜ਼ਹਬ ਕਿਸੇ ਇਕ ਮਨੁੱਖ ਦੇ ਨਿਸ਼ਚੇ ਤੇ ਵਿਸ਼ਵਾਸ਼ ਉਤੇ ਨਿਰਧਾਰਿਤ ਨਹੀਂ ਹੋਣਾ ਚਾਹੀਦਾ। ਇਕੋ ਮਨੁੱਖ ਦੇ ਵਿਚਾਰ ਹੀ ਕਿਸੇ ਮਜ਼ਹਬ ਲਈ ਕਾਫੀ ਨਹੀਂ ਹੁੰਦੇ। ਕਿਸੇ ਵੀ ਮਜ਼ਹਬ ਲਈ ਕੱਟੜਤਾ, ਸੰਕੀਰਣਤਾ, ਤੰਗ ਦਿਲੀ ਬਹੁਤ ਹਾਨੀਕਾਰਕ ਹੈ, ਮਜ਼ਹਬ ਲਈ ਵੀ ਉਸ ਮਜ਼ਹਬ ਦੇ ਲੋਕਾਂ ਲਈ ਵੀ। ਕੇਵਲ ਉਪਨਿਸ਼ਦਾਂ ਵਿਚ ਹੀ ਵਿਸ਼ਵ ਧਰਮ ਦੇ ਸਿਧਾਂਤ ਦਿਤੇ ਗਏ ਹਨ। ਉਪਨਿਸ਼ਦਾਂ ਦੀ ਸਿਖਿਆ ਸਭ ਤੋਂ ਵੱਧ ਢੁਕਵੀਂ ਹੈ ਕਿਉਂਕਿ ਉਨ੍ਹਾਂ ਵਿਚ ਹੀ ਪੂਰਨ ਬੁੱਧੀ ਤੇ ਸਿੱਧਾ ਆਤਮਾ ਸਿੱਧੀ ਦਾ ਸੰਤੁਲਨ ਹੈ। ਉਪਨਿਸ਼ਦ ਆਰਾਮ ਗਿਆਨ ਨੂੰ ਸਭ ਤੋਂ ਉੱਚਾ ਸਥਾਨ ਦਿੰਦੇ ਹਨ, ਪਰ ਨਾਲ ਹੀ ਉਹ ਬੁੱਧੀ ਨੂੰ ਬੋਧਿਕ ਗਿਆਨ ਨੂੰ ਵੀ ਮਹੱਤਤਾ ਦਿੰਦੇ ਹਨ, ਤਰਕ ਤੇ ਦਲੀਲ ਨੂੰ ਨਖੇਦਦੇ ਨਹੀਂ, ਉਪਨਿਸ਼ਦਾਂ ਅਨੁਸਾਰ ਮਜ਼ਹਬ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਘੋਖਿਆ ਜਾਣਾ ਚਾਹੀਦਾ ਹੈ, ਉਨ੍ਹਾਂ ਉਤੇ ਵਾਦ-ਵਿਵਾਦ ਹੋਣਾ ਚਾਹੀਦਾ ਹੈ, ਜਦੋਂ ਇਹ ਸਭ ਹੋ ਜਾਏ, ਨਿਯਮ ਇਸ ਕਸਵੱਟੀ ਦੇ ਪੂਰੇ ਉਤਰ ਜਾਣ, ਫੇਰ ਹੀ ਉਨ੍ਹਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਉਪਨਿਸ਼ਦ ਦਸਦੇ ਹਨ ਕਿ ਧਰਮ ਦੇ ਅਭਿਆਸ ਵਿਚ ਤੁਹਾਨੂੰ ਸੰਤੁਸ਼ਟ ਨਹੀਂ ਹੋਣਾ ਚਾਹੀਦਾ, ਤ੍ਰਿਪਤ ਨਹੀਂ ਹੋਣਾ ਚਾਹੀਦਾ। ਕਦੀ ਵੀ ਤੁਹਾਨੂੰ ਧਰਮ ਦੇ ਗਿਆਨ ਪ੍ਰਤੀ ਤ੍ਰਿਪਤ ਨਹੀਂ ਹੋਣਾ ਚਾਹੀਦਾ। ਅਭਿਆਸ ਕੀ ਤੁਹਾਨੂੰ ਭਰੋਸਾ, ਵਿਸ਼ਵਾਸ਼ ਦੇ ਸਕਦਾ ਹੈ। ਉਹ ਮਨੁੱਖ ਜਿਸ ਕੋਲ ਬੋਧਿਕ ਗਿਆਨ ਹੈ, ਆਪਣਾ ਸਿੱਧਾ, ਆਪਣਾ ਕਮਾਇਆ ਅਨੁਭਵ ਹੈ ਕੇਵਲ ਉਹ ਹੀ ਧਾਰਮਿਕ ਸਿਖਿਆ ਦੇਣ ਯੋਗ ਹੋ ਸਕਦਾ ਹੈ।

ਕੋਈ ਵੀ ਸਿਖਿਅਕ ਬਿਨਾਂ ਅਨੁਭਵ ਦੇ ਮਨੁੱਖਤਾ ਦਾ ਮਾਰਗ ਦਰਸ਼ਨ ਠੀਕ ਦਿਸ਼ਾ ਵਿਚ, ਬਿਨਾਂ ਅਨੁਭਵ ਤੋਂ ਉਸਦੀ ਸਿਖਿਆ ਕੇਵਲ ਪੁਸਤਕਾਂ ਦੇ ਗਿਆਨ, ਪੁਛ-ਤਾਛ ਦਾ ਸੰਗ੍ਰਹਿ ਹੋਵੇਗਾ, ਜਿਹੜਾ ਸਿਖਿਅਕ ਅਨੁਭਵੀ ਨਹੀਂ ਹੈ ਉਹ ਅਜੋਕੀਆਂ ਮਨੁੱਖੀ ਜ਼ਰੂਰਤਾਂ ਨੂੰ ਮਹਿਸੂਸ ਹੀ ਨਹੀਂ ਕਰ ਸਕੇਗਾ। ਉਹ ਤਾਂ ਕੇਵਲ ਉਹ ਹੀ ਦੱਸੇਗਾ, ਪੜ੍ਹਾਏਗਾ, ਜਿਹੜਾ ਪਿਛੇ ਪੜ੍ਹਾਇਆ ਗਿਆ ਹੈ ਜਾਂ ਜੋ ਉਹ ਜਾਣਦਾ ਹੈ। ਬਹੁਤ ਸਾਰੇ ਦੇਸ਼ਾਂ ਵਿਚ ਬਹੁਤ ਅਜੀਬ ਤਰੀਕਾ ਹੈ ਜਿਹੜਾ ਵੀ ਕਿਸੇ ਅਧਿਆਪਕ ਦੇ ਘਰ ਜਨਮ ਲੈਂਦਾ ਹੈ ਉਹ ਅਧਿਆਪਕ ਹੀ ਬਣਦਾ ਹੈ, ਇਹੋ ਜਿਹੇ ਅਧਿਆਪਕ

ਤਾਂ ਪੁਰਾਣੇ ਰਸਮੋ-ਰਿਵਾਜ ਹੀ ਵਰਤਦੇ ਹਨ, ਪੁਰਾਣੀਆਂ ਹੀ ਗੀਤਾਂ ਚਲਾਉਂਦੇ ਹਨ, ਭਾਸ਼ਨ ਦਿੰਦੇ ਹਨ, ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਭਿਆਸ ਤੋਂ ਖਾਲੀ ਅਨੁਸ਼ਾਸਨ ਤੋਂ ਬਿਨਾਂ ਉਹ ਕੇਵਲ ਦਿਖਾਵੇ ਦੇ ਅਧਿਆਪਕ ਹੁੰਦੇ ਹਨ, ਉਨ੍ਹਾਂ ਦੇ ਭਾਸ਼ਨ ਉਨ੍ਹਾਂ ਦੀਆਂ ਲਿਖਤਾਂ ਵਿਚ ਕੋਈ ਵੀ ਦੂਰ ਅੰਦੇਸ਼ੀ ਨਹੀਂ ਹੁੰਦੀ। ਪਿਆਰ, ਸ਼ਾਂਤੀ, ਇਕਸਾਰਤਾ, ਇਕਸੁਰਤਾ ਪੈਦਾ ਕਰਨ ਦੀ ਥਾਂ, ਸਾਂਝੀਵਾਲਤਾ ਦਾ ਸੁਨੇਹਾ ਦੇਣ ਦੀ ਥਾਂ ਉਹ ਤਾਂ ਈਰਖਾ, ਨਫਰਤ, ਆਪਸੀ ਮਨ ਮੁਟਾਵ ਤੇ ਭਿੰਨਤਾ ਪੈਦਾ ਕਰਦੀਆਂ ਹਨ। ਇਹੋ ਜਿਹੇ ਉਪਦੇਸ਼ਕ ਪ੍ਰਚਾਰਕਾਂ ਕਾਰਣ ਹੀ ਅੱਜ ਸਾਡਾ ਸਮਾਜ ਵੰਡਿਆ ਹੋਇਆ ਹੈ। ਭਾਵੇਂ ਉਪਨਿਸ਼ਦ ਅਦ੍ਵੈਤ ਦੀ ਫਿਲੌਸਫੀ ਦੇ ਅਨੁਆਈ ਹਨ ਪਰ ਲੋਕ ਤਾਂ ਵੰਡੀਆਂ ਪਾਈ ਹੀ ਰਖਦੇ ਹਨ।

ਅਦ੍ਵੈਤ ਦੀ ਫਿਲੌਸਫੀ ਅਨੁਸਾਰ, ਕੇਵਲ ਇਕ ਹੀ ਬ੍ਰਹਮ ਹੈ। ਕੇਵਲ ਇਕੋ ਸਤਿ ਦਾ ਪਸਾਰਾ ਹੈ, ਸਾਰੀ ਉਸੇ ਦੀ ਹੀ ਸਿਰਜਨਾ ਹੈ। ਸਾਰੀ ਸ੍ਰਿਸ਼ਟੀ ਉਸ ਇਕ ਦਾ ਹੀ ਪ੍ਰਗਟਾਵਾ ਹੈ, ਹਰ ਮਨੁੱਖ ਉਸ ਪ੍ਰਮਾਤਮਾ ਦਾ ਹੀ ਮੰਦਰ ਹੈ, ਕੋਈ ਵੀ ਘਟ ਨਹੀਂ ਕੋਈ ਵੀ ਵੱਧ ਨਹੀਂ, ਕੋਈ ਉਚਾ ਨਹੀਂ, ਕੋਈ ਵੀ ਨੀਵਾਂ ਨਹੀਂ, ਇਨ੍ਹਾਂ ਕਦਰਾਂ ਕੀਮਤਾਂ ਨੂੰ ਪੁਨਰ ਸਥਾਪਿਤ ਕਰਨ ਲਈ ਸਾਨੂੰ ਵਿਦਿਅਕ ਪ੍ਰਨਾਲੀ ਨੂੰ ਬਿਲਕੁਲ ਬਦਲਣਾ ਪਵੇਗਾ। ਸਿਖਿਆ ਦਾ ਮੰਤਵ, ਆਪ ਸੋਝੀ ਦੇਣੀ ਹੈ ਸਿਖਿਆ ਦਾ ਉਦੇਸ਼ ਹੈ ਕਿ ਉਹ ਸਮਾਜ ਦੇ ਹਰ ਵਰਗ ਲਈ ਲਾਗੂ ਹੋਵੇ।

ਅੱਜ ਦਾ ਸਮਾਂ ਹੈ ਅਸੀਂ ਵੇਦਾਂ ਤੇ ਉਪਨਿਸ਼ਦਾਂ ਤੇ ਮੁੜ ਕੇ ਜਾਈਏ। ਸਾਡੇ ਲਈ ਇਹ ਜ਼ਰੂਰੀ ਨਹੀਂ ਕਿ ਅਸੀਂ ਵੇਦਾਂ ਉਪਨਿਸ਼ਦਾਂ ਵਿਚ ਦਿਤੇ ਸਭ ਕੁਝ ਨੂੰ ਉਸੇ ਤਰ੍ਹਾਂ ਹੀ ਮੰਨ ਲਈਏ, ਸਾਨੂੰ ਉਹ ਸਭ ਕੁਝ ਹੀ ਲੈਣਾ ਚਾਹੀਦਾ ਹੈ ਜਿਹੜਾ ਸਾਡੇ ਲਈ ਲਾਭਕਾਰੀ ਹੋਵੇ। ਵੇਦਾਂ ਅੰਦਰ ਇਹ ਲਿਖਿਆ ਹੈ, ਕੇਵਲ ਉਹ ਸਭ ਕੁਝ ਹੀ ਮੰਨੋ ਜਿਹੜਾ ਤੁਹਾਡੇ ਉਤੇ ਠੀਕ ਸਿੱਧ ਹੋਵੇ, ਜਿਹੜਾ ਤੁਹਾਡੇ ਅੱਜ ਦੇ ਵਿਕਾਸ ਲਈ ਠੀਕ ਹੈ, ਬਾਕੀ ਆਉਣ ਵਾਲੇ ਸਮੇਂ ਲਈ ਛੱਡ ਦਿਓ। ਵੇਦਾਂ ਦਾ ਇਹ ਕਹਿਣਾ ਦਸਦਾ ਹੈ ਕਿ ਵੇਦਾਂ ਦੀ ਸਿਖਿਆ ਸਾਰਿਆਂ ਲਈ ਨਹੀਂ ਹੈ। ਇਹ ਵੀ ਸਪਸ਼ਟ ਹੈ ਕਿ ਸਤਿ ਇਕ ਹੈ, ਹਾਂ ਇਹ ਗੱਲ ਵੱਖਰੀ ਹੈ ਕਿ ਸਤਿ ਵੱਖ-ਵੱਖ ਦਰਜੇ ਅਨੁਸਾਰ, ਵੱਖ-ਵੱਖ ਪੌੜੀ ਅਨੁਸਾਰ ਦਿਤਾ ਗਿਆ ਹੈ। ਗੋਲ ਇਕ ਹੈ ਉਦੇਸ਼ ਇਕ ਹੈ, ਮਾਰਗ ਭਾਵੇਂ ਵੱਖ-ਵੱਖ ਹੋਣ। ਪ੍ਰਮਾਤਮਾ ਇਕ ਹੈ ਉਸ ਦੇ ਰੂਪ ਭਾਵੇਂ ਵੱਖ-ਵੱਖ ਹੋਣ ਤੁਸੀਂ ਕੋਈ ਰੂਪ ਆਪਣੀ ਚਾਹਤ ਅਨੁਸਾਰ ਚੁਣ ਸਕਦੇ ਹੋ, ਅੰਤ ਦਾ ਗੋਲ ਤਾਂ ਨਿਰਾਕਾਰ ਦੀ ਪ੍ਰਾਪਤੀ ਹੀ ਹੈ।

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ***
***ਹੋਸੀ ਭੀ ਸਚੁ ॥੧॥***

ਇਕ ਮਜ਼ਹਬ ਦੀ ਦੂਸਰੇ ਨਾਲ ਤੁਲਨਾ ਕਰਨੀ, ਕਿਸੇ ਵੀ ਮਜ਼ਹਬ ਦਾ ਮੂਲਾਂਕਰ ਕਰਨਾ ਠੀਕ ਨਹੀਂ। ਹਰ ਇਕ ਦਾ ਮਾਰਗ ਵੱਖ ਹੈ, ਪਹੁੰਚ ਵੱਖ ਹੈ, ਪਰ ਇਸ ਤੋਂ ਇਹ ਭਾਵ ਨਹੀਂ ਕਿ ਇਕ ਮਜ਼ਹਬ ਦੂਸਰੇ ਤੋਂ ਨੀਵਾਂ ਹੈ ਜਾਂ ਵਧੀਆ ਹੈ। ਹਾਂ, ਇਕ ਗੁਣ ਸਾਰੇ ਮਜ਼ਹਬਾਂ ਦਾ ਸਾਂਝਾ ਹੈ, ਉਹ ਹੈ ਪਿਆਰ, ਪ੍ਰੇਮ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਸਦੇ ਹਨ –

***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਉਹ ਮਜ਼ਹਬ ਜਿਹੜਾ ਦੂਸਰਿਆਂ ਲਈ ਨਫਰਤ ਪੈਦਾ ਕਰੇ ਉਹ ਮਜ਼ਹਬ ਹੀ ਨਹੀਂ। ਇਹੋ ਜਿਹਾ ਮਜ਼ਹਬ ਤਾਂ ਮਨੁੱਖ ਦਾ ਬਣਾਇਆ ਮਤ ਹੈ, ਮਨੁੱਖੀ ਸਿਧਾਂਤ ਹੈ ਇਸ ਵਿਚ ਕੁਝ ਵੀ ਈਲਾਹੀ ਨਹੀਂ। ਇਹੋ ਜਿਹਾ ਮਜ਼ਹਬ ਤਾਂ ਮਨੁੱਖ ਦਾ ਬਣਾਇਆ ਮਤ ਹੈ, ਮਨੁੱਖੀ ਸਿਧਾਂਤ ਹੈ, ਇਸ ਵਿਚ ਕੁਝ ਵੀ ਈਲਾਹੀ ਨਹੀਂ। ਇਹੋ ਜਿਹਾ ਮਜ਼ਹਬ ਮਨੁੱਖਤਾ ਦੀ ਭਲਾਈ ਲਈ ਮਨੁੱਖਤਾ ਦੇ ਵਿਕਾਸ ਲਈ ਬਹੁਤ ਹੀ ਹਾਨੀਕਾਰਕ ਹੈ। ਅੱਜ ਦੇ ਸਮੇਂ ਜਦੋਂ ਅਸੀਂ ਤਕਨੀਕੀ ਵਿਕਾਸ ਦੇ ਸਿਖਰ ਤੇ ਹਾਂ, ਹਰ ਇਕ ਦੂਸਰੇ ਨਾਲ ਕਿਤੇ ਵੀ ਹੋਵੇ ਗੱਲ ਕਰ ਸਕਦੇ ਹਾਂ, ਦੇਖ ਸਕਦੇ ਹਾਂ, ਕਿਸੇ ਵੀ ਕੱਟੜਤਾ ਦਾ ਕਿਸੇ ਵੀ ਸੰਪਰਦਾਇਕ, ਫਿਰ ਕਾਮਰਸ ਦੀ ਕੋਈ ਥਾਂ ਨਹੀਂ ਹੈ। ਇਹ ਬੜੇ ਦੁਖ ਦੀ ਗੱਲ ਹੈ ਕਿ ਮਾਨਵਤਾ ਅੱਜ ਵੀ ਵੰਡੀ ਹੋਈ ਹੈ। ਲੋਕੀ ਅਜੇ ਵੀ ਸੰਗ ਦਿਲ ਹਨ, ਸੰਕੀਰਣ ਹਨ, ਇਕ ਦੂਸਰੇ ਤੇ ਆਪਣੇ ਵਿਚਾਰ ਥੋਪਣ ਦੀ ਕੋਸ਼ਿਸ਼ ਕਰਦੇ ਹਨ। ਅੱਜ ਵੀ ਕੋਈ ਵਿਸ਼ਵ ਮਜ਼ਹਬ ਦੀ ਸਥਾਪਨਾ ਨਹੀਂ ਹੋਈ।

ਪ੍ਰਮਾਤਮਾ ਹੀ ਸਾਰੇ ਮਜ਼ਹਬਾਂ ਦਾ ਉਦੇਸ਼ ਹੈ, ਇਹ ਸਤਿ ਹੁੰਦਿਆਂ ਵੀ, ਹਰ ਇਕ ਮਜ਼ਹਬ ਦੂਸਰੇ ਤੋਂ ਵੱਖਰਾ ਹੈ, ਕੀ ਇਹ ਕਿਹਾ ਜਾਵੇ ਕਿ ਇਕ ਮਜ਼ਹਬ ਪ੍ਰਮਾਤਮਾ ਨੇ ਆਪ ਚਲਾਇਆ ਹੈ, ਦੂਸਰਾ ਨਹੀਂ? ਕੀ ਪ੍ਰਮਾਤਮਾ ਇਕ ਮਜ਼ਹਬ ਨੂੰ ਦੂਸਰੇ ਤੋਂ ਚੰਗਾ ਸਮਝਦਾ ਹੈ? ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਹੈ ਨਹੀਂ। ਮਤਭੇਦ ਓਥੇ ਹੈ ਜਿਥੇ ਮਜ਼ਹਬ ਨੂੰ ਇਕ ਸੰਸਥਾ ਸਮਝਿਆ ਜਾਣ ਲਗ ਪਿਆ ਹੈ। ਜਦੋਂ ਇਹੋ ਜਿਹੇ ਵਿਚਾਰ, ਇਹੋ ਜਿਹੀ ਮਨੋਬਿਰਤੀ ਬਣ ਜਾਂਦੀ ਹੈ ਇਹ ਮਨੁੱਖਾਂ ਨੂੰ ਇਕ ਦੂਸਰੇ ਤੋਂ ਵੱਖ ਕਰ ਦਿੰਦੀ ਹੈ, ਤੋੜ ਕੇ ਰੱਖ ਦਿੰਦੀ ਹੈ, ਹੌਲੀ-ਹੌਲੀ ਅੰਤ ਵਿਚ ਇਕੋ ਸੰਸਥਾ ਦੇ ਲੋਕਾਂ ਵਿਚ ਵੀ ਮਤਭੇਦ ਆ ਜਾਂਦਾ ਹੈ, ਜਿਸ ਦਾ ਨਤੀਜਾ ਹੁੰਦਾ ਹੈ ਕਿ ਸ਼ਾਖਾ ਬਣ ਜਾਂਦੀਆਂ ਹਨ, ਵੱਖ-ਵੱਖ ਸੰਪਰਦਾ ਬਣ ਜਾਂਦੀਆਂ ਹਨ। ਇਹੋ ਜਿਹੀ ਮਨੋਬਿਰਤੀ ਕਿਸੇ ਵੀ ਮਜ਼ਹਬ ਦੇ ਵਿਰੁੱਧ ਹੈ, ਇਸ ਤਰ੍ਹਾਂ ਕਰਨ ਨਾਲ ਮਜ਼ਹਬ ਦੀ ਸ਼ੋਭਾ ਸਨਮਾਨ ਘਟ ਜਾਂਦੀ ਹੈ, ਉਸਦੀ ਸ਼ੁੱਧਤਾ, ਪਵਿਤਰਤਾ ਘਟਦੀ ਹੈ।

(*******)

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
# (Creative Use of Emotions)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

ਤੁਸੀਂ ਸ਼ਾਇਦ ਸੋਚ ਰਹੇ ਹੋਵੋ ਕਿ ਤੁਸੀਂ ਖਿਮਾ ਦਾ ਅਭਿਆਸ ਕਰ ਰਹੇ ਹੋ, ਵਾਸਤਵ ਵਿਚ ਤੁਹਾਡਾ ਬਾਹਰੀ ਵਿਹਾਰ, ਤੁਹਾਡੀਆਂ ਅੰਦਰ ਦੀਆਂ ਭਾਵਨਾਵਾਂ ਨਹੀਂ ਪ੍ਰਗਟ ਕਰ ਰਿਹਾ, ਜਦੋਂ ਤੁਸੀਂ ਖਿਮਾ ਦਾ ਨਾਟਕ ਕਰ ਰਹੇ ਸੀ, ਜੇ ਚੰਗੀ ਤਰ੍ਹਾਂ ਨਾਲ ਦੇਖਿਆ ਜਾਵੇ, ਘੋਖਿਆ ਜਾਵੇ ਤਾਂ ਪਤਾ ਲਗ ਜਾਵੇਗਾ ਕਿਤੇ ਨਾ ਕਿਤੇ ਬੜਾ ਗੁੱਝਾ ਕੋਈ ਸਬਦ, ਕੋਈ ਵਿਰੋਧਤਾ ਦਾ ਵਿਚਾਰ ਨਿਕਲ ਆਵੇਗਾ। ਇਸ ਤਰ੍ਹਾਂ ਦੀ ਸਥਿਤੀ ਦੇ ਬਹੁਤ ਸਾਰੇ ਨਤੀਜੇ ਨਿਕਲ ਸਕਦੇ ਹਨ। ਇਕ ਇਹ ਹੋ ਸਕਦਾ ਹੈ ਕਿ ਤੁਹਾਡੇ ਸਰੀਰ ਵਿਚ ਕੁਛ ਹੋ ਜਾਏ, ਸੰਵੇਗਾਂ ਦੇ ਤਨਾਅ ਨਾਲ ਜਾਂ ਫੇਰ ਤੁਸੀਂ ਉਹ ਸਭ ਕੁਝ ਇਕੱਠਾ ਕਰਦੇ ਰਹੋ ਜੋ ਤੁਹਾਡਾ ਮਹਿਮਾਨ ਕਰਕੇ ਗਿਆ, ਫੇਰ ਉਸ ਵੇਲੇ ਦੀ ਉਡੀਕ ਕਰੋ, ਜਦੋਂ ਤੁਸੀਂ ਉਸ ਨੂੰ ਦੱਸ ਸਕੋ ਕਿ ਉਸ ਨੇ ਕੀ ਕੀਤਾ, ਕਿਸ ਤਰ੍ਹਾਂ ਤੁਹਾਨੂੰ ਅਪਮਾਨਤ ਕੀਤਾ। ਫੇਰ ਤੁਹਾਡੇ ਅੰਦਰ ਗੁੱਸਾ ਜਮ੍ਹਾਂ ਹੋ ਗਿਆ, ਮੌਕਾ ਆਉਣ ਤੇ ਤੁਸੀਂ ਵਰ੍ਹ ਪਏ ਫੇਰ ਤੁਸੀਂ ਉਸ ਨੂੰ ਸਭ ਕੁਝ ਦਸ ਦਿੰਦੇ ਹੋ, ਕਹਿ ਦਿੰਦੇ ਹੋ ਕਿ ਉਹ ਕਿਸ ਤਰ੍ਹਾਂ ਨਾਲ ਲਾਪਰਵਾਹੀ ਦਿਖਾਈ, ਦੁਰਵਿਵਹਾਰ ਕੀਤਾ। ਇਨ੍ਹਾਂ ਗੱਲਾਂ ਨੂੰ ਕਹਿ ਕੇ ਤੁਹਾਨੂੰ ਚੰਗਾ ਲੱਗਾ, ਤੁਹਾਡਾ ਭਾਰ ਹੌਲਾ ਹੋ ਗਿਆ। ਤੁਹਾਡੇ ਅੰਦਰ ਦਾ ਗੁਬਾਰ ਨਿਕਲ ਗਿਆ।

ਇਹ ਚਰਿੱਤਰ ਚਿਤਰ ਲੱਗਿਆ ਖਿਮਾ ਇਕ ਮਨੋਵਿਰਤੀ ਦੇਖੀ ਗਈ ਹੈ ਜਿਹੜੀ ਕਿ ਬਾਹਰੀ ਸਹਿਮਤੀ ਦਾ ਪ੍ਰਗਟਾਵਾ ਮੰਨੀ ਗਈ ਹੈ। ਵਾਸਤਵ ਵਿਚ ਖਿਮਾ ਇਕ ਅੰਦਰ ਦਾ ਗੁਣ ਹੈ, ਇਹ ਅਵੱਸ਼ਕ ਨਹੀਂ ਕਿ ਇਸ ਗੁਣ ਦਾ ਪ੍ਰਗਟਾਵਾ ਬਾਹਰੀ ਕੀਤਾ ਜਾਵੇ, ਜਦੋਂ ਕਿਸੇ ਨੂੰ ਬਖਸ਼ਿਆ ਜਾਵੇ, ਉਦੋਂ ਵੀ ਦਿਖਾਵੇ ਦੀ ਲੋੜ ਨਹੀਂ। ਬਹੁਤ ਵਾਰੀ ਹੁੰਦਾ ਇਹ ਹੈ ਕਿ ਅਸੀਂ ਆਪਣੇ ਬਾਹਰੀ ਦਿਖਾਵੇ ਨਾਲ ਆਪਣੇ ਆਪ ਨੂੰ ਵੀ ਧੋਖਾ ਦਿੰਦੇ ਹਾਂ, ਦੂਸਰੇ ਨੂੰ ਵੀ ਜਦੋਂ ਅਸੀਂ ਸੱਚੀ ਗੱਲ ਅਸਲੀ ਚੀਜ਼ ਨੂੰ ਇਕ ਦਿਖਾਵਾ ਬਣਾ ਦਿੰਦੇ ਹਾਂ। ਅਸੀਂ ਸੱਚੀ ਖਿਮਾ ਦਾ ਸਾਂਗ ਕਰਦੇ ਹਾਂ, ਰੂਪਕ ਕਰਦੇ ਹਾਂ ਉਦੋਂ ਤੱਕ ਕਰਦੇ ਰਹਿੰਦੇ ਹਾਂ ਜਦੋਂ ਤੱਕ ਸਾਡੀ ਸੱਚੀ ਭਾਵਨਾ ਨਾ ਜਾਗਰਣ ਹੋ ਜਾਵੇ, ਸੱਚੀ ਭਾਵਨਾ ਜਿਹੜੀ ਥੱਲੇ ਛੁਪੀ ਪਈ ਹੈ।

ਸੱਚੀ ਖਿਮਾ ਉਹ ਹੈ ਜਿਸ ਨਾਲ ਸਾਰੀ ਨਿੰਦਾ ਸਾਰੇ ਅਪਰਾਧ ਖਤਮ ਹੋ ਜਾਣ, ਤੁਸੀਂ ਉਸ ਮਨੁੱਖ ਨੂੰ ਚੰਗੀ ਤਰ੍ਹਾਂ ਉਸ ਦੀ ਵਾਸਤਵਿਕਤਾ ਨੂੰ ਜਾਣ ਗਏ। ਬਾਹਰੋਂ ਭਾਵੇਂ ਤੁਸੀਂ ਉਸ ਲਈ ਦ੍ਰਿੜ੍ਹ ਹੋਵੋ ਜੇ ਤੁਹਾਨੂੰ ਲਗਦਾ ਹੈ ਦ੍ਰਿੜ੍ਹ ਹੋਣਾ ਚਾਹੀਦਾ ਹੈ, ਨਾਲ ਹੀ ਉਸ ਲਈ ਸੀਮਾ ਵੀ ਖਿੱਚ ਦਿਓ ਕਿ ਇਸ ਤੋਂ ਅੱਗੇ ਉਹ ਨਹੀਂ ਆ ਸਕਦਾ। ਇਹ ਦ੍ਰਿੜ੍ਹਤਾ ਤੁਹਾਡੇ ਅੰਦਰ ਦੀ ਪਰਸਪਰ ਇਕਸਾਰਤਾ ਇਕ ਸੁਰਤਾ ਤੋਂ ਨਿਕਲੇਗੀ ਇਹ ਕਿਸੇ ਨਿਆਂ ਦੇ ਅਧੀਨ ਨਹੀਂ ਹੋਵੇਗੀ, ਨਾ ਹੀ ਕਿਸੇ ਗੁੱਸੇ ਤੇ ਵਿਸ਼ਲੇਸ਼ਨ ਦੇ ਅਧੀਨ ਹੋਵੇਗੀ।

ਆਪਣੇ ਆਪ ਨੂੰ ਖਿਮਾ ਕਰਨੀ

ਕਿਸ ਹੱਦ ਤੱਕ ਕਿਥੋਂ ਤੱਕ ਅਸੀਂ ਦੂਸਰੇ ਨੂੰ ਬਖਸ਼ਦੇ ਹਾਂ, ਖਿਮਾ ਕਰਦੇ ਹਾਂ ਇਸ ਗੱਲ ਦਾ ਸਿੱਧਾ ਸਬੰਧ ਹੈ ਕਿ ਅਸੀਂ ਆਪਣੇ ਆਪ ਨੂੰ ਨਖੇਦਣਾ ਛੱਡਦੇ ਹਾਂ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਇਕੋ ਗੱਲ ਦੇ ਇਕੋ ਚੀਜ਼ ਦੇ ਦੋ ਪੱਖ ਹਨ, ਦੋ ਪਹਿਲੂ ਹਨ, ਦੋ ਅਨੁਭਵ ਹਨ। ਇਹ ਸਚਾਈ ਬਹੁਤ ਵਾਰੀ ਸਾਧਾਰਣ ਸੂਝ ਮਨੋਵਿਗਿਆਨ ਵਿਚ ਵੀ ਦੱਸੀ ਗਈ ਹੈ। ਜੋ ਕੁਝ ਵੀ ਸਾਨੂੰ ਦੂਸਰਿਆਂ ਵਿਚ ਬੁਰਾ ਲਗਦਾ ਹੈ, ਚੰਗਾ ਨਹੀਂ ਲਗਦਾ, ਉਹੋ ਕੁਝ ਹੀ ਸਾਨੂੰ ਆਪਣੇ ਬਾਰੇ ਵੀ ਚੰਗਾ ਨਹੀਂ ਲਗਦਾ। ਜਿਨ੍ਹਾਂ ਲੋਕਾਂ ਨੂੰ ਅਸੀਂ ਪਸੰਦ ਨਹੀਂ ਕਰਦੇ ਉਨ੍ਹਾਂ ਵਿਚ ਆਮ ਤੌਰ ਤੇ ਉਹ ਹੀ ਗੁਣ ਅਵਗੁਣ ਹੁੰਦੇ ਹਨ ਜਿਹੜੇ ਸਾਡੇ ਆਪਣੇ ਵਿਚ ਹੁੰਦੇ ਹਨ। ਜੇਕਰ ਸਾਡੀ ਆਪਣੀ ਪ੍ਰਵਿਰਤੀ, ਆਪਣੀ ਰੁਚੀ ਇਸ ਤਰ੍ਹਾਂ ਦੀ ਹੈ ਕਿ ਅਸੀਂ ਆਪਣੇ ਅੰਦਰ, ਮੰਨਣ ਨੂੰ ਤਿਆਰ ਨਹੀਂ ਕਿ ਸਾਡੇ ਗੁਣ ਅਵਗੁਣ ਕੀ ਹਨ, ਫੇਰ ਅਸੀਂ ਉਨ੍ਹਾਂ ਨੂੰ ਦੂਸਰਿਆਂ ਦੇ ਅੰਦਰ ਹੀ ਦੇਖਣਾ ਠੀਕ ਸਮਝਾਂਗੇ, ਇਹ ਹੀ ਨਹੀਂ ਅਸੀਂ ਉਨ੍ਹਾਂ ਵਿਰੋਧੀ ਵਿਚਾਰਧਾਰਾ ਨਾਲ ਮਿਲਾਂਗੇ, ਦੁਸ਼ਮਨੀ ਨਾਲ ਮਿਲਾਂਗੇ, ਤੁਸੀਂ ਜ਼ਰਾ ਸੋਚ ਕੇ ਦੇਖੋ ਤੁਸੀਂ ਕਿੰਨ੍ਹਾਂ ਲੋਕਾਂ ਨਾਲ ਵਿਰੋਧਤਾ ਕਰਦੇ ਹਾਂ, ਕਿੰਨ੍ਹਾਂ ਨੂੰ ਚੰਗਾ ਨਹੀਂ ਜਾਣਦੇ, ਫੇਰ ਆਪਣੇ ਆਪ ਨੂੰ ਇਹ ਪ੍ਰਸ਼ਨ ਪੁੱਛੋ, ਕੀ ਉਨ੍ਹਾਂ ਦੇ ਅੰਦਰ ਉਹ ਗੁਣ ਅਵਗੁਣ ਹਨ ਜਿਹੜੇ ਤੁਹਾਨੂੰ ਆਪਣੇ ਅੰਦਰ ਵੀ ਚੰਗੇ ਨਹੀਂ ਲਗਦੇ? ਕੀ ਉਨ੍ਹਾਂ ਦੇ ਵਿਅਕਤੀਤ੍ਵ ਅੰਦਰ ਉਹ ਪ੍ਰਗਟਾਵਾ ਹੈ ਜਿਹੜਾ ਤੁਹਾਨੂੰ ਆਪਣੇ ਅੰਦਰ ਚੰਗਾ ਨਹੀਂ ਲਗਦਾ।

ਬਹੁਤ ਵਾਰੀ ਅਸੀਂ ਆਪਣੇ ਆਪ ਲਈ ਬਹੁਤ ਹੀ ਅਲੋਚਕ ਹੋ ਜਾਂਦੇ ਹਾਂ, ਆਪਣੇ ਆਪ ਤੋਂ ਬਹੁਤ ਹੀ ਉਮੀਦ ਰਖਦੇ ਹਾਂ। ਫੇਰ ਅਸੀਂ ਇਨ੍ਹਾਂ ਨਖੇਦੀ ਦੀਆਂ ਭਾਵਨਾਵਾਂ ਨੂੰ ਬਾਹਰੀ ਸਵੈ ਪ੍ਰਵਾਨਗੀ, ਸਵੈ ਰੌਚਕਤਾ ਦੀ ਪਰਤ ਦੇ ਹੇਠਾਂ ਛੁਪਾ ਲੈਂਦੇ ਹਾਂ ਪਰ ਇਸ ਪਤਰੇ ਦੇ ਥੱਲੇ, ਇਸ ਭਰੋਸੇ ਦੇ ਥੱਲੇ ਇਸ ਵਿਸ਼ਵਾਸ਼ ਦੇ ਥੱਲੇ ਨਿਆਂ ਅਦੀਸ਼ ਆਪਣਾ ਕੰਮ ਕਰੀ ਜਾ ਰਿਹਾ ਹੈ। ਬਹੁਤ ਵਾਰੀ ਲੋਕੀ ਆਪਣੇ ਆਪ ਲਈ ਬਹੁਤ ਕਰੜੇ, ਬਹੁਤ ਸਖਤ ਰੂਪ ਸਟੈਂਡਰਡ ਬਣਾ ਲੈਂਦੇ ਹਨ, ਬਹੁਤ ਛੇਤੀ ਹੀ ਇਹ ਮਹਿਸੂਸ ਕਰਦੇ ਹਨ ਕਿ ਉਹ ਇਨ੍ਹਾਂ

ਸੀਮਾ ਤੱਕ ਪਹੁੰਚ ਨਹੀਂ ਸਕਦੇ। ਫੇਰ ਹੁੰਦਾ ਇਹ ਹੈ ਕਿ ਜਿਹੜਾ ਜੱਜ ਅੰਦਰ ਬੈਠਾ ਹੈ ਉਹ ਉਨ੍ਹਾਂ ਨੂੰ ਅਪਰਾਧੀ ਗੁਨਾਹਗਾਰ ਠਹਿਰਾਅ ਦਿੰਦਾ ਹੈ, ਨਾਲ ਹੀ ਉਨ੍ਹਾਂ ਨੂੰ ਅਪਰਾਧੀ ਮਹਿਸੂਸ ਕਰਨ ਤੇ ਮਜ਼ਬੂਰ ਕਰ ਦਿੰਦਾ ਹੈ, ਜਿਹੜੇ ਮਜ਼ਹਬ ਸਖਤ ਨਿਯਮਾਂ ਅਨੁਸਾਰ ਜੀਉਣ ਦੀ ਕੋਸ਼ਿਸ਼ ਕਰਦੇ ਹਨ ਜਾਂ ਕੱਟੜ ਨੈਤਿਕ ਆਦਰਸ਼ ਨੂੰ ਅੱਗੇ ਰੱਖ ਕੇ ਜੀਵਨ ਜੀਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਆਦਰਸ਼ ਜਿਹੜੇ ਉਨ੍ਹਾਂ ਨੇ ਬਚਪਨ ਵਿਚ ਸਿੱਖੇ ਹੋਣ, ਉਨ੍ਹਾਂ ਨੂੰ ਬਹੁਤ ਵਾਰੀ ਆਪਣੇ ਆਪ ਵਿਚ ਅਪਰਾਧੀ ਮਹਿਸੂਸ ਹੁੰਦਾ ਹੈ, ਲੋਕੀ ਕਿਸੇ ਵੀ ਚੀਜ਼ ਵਾਸਤੇ ਅਪਰਾਧੀ ਮਹਿਸੂਸ ਕਰਦੇ ਹਨ, ਕਰ ਸਕਦੇ ਹਨ, ਕਿਸੇ ਵੀ ਚੀਜ਼ ਲਈ ਜਦੋਂ ਉਹ ਆਦਰਸ਼ ਬਣਾ ਲੈਂਦੇ ਹਨ ਫੇਰ ਉਥੇ ਤੱਕ ਜਦੋਂ ਨਹੀਂ ਪਹੁੰਚ ਸਕਦੇ ਉਹ ਅਪਰਾਧੀ ਮਹਿਸੂਸ ਕਰਦੇ ਹਨ। ਕਈ ਜਦੋਂ ਪਹਿਲਾਂ ਗੁੱਸਾ ਹੋ ਲੈਂਦੇ ਹਨ ਫੇਰ ਦੋਸ਼ੀ ਸਮਝਣ ਲਗ ਪੈਂਦੇ ਹਨ, ਹੋਰ ਕੋਈ ਕਾਮ ਭਾਵਨਾ ਲਈ ਆਪਣੇ ਆਪ ਨੂੰ ਦੋਸ਼ੀ ਸਮਝਦੇ ਹਨ।

ਬਹੁਤ ਵਾਰੀ ਇਹ ਦੇਖਿਆ ਗਿਆ ਹੈ ਕਿ ਜਿਹੜੇ ਲੋਕ ਯੋਗ ਕਰਨ ਨਾਲ ਲਗ ਪੈਂਦੇ ਹਨ ਉਨ੍ਹਾਂ ਦੀ ਮਨੋਬਿਰਤੀ ਵਧੇਰੇ ਵਿਵੇਕੀ ਨਿਰਣਾਇਕ ਬਣ ਜਾਂਦੀ ਹੈ, ਐਨਾ ਹੀ ਨਹੀਂ ਉਹ ਆਪਣੇ ਲਈ ਬੜੇ ਉਚੇ ਆਦਰਸ਼ ਬਣਾ ਲੈਂਦੇ ਹਨ। ਉਹ ਆਪਣੇ ਵਿਹਾਰ ਲਈ ਵੀ ਉਚੇ ਆਦਰਸ਼ ਰੱਖ ਲੈਂਦੇ ਹਨ, ਉਨ੍ਹਾਂ ਨੇ ਆਪਣੇ ਆਪ ਨੂੰ ਇਨ੍ਹਾਂ ਆਦਰਸ਼ਾਂ ਲਈ ਤਿਆਰ ਕੀਤਾ ਨਹੀਂ ਹੁੰਦਾ। ਮਿਸਾਲ ਵਜੋਂ ਇਕ ਜਗਿਆਸੂ ਇਹ ਫੈਸਲਾ ਕਰਦਾ ਹੈ ਉਹ ਦੋ ਘੰਟੇ ਰੋਜ਼ ਮੈਡੀਟੇਸ਼ਨ ਕਰੇਗਾ, ਸੂਰਜ ਚੜ੍ਹਨ ਤੋਂ ਪਹਿਲਾਂ ਉਠੇਗਾ, ਆਪਣਾ ਖਾਣਾ ਪੀਣਾ ਬਿਲਕੁਲ ਬਦਲ ਲਵੇਗਾ। ਉਹ ਆਪਣੇ ਆਪ ਨੂੰ ਹੌਲੀ-ਹੌਲੀ ਇਸ ਗੱਲ ਲਈ ਤਿਆਰ ਨਹੀਂ ਕਰਦਾ, ਉਹ ਤਾਂ ਇਕ ਦਮ ਹੀ ਸਭ ਬਦਲ ਦੇਣਾ ਚਾਹੁੰਦਾ ਹੈ। ਫੇਰ ਜਦੋਂ ਉਹ ਰੋਜ਼ ਹੀ ਘੜੀ ਦਾ ਅਲਾਰਮ ਬੰਦ ਕਰ ਦਿੰਦਾ ਹੈ, ਸਮੇਂ ਸਿਰ ਨਹੀਂ ਉਠ ਸਕਦਾ, ਉਹ ਆਪਣੇ ਆਪ ਨੂੰ ਦੋਸ਼ੀ ਸਮਝਣ ਲਗ ਪੈਂਦਾ ਹੈ, ਨਾਲ ਹੀ ਖਾਣ ਪੀਣ ਦਾ ਸੰਜਮ ਜਿਹੜਾ ਉਸ ਨੇ ਲਾਗੂ ਕਰਨਾ ਸੀ, ਉਹ ਵੀ ਉਹ ਨਹੀਂ ਰੱਖ ਸਕਿਆ। ਉਸ ਨੇ ਤਾਂ ਚੌਕਲੇਟ ਖਾ ਲਿਆ। ਇਸ ਤਰ੍ਹਾਂ ਨਾਲ ਉਹ ਆਪਣੇ ਆਪ ਤੇ ਬਹੁਤ ਉਦਾਸ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਸਵੈ ਅਨੁਸ਼ਾਸਨ ਹੈ ਹੀ ਨਹੀਂ, ਕੋਈ ਕਿਸੇ ਤਰ੍ਹਾਂ ਦਾ ਵੀ ਅਨੁਸ਼ਾਸਨ ਉਸ ਕੋਲ ਨਹੀਂ। ਹੁੰਦਾ ਇਹ ਹੈ ਕਿ ਹੌਲੀ-ਹੌਲੀ ਕੰਮ ਕਰਨ ਦੀ ਥਾਂ, ਹੌਲੀ-ਹੌਲੀ ਆਪਣੇ ਆਪ ਨੂੰ ਸ਼ੁੱਧ ਕਰਨ ਦੀ ਥਾਂ ਉਹ ਤਾਂ ਰਾਤੋ ਰਾਤ ਹੀ ਸ਼ੁੱਧ ਹੋਣਾ ਚਾਹੁੰਦੇ ਹਨ, ਉਹ ਆਪਣੇ ਆਪ ਨੂੰ ਫੇਰ ਨਖੇਦਣ ਲਗ ਪੈਂਦੇ ਹਨ।

ਇਕ ਸੁਚੱਜਾ ਅਧਿਆਪਕ ਇਸ ਸਥਿਤੀ ਤੋਂ ਲਾਭ ਲੈ ਕੇ ਜਗਿਆਸੂ ਨੂੰ ਆਪਣੇ ਆਪ ਬਾਰੇ ਸੋਚਣ ਲਈ ਕਹਿੰਦਾ ਹੈ, ਆਪਣੇ ਆਪ ਨੂੰ ਜਾਨਣ ਲਈ, ਘੋਖਣ ਲਈ ਪ੍ਰੇਰਦਾ ਹੈ। ਗੁਰੂ ਉਸ ਨੂੰ ਦਸਦਾ ਹੈ ਕਿ ਉਸ ਨੇ ਬਹੁਤ ਉਚੇ ਆਦਰਸ਼ ਰੱਖੇ ਹਨ ਕਿਉਂਕਿ ਉਨ੍ਹਾਂ ਤੱਕ ਪਹੁੰਚਣ ਲਈ ਅਸਮਰਥ ਰਿਹਾ ਹੈ, ਇਸ ਕਰਕੇ ਉਹ ਉਦਾਸ ਹੈ ਉਹ ਆਪਣੇ ਆਪ ਨੂੰ ਦੋਸ਼ੀ ਸਮਝਦਾ ਹੈ। ਚੰਗਾ ਗੁਰੂ ਆਪਣੇ ਸ਼ਿਸ਼ ਨੂੰ ਪ੍ਰੇਰਦਾ ਹੋਇਆ ਉਸ ਨੂੰ ਆਪਣੇ ਦੋਸ਼ ਨੂੰ ਚੰਗੀ ਤਰ੍ਹਾਂ ਨਾਲ ਦੇਖਣ ਲਈ, ਘੋਖਣ ਲਈ ਕਹੇਗਾ ਫੇਰ ਇਹ ਕਹੇਗਾ ਕਿ ਉਹ ਦੇਖੇ ਕੀ ਇਹ ਦੋਸ਼ ਭਾਵਨਾ ਕਿਸ ਪ੍ਰਕਾਰ ਲਾਭਕਾਰੀ ਹੋ ਰਹੀ ਹੈ ਜਾਂ ਉਸ ਨੂੰ ਹੋਰ ਉਦਾਸ ਕਰ ਰਹੀ ਹੈ, ਨਖੇਦੀ ਵਲ ਲੈ ਜਾ ਰਹੀ ਹੈ? ਇਕ ਵਿਦਿਆਰਥੀ ਨੂੰ ਭਾਵੇਂ ਇਹ ਲੱਗੇ ਕਿ ਉਹ ਜ਼ਿੰਮੇਵਾਰੀ ਤੋਂ ਪਰ੍ਹੇ ਹਟ ਰਿਹਾ ਹੈ। ਜਦੋਂ ਤੱਕ ਉਹ ਇਹ ਮਹਿਸੂਸ ਕਰਦਾ ਹੈ ਕਿ ਉਹ ਅਯੋਗ ਹੈ, ਇਕ ਅਸਫਲ ਮਨੁੱਖ ਹੈ, ਉਦੋਂ ਤੱਕ ਉਹ ਅੱਗੇ ਵਧਣ ਦੀ ਕੋਸ਼ਿਸ਼ ਕਰ ਹੀ ਨਹੀਂ ਸਕਦਾ। ਯੋਗ ਦਾ ਉਦੇਸ਼, ਗੋਲ ਆਪਣੇ ਆਪ ਨੂੰ ਜਾਂਚਣਾ ਹੈ, ਜਾਂਚ ਕੇ ਜੋ ਵਾਸਤਵ ਵਿਚ ਹੋਵੇ ਜੋ ਯਥਾਰਥ ਹੋਵੇ ਉਸ ਅਨੁਸਾਰ ਚਲਣਾ, ਉਸ ਅਨੁਸਾਰ ਅਨੁਭਵ ਕਰਨਾ, ਯੋਗ ਤੁਹਾਨੂੰ ਆਪਣੇ ਬਾਰੇ ਯਥਾਰਥ ਗਿਆਨ ਕਰਾ ਕੇ, ਯਥਾਰਥ ਰੂਪ ਨਾਲ ਆਪਣੇ ਆਪ ਨਾਲ ਸਿਝਣਾ ਦਸਦਾ ਹੈ, ਯੋਗ ਮਨੋਵਿਗਿਆਨ ਜਗਿਆਸੂ ਨੂੰ ਅਯੋਗ ਆਸ, ਕਲਪਨਾ ਬਾਰੇ ਜਾਣੂ ਕਰਾ ਕੇ ਉਸ ਨਾਲ ਨਿਬੜਨਾ ਦਸਦਾ ਹੈ, ਯੋਗ ਦਾ ਵਿਦਿਆਰਥੀ ਸਿਖਦਾ ਹੈ ਉਹ ਆਪਣੇ ਆਪ ਨੂੰ ਦੋਸ਼ੀ ਨਹੀਂ ਠਹਿਰਾਂਦਾ, ਉਹ ਆਪਣੀਆਂ ਆਸਾਂ ਉਮੀਦਾਂ ਨੂੰ ਆਪਣੀ ਯੋਗਤਾ ਅਨੁਸਾਰ ਬਣਾਉਂਦਾ ਹੈ, ਉਨ੍ਹਾਂ ਨੂੰ ਵਧੇਰੇ ਯਥਾਰਥ ਬਣਾਉਂਦਾ ਹੈ, ਇਹ ਦੇਖ ਕੇ ਬਣਾਉਂਦਾ ਹੈ ਕਿ ਉਹ ਕੀ ਪ੍ਰਾਪਤ ਕਰ ਸਕਦਾ ਹੈ ਕੀ ਨਹੀਂ।

ਅਸੀਂ ਦੇਖਦੇ ਹਾਂ ਜਿਹੜੇ ਬਹੁਤ ਉਚੇ ਆਦਰਸ਼ ਬਣਾਉਂਦੇ ਹਨ ਉਹ ਬਹੁਤ ਘੱਟ ਹੀ ਉਨ੍ਹਾਂ ਤੱਕ ਪਹੁੰਚਦੇ ਹਨ ਉਹ ਉਥੇ ਤਕ ਅਨੁਸ਼ਾਸਨ ਹੀ ਨਹੀਂ ਰੱਖ ਸਕਦੇ। ਜਿਹੜੇ ਵਿਦਿਆਰਥੀ ਯੋਗ ਲਈ ਬਹੁਤ ਹੀ ਜ਼ੋਰ ਨਾਲ ਪੂਰੀ ਤਰ੍ਹਾਂ ਉਤਸ਼ਾਹਤ ਹੁੰਦੇ ਹਨ, ਤੀਬਰ ਹੁੰਦੇ ਹਨ ਉਨ੍ਹਾਂ ਦਾ ਹੀ ਸਭ ਤੋਂ ਛੇਤੀ ਭਰਮ ਨਵਿਰਤ ਹੁੰਦਾ ਹੈ, ਉਹ ਯੋਗ ਛੱਡ ਕੇ ਕਿਸੇ ਹੋਰ ਮਾਰਗ ਦੀ ਭਾਲ ਵਿਚ ਚਲੇ ਜਾਂਦੇ ਹਨ। ਇਥੇ ਉਹ ਕਹਾਣੀ ਕਿ ਕਿਸ ਤਰ੍ਹਾਂ ਨਾਲ ਕਛੂਆ ਹੌਲੀ-ਹੌਲੀ ਚਲ ਕੇ ਪਹੁੰਚ ਜਾਂਦਾ ਹੈ ਤੇ ਖਰਗੋਸ਼ ਆਰਾਮ ਹੀ ਕਰਦਾ ਰਹਿ ਜਾਂਦਾ ਹੈ। ਯੋਗ ਦੇ ਅਧਿਆਪਕ ਨੂੰ ਵੀ ਇਹ ਪਤਾ ਲਗ ਜਾਂਦਾ ਹੈ ਕਿ ਜਿਹੜਾ ਸ਼ਿਸ਼ ਹੌਲੀ-ਹੌਲੀ ਤਰੱਕੀ ਕਰਦਾ ਹੈ, ਜਿਸ ਦੀ ਆਸ ਕੋਈ ਬਹੁਤ ਉਚੀ ਨਹੀਂ ਜਿਹੜਾ ਯਥਾਰਥੀ ਹੈ ਉਹ ਹੀ ਸਭ ਤੋਂ ਵੱਧ ਤਰੱਕੀ ਕਰ ਸਕਦਾ ਹੈ।

ਆਪਣੇ ਆਪ ਲਈ ਤੇ ਸੰਸਾਰ ਲਈ ਯਥਾਰਥੀ ਹੋਣ ਲਈ ਜਗਿਆਸੂ ਨੂੰ ਉਹੋ ਜਿਹੇ ਗੋਲ ਰੱਖਣੇ ਚਾਹੀਦੇ ਹਨ ਜਿਨ੍ਹਾਂ ਦੀ ਪ੍ਰਾਪਤੀ ਉਹ ਕਰ ਸਕਦਾ ਹੋਵੇ। ਜੇਕਰ ਉਹ ਇਕ ਦਮ ਅੱਗੇ ਨਾ ਜਾ ਸਕੇ, ਉਸ ਚੀਜ਼ ਨੂੰ ਇਕ ਫਿਟਕਾਰ ਨਹੀਂ ਸਮਝਣਾ ਚਾਹੀਦਾ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਖਿਮਾ ਕਰੇ, ਪਾਪ, ਦੋਸ਼, ਅਯੋਗਤਾ ਸਭ ਛੱਡ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਇਹੋ ਜਿਹੀ ਨਖੇਦੀ ਦੀ ਮਨੋਬਿਰਤੀ ਤੋਂ ਇਹੋ ਜਿਹੀ ਕਠੋਰਤਾ ਤੋਂ, ਖੁਸ਼ੀ ਸ਼ਾਂਤੀ,

ਇਕਸੁਰਤਾ ਇਕਸਾਰਤਾ ਪੈਦਾ ਨਹੀਂ ਹੋ ਸਕਦੀ। ਜੇਕਰ ਤੁਸੀਂ ਸ਼ਾਂਤੀ, ਖੁਸ਼ੀ ਅਨੰਦ ਲੈਣਾ ਹੈ ਤਾਂ ਆਪਣੇ ਲਈ ਵਿਨਾਸ਼ਕਾਰੀ ਮਨੋਬਿਰਤੀ, ਆਪਣੀ ਅਲੋਚਨਾ ਛੱਡਣੀ ਪਵੇਗੀ, ਇਸ ਦੀ ਥਾਂ ਆਪਣੇ ਲਈ ਦਇਆ ਦੀ ਮਨੋਬਿਰਤੀ ਰੱਖਣੀ ਹੋਵੇਗੀ।

ਕਠੋਰਤਾ ਨੂੰ ਖਿਮਾ ਵਿਚ ਬਦਲਣਾ, ਆਪਣੇ ਆਪ ਨੂੰ ਖਿਮਾ ਕਰਨਾ ਕੋਈ ਬਹੁਤਾ ਔਖਾ ਨਹੀਂ ਹੈ। ਕਰਨ ਵਾਲੀ ਗੱਲ ਕੇਵਲ ਇਹ ਹੈ ਕਿ ਤੁਸੀਂ ਦੇਖੋ ਕਿ ਤੁਸੀਂ ਕਿੰਨੀ ਵਾਰੀ ਆਪਣੇ ਆਪ ਲਈ ਅਲੋਚਕ ਹੁੰਦੇ ਹੋ, ਕਿੰਨੀ ਵਾਰੀ ਆਪਣੇ ਆਪ ਨੂੰ ਨਖੇਦਦੇ ਹੋ, ਕਿੰਨੀ ਵਾਰੀ ਆਪਣੇ ਆਪ ਨੂੰ ਬੁਰੀ ਤਰ੍ਹਾਂ, ਭੈੜੀ ਤਰ੍ਹਾਂ ਦੇਖਦੇ ਹੋ। ਜਦੋਂ ਵੀ ਤੁਸੀਂ ਇਸ ਤਰ੍ਹਾਂ ਕਰ ਰਹੇ ਹੋਵੋ, ਉਸ ਨੂੰ ਦੇਖੋ ਉਸ ਪ੍ਰਤੀ ਸੁਚੇਤ ਹੋ ਜਾਓ, ਜਦੋਂ ਤੁਸੀਂ ਪਰਖੇ ਜਾ ਰਹੇ ਹੋ, ਆਪਣੇ ਆਪ ਨੂੰ ਪਰਖ ਰਹੇ ਹੋ, ਸੁਚੇਤ ਹੋ ਜਾਓ। ਫੇਰ ਨਵੇਂ ਗੁਣ ਅੱਗੇ ਰੱਖੋ ਉਨ੍ਹਾਂ ਦਾ ਪਸਾਰਾ ਕਰੋ, ਹੋਰ-ਹੋਰ ਚੋਣ ਕਰੋ, ਆਪਣੇ ਆਪ ਨੂੰ ਦੱਸੋ, ਜਿਹੜਾ ਪਾਸਾ ਤੁਹਾਨੂੰ ਜੱਜ ਕਰ ਰਿਹਾ ਹੈ, ਉਹ ਖਿਮਾ ਵੀ ਕਰ ਸਕਦਾ ਹੈ, ਨਿਖੇਦ ਵੀ ਸਕਦਾ ਹੈ, ਤੁਸੀਂ ਜੱਜ ਨੂੰ ਦੱਸੋ ਕਿ ਜੋ ਵੀ ਤੁਸੀਂ ਗਲਤ ਕੀਤਾ ਹੈ, ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਖਿਮਾ ਕਰ ਦੇਣਾ ਚਾਹੀਦਾ ਹੈ। ਤੁਸੀਂ ਦੇਖੋਗੇ ਕਿ ਜੱਜ ਆਪਣਾ ਇਹ ਨਵਾਂ ਕੰਮ ਖੁਸ਼ੀ ਨਾਲ ਕਰ ਰਿਹਾ ਹੈ। ਹੋ ਸਕਦਾ ਹੈ ਕਿ ਉਸ ਦੀਆਂ ਪੁਰਾਣੀਆਂ ਕਠੋਰਪੁਣੇ ਦੀਆਂ ਆਦਤਾਂ ਨਖੇਦਣ ਦੀਆਂ ਆਦਤਾਂ ਦੁਬਾਰਾ ਆ ਸਕਦੀਆਂ ਹਨ, ਪਰ ਜੇਕਰ ਤੁਸੀਂ ਚੌਕਸ ਰਹੋ, ਦੇਖਦੇ ਰਹੋ ਕੀ ਹੋ ਰਿਹਾ ਹੈ, ਕੇਵਲ ਖਿਮਾ ਦੀ ਭਾਵਨਾ ਨੂੰ ਹੀ ਅੱਗੇ ਰੱਖੋ, ਅਲੋਚਨਾ ਨੂੰ ਖਿਮਾ ਨਾਲ ਧੋ ਦਿਓ, ਤੁਸੀਂ ਦੇਖੋਗੇ ਕਿ ਪੁਰਾਣੀ ਆਦਤ ਹੌਲੀ-ਹੌਲੀ ਖਤਮ ਹੋ ਜਾਵੇਗੀ, ਕੇਵਲ ਖਿਮਾ ਹੀ ਰਹਿ ਜਾਵੇਗੀ।

ਜਦੋਂ ਵੀ ਤੁਸੀਂ ਆਪਣੇ ਆਪ ਨੂੰ ਦੋਸ਼ੀ ਠਹਿਰਾਓ ਆਪਣੇ ਆਪ ਨੂੰ ਢਹਿੰਦੀ ਕਲਾ ਵਿਚ ਦੇਖੋ, ਇਕੋ ਗੱਲ ਕਰੋ ਆਪਣੇ ਆਪ ਨੂੰ ਖਿਮਾ ਕਰੋ, ਖਿਮਾ ਲਈ ਸੋਚੋ, ਖਿਮਾ ਹੀ ਤੁਹਾਨੂੰ ਪੂਰੀ ਤਰ੍ਹਾਂ ਨਾਲ ਵਿਕੀਰਣ ਕਰ ਲਏਗੀ, ਤੁਹਾਡਾ ਵਿਸਤਾਰ ਕਰ ਦੇਵੇਗੀ, ਬਾਰ-ਬਾਰ ਆਪਣੇ ਅੰਦਰ ਖਿਮਾ ਮਹਿਸੂਸ ਕਰੋ, ਉਦੋਂ ਤੱਕ ਕਰਦੇ ਰਹੋ ਜਦੋਂ ਤਕ ਤੁਹਾਡੇ ਅੰਦਰ ਸਾਰੇ ਅਲੋਚਕ ਵਿਚਾਰ ਖਤਮ ਨਹੀਂ ਹੋ ਜਾਂਦੇ। ਆਪਣੀ ਜੇਬ ਵਿਚ ਇਕ ਕਾਗਜ਼ ਉਤੇ ਲਿਖ ਕੇ ਰੱਖ ਲਵੋ, ਮੈਂ ਆਪਣੇ ਆਪ ਨੂੰ ਖਿਮਾ ਕੀਤਾ, ਘਰ ਦੀਆਂ ਕੰਧਾਂ ਉਤੇ ਕਾਗਜ਼ ਨਾਲ ਲਿਖ ਕੇ ਲਗਾ ਦਿਓ, ਮੈਂ ਖਿਮਾ ਕੀਤਾ, ਉਦੋਂ ਤਕ ਕਰਦੇ ਜਾਓ ਜਦੋਂ ਤੱਕ ਤੁਹਾਡੇ ਅੰਦਰ ਇਹ ਭਾਵਨਾ ਪੂਰੀ ਤਰ੍ਹਾਂ ਨਾਲ ਨਾ ਆ ਜਾਏ ਕਿ ਸੱਚਮੁੱਚ ਹੀ ਤੁਸੀਂ ਖਿਮਾ ਕੀਤਾ, ਫੇਰ ਤੁਹਾਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਨਹੀਂ ਰਹੇਗੀ। ਜੇ ਤੁਸੀਂ ਕਿਸੇ ਨੂੰ ਦੁੱਖ ਦਿਤਾ ਹੈ ਕਿਸੇ ਨਾਲ ਕੁਝ ਵਿਨਾਸ਼ਕਾਰੀ ਵਿਹਾਰ ਕੀਤਾ ਹੈ, ਉਸ ਲਈ ਵੀ ਆਪਣੇ ਆਪ ਨੂੰ ਬਖਸ਼ੋ, ਖਿਮਾ ਕਰੋ, ਇਸ ਭਾਵਨਾ ਨੂੰ ਭਾਵ ਖਿਮਾ ਦੀ ਭਾਵਨਾ ਨੂੰ ਆਪਣੇ ਅੰਦਰ ਪੂਰੀ ਤਰ੍ਹਾਂ ਨਾਲ ਵਿਸਤਾਰ ਕਰਨ ਦਿਓ। ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਕੁਝ ਵੀ ਕਰੀ ਜਾਓ, ਬਾਰ-ਬਾਰ ਗਲਤ ਕੰਮ ਕਰੀ ਜਾਓ ਤੇ ਆਪਣੇ ਆਪ ਨੂੰ ਖਿਮਾ ਕਰੀ ਜਾਓ ਭਾਵ ਇਹ ਹੈ ਜਦੋਂ ਤੁਸੀਂ ਆਪਣੇ ਆਪ ਨੂੰ ਖਿਮਾ ਕਰੋ, ਉਹ ਗੱਲ ਉਸ ਕਰਮ ਨੂੰ ਵੀ ਉਥੇ ਉਸੇ ਵੇਲੇ ਛੱਡ ਦਿਓ। ਉਸ ਨੂੰ ਸੋਚਦੇ ਨਹੀਂ ਰਹਿਣਾ, ਉਸ ਵਿਚ ਡੁੱਬੇ ਨਹੀਂ ਰਹਿਣਾ, ਲਿਪਤ ਨਹੀਂ ਰਹਿਣਾ ਉਸ ਨੂੰ ਛੱਡ ਦੇਣਾ ਹੈ। ਉਸ ਬਾਰੇ ਸੋਚਣਾ ਨਹੀਂ, ਨਾ ਹੀ ਉਸ ਦੇ ਨਤੀਜੇ ਬਾਰੇ ਸੋਚਣਾ ਹੈ। ਬੱਸ ਉਸ ਨੂੰ ਆਪਣੇ ਅੰਦਰੋਂ ਹੀ ਕੱਢ ਦਿਓ, ਇਕ ਨਵੀਂ ਸ਼ੁਰੂਆਤ ਕਰੋ, ਨਵਾਂ ਵਰਕਾ ਖੋਲ੍ਹੋ।

ਉਦਾਹਰਣ ਵਜੋਂ ਜੇ ਤੁਸੀਂ ਆਪਣੇ ਬੱਚਿਆਂ ਨਾਲ ਹੋ, ਤੁਸੀਂ ਇਹ ਫੈਸਲਾ ਕੀਤਾ ਹੈ ਕਿ ਤੁਸੀਂ ਗੁੱਸੇ ਨਹੀਂ ਹੋਣਾ ਪਰ ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕੇ, ਤੁਸੀਂ ਗੁੱਸੇ ਹੋਏ। ਸੋ ਬਜਾਏ ਮਨ ਵਿਚ ਚਿੰਤਾ ਕਰਨ ਦੇ ਆਪਣੇ ਆਪ ਨੂੰ ਬੁਰਾ ਭਲਾ ਕਹਿਣ ਦੇ ਕਿ ਤੁਸੀਂ ਕਿੰਨੇ ਮਾੜੇ ਮਾਪੇ ਹੋ ਤੁਸੀਂ ਆਪਣੇ ਆਪ ਨੂੰ ਇਹ ਕਹਿ ਸਕਦੇ ਹੋ, ਮੈਂ ਵਾਸਤਵ ਵਿਚ ਇਹ ਨਹੀਂ ਕਰਨਾ ਚਾਹੁੰਦਾ, ਮੈਂ ਤਾਂ ਬੱਚਿਆਂ ਨਾਲ ਗੁੱਸਾ ਨਹੀਂ ਕਰਨਾ ਚਾਹੁੰਦਾ, ਮੈਂ ਤਾਂ ਇਹ ਸਿਖਣਾ ਚਾਹੁੰਦਾ ਹਾਂ ਕਿ ਬੱਚਿਆਂ ਨਾਲ ਗੁੱਸਾ ਨਾ ਕਰਨ ਲਈ ਕੀ ਕਰਨਾ ਚਾਹੀਦਾ ਹੈ। ਮੈਂ ਸਿਖਾਂਗਾ ਮੈਂ ਇਸ ਦੀ ਚਿੰਤਾ ਨਹੀਂ ਕਰਾਂਗਾ, ਆਪਣੇ ਆਪ ਨੂੰ ਨਖੇਦਾਂਗਾ ਨਹੀਂ, ਆਪਣੇ ਆਪ ਨੂੰ ਨਫਰਤ ਵੀ ਨਹੀਂ ਕਰਾਂਗਾ, ਮੈਂ ਆਪਣੇ ਆਪ ਨੂੰ ਖਿਮਾ ਕਰਾਂਗਾ, ਮੈਂ ਫੇਰ ਯਤਨ ਕਰਾਂਗਾ ਕਿ ਗੁੱਸਾ ਨਾ ਕਰਾਂ ਜੋ ਹੋ ਚੁੱਕਾ ਹੈ ਮੈਂ ਉਸ ਬਾਰੇ ਕੋਈ ਸੰਤਾਪ ਨਹੀਂ ਕਰਾਂਗਾ, ਕੋਈ ਦੁੱਖ ਨਹੀਂ ਮਨਾਵਾਂਗਾ। ਮੈਂ ਤਾਂ ਆਪਣਾ ਧਿਆਨ ਕੇਵਲ ਉਸ ਉਤੇ ਇਕਾਗਰ ਕਰਾਂਗਾ ਕਿ ਮੈਂ ਹੁਣ ਕੀ ਕਰਨਾ ਹੈ, ਜੋ ਵੀ ਕਰਨਾ ਹੈ ਉਹ ਮੈਂ ਪੂਰਣਤਾ ਨਾਲ ਕਰਾਂਗਾ, ਜਿੰਨੀ ਵੀ ਪੂਰਣਤਾ ਨਾਲ ਮੈਂ ਕਰ ਸਕਦਾ ਹਾਂ।

ਜਦੋਂ ਤੁਸੀਂ ਆਪਣੇ ਆਪ ਨੂੰ ਘੋਖਦੇ ਹੋ, ਜੱਜ ਕਰਦੇ ਹੋ, ਕਰੀ ਜਾਂਦੇ ਹੋ ਉਸ ਨਾਲ ਤੁਹਾਡਾ ਦਵੰਦ ਵਧਦਾ ਹੈ, ਇਸ ਤੋਂ ਇਹ ਭਾਵ ਹੁੰਦਾ ਹੈ ਕਿ ਤੁਸੀਂ ਭੂਤਕਾਲ ਵਿਚ ਜੀ ਰਹੇ ਹੋ, ਉਸੇ ਨੂੰ ਹੀ ਵਰਤਮਾਨ ਵਿਚ ਘਸੀਟ ਰਹੇ ਹੋ ਪਰ ਜਦੋਂ ਤੁਸੀਂ ਖਿਮਾ ਕਰ ਦਿੰਦੇ ਹੋ, ਉਸ ਤੋਂ ਭਾਵ ਹੁੰਦਾ ਹੈ ਕਿ ਤੁਸੀਂ ਛੱਡ ਦਿੰਦੇ ਹੋ, ਇਹ ਇਕ ਢਿੱਲ ਦੇਣ ਦੀ ਕ੍ਰਿਆ ਹੈ, ਇਕ ਨਵੇਂ ਕਸ਼ਣ ਵਿਚ ਜਾਣ ਦੀ ਕ੍ਰਿਆ ਹੈ, ਅੱਗੇ ਜਾਣ ਦਾ ਮੌਕਾ ਹੈ, ਦੁਬਾਰਾ ਤੋਂ ਸ਼ੁਰੂ ਕਰਨ ਦਾ ਮੌਕਾ ਹੈ, ਇਹ ਮੌਕਾ ਹੈ ਤੁਸੀਂ ਆਪਣਾ ਵਿਹਾਰ ਚੰਗਾ ਕਰੋ, ਆਪਣੇ ਆਪ ਨੂੰ ਸੋਧੋ, ਉਸ ਤਰ੍ਹਾਂ ਦਾ ਵਿਹਾਰ ਕਰੋ ਕਿ ਤੁਸੀਂ ਖੁਸ਼ ਰਹੋ, ਤੁਹਾਨੂੰ ਖੁਸ਼ੀ ਮਿਲੇ ਮਨ ਨੂੰ ਅੱਛਾ ਲੱਗੇ। ਜੱਜ ਕਰਨਾ, ਪਰਖਣਾ ਫੇਰ ਉਸੇ ਸਥਿਤੀ ਵਿਚ ਵਿਚਰਦੇ ਰਹਿਣਾ ਇਹ ਤਾਂ ਗਤੀਹੀਣਤਾ ਦੀ ਭਾਵਨਾ ਹੈ, ਅਨੁਭਵ ਹੈ, ਇਕ ਬੰਦ ਅਵਸਥਾ ਹੈ, ਦੁਖੀ ਅਵਸਥਾ ਹੈ। ਇਸ ਦੇ ਵਿਪਰੀਤ ਬਖਸ਼ਣਾ, ਖਿਮਾ ਕਰਨੀ, ਇਕ ਪੁਨਰ ਅਵਸਥਾ ਹੈ, ਇਕ ਵਿਸਤ੍ਰਿਤ ਅਵਸਥਾ ਹੈ। ਪਿਆਰ ਦੇ ਚਾਨਣ ਵਿਚ ਰਹਿਣਾ, ਖਿਮਾ ਕਰਨੀ ਇਹ ਤੁਹਾਨੂੰ ਸ਼ਾਂਤੀ ਦੇਣਗੇ ਤੁਸੀਂ ਆਪਣੇ

ਅੰਦਰ ਚਾਨਣ ਮਹਿਸੂਸ ਕਰੋਗੇ, ਤੁਹਾਡੇ ਆਲੇ ਦੁਆਲੇ ਵੀ ਚਾਨਣ ਦਾ ਹੀ ਪਸਾਰਾ ਤੇ ਅਨੁਭਵ ਹੋਵੇਗਾ। ਬਹੁਤ ਸਾਰੀਆਂ ਉਹ ਚੀਜ਼ਾਂ, ਉਹ ਗੱਲਾਂ ਸਭ ਖਤਮ ਹੋ ਜਾਣਗੀਆਂ ਉਹ ਸਭ ਛੁੱਟ ਜਾਣਗੀਆਂ, ਜਦੋਂ ਤੁਸੀਂ ਆਪਣੇ ਬਾਰੇ ਸਕਾਰਾਤਮਕ ਪ੍ਰਵਿਰਤੀ ਬਣਾ ਲਵੋਗੇ, ਆਪਣੇ ਆਪ ਨੂੰ ਸਵੀਕਾਰ ਕਰ ਲਵੋਗੇ। ਅੰਤ ਵਿਚ ਜਦੋਂ ਤੁਸੀਂ ਆਪਣੇ ਆਪ ਨੂੰ ਬਖਸ਼ਦੇ ਹੋ, ਉਹ ਪ੍ਰਵਿਰਤੀ ਤੁਹਾਡੇ ਅੰਦਰੋਂ ਪ੍ਰਗਟ ਹੋਣੀ ਸ਼ੁਰੂ ਹੋ ਜਾਵੇ, ਤੁਹਾਡਾ ਸਾਰਾ ਆਪਾ, ਤੁਹਾਡੀ ਪੂਰੀ ਹੋਂਦ ਹੀ ਖਿਮਾ ਬਣ ਜਾਵੇਗੀ, ਦੂਸਰੇ ਵੀ ਉਸ ਨੂੰ ਮਹਿਸੂਸ ਕਰਨਗੇ, ਉਸ ਦਾ ਅਨੰਦ ਮਾਣ ਸਕਣਗੇ.

ਕਈ ਲੋਕ ਇਹ ਸੋਚਣ ਦੀ ਗਲਤੀ ਕਰਦੇ ਹਨ ਕਿ ਆਪਣੇ ਆਪ ਨੂੰ ਅਪਰਾਧੀ ਸਮਝਣਾ, ਆਪਣੇ ਆਪ ਨੂੰ ਨਖੇਦਣਾ, ਆਪਣੀ ਆਲੋਚਨਾ ਕਰਨੀ, ਇਹ ਇਕ ਬਹੁਤ ਸ੍ਰੇਸ਼ਟ ਕਰੰਮ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਮਨੁੱਖ ਦੀ ਹਉਮੈ ਮਰਦੀ ਹੈ, ਨਿਮਰਤਾ ਜਾਗਦੀ ਹੈ। ਵਾਸਤਵ ਵਿਚ ਇਹ ਤਾਂ ਨਿਮਰਤਾ ਦੀ ਖਿਲੀ ਉਡਾਉਣੀ ਹੈ। ਨਿਮਰਤਾ ਦਾ ਮਖੌਲ ਹੈ ਕਿਉਂਕਿ ਸਵੈ ਦੀ ਨਖੇਦੀ ਕੇਵਲ ਸਵੈ ਅਤਿ ਭੰਗ ਹੈਂ, ਸਵੈ ਆਤਮ ਤ੍ਰਿਪਤੀ ਹੈ। ਤੁਸੀਂ ਸਦਾ 'ਮੈਂ' ਵਿਚ ਹੀ ਰੁਝੇ ਰਹਿੰਦੇ ਹੋ, ਇਸੇ 'ਮੈਂ' ਦੀ ਅਵਸਥਾ ਤੋਂ ਤੁਸੀਂ ਅਨੰਦ ਪ੍ਰਾਪਤ ਕਰਦੇ ਰਹਿੰਦੇ ਹੋ, ਤੁਹਾਨੂੰ ਆਪਣਾ ਦਰਦ ਚੰਗਾ ਲਗਣ ਲਗ ਪੈਂਦਾ ਹੈ। ਇਸ ਤਰ੍ਹਾਂ ਨਾਲ ਆਪਣਾ ਦੋਸ਼ ਅਪਰਾਧ ਇਕ ਸਵੈ ਪੱਖਪਾਤ, ਇਕ ਸਵੈ ਪੂਰਵ ਧਾਰਨਾ ਹੈ, ਜਦੋਂ ਕਿ ਖਿਮਾ ਇਕਸਾਰਤਾ ਵਾਲਾ ਅਨੁਭਵ ਹੈ, ਜਿਹੜਾ ਅੰਦਰ ਬਾਹਰ ਦੋਨਾਂ ਨੂੰ ਹੀ ਮਿਲਾ ਦਿੰਦਾ ਹੈ। ਖਿਮਾ ਅੰਤਰ ਦਾ, ਸਵੈ ਦਾ ਅਨੁਭਵ ਹੈ, ਡੂੰਘਾ ਅਨੁਭਵ ਹੈ, ਸਾਡੀ ਹੋਂਦ ਦਾ ਮੂਲ ਹੈ, ਮੂਲ ਤੱਤ ਹੈ, ਮੂਲ ਪ੍ਰਵਿਰਤੀ ਹੈ, ਇਹ ਦੂਸਰਿਆਂ ਤੱਕ ਪਿਆਰ ਸਨੇਹ, ਅਨੁਮਤੀ, ਪ੍ਰਵਾਨਗੀ ਦਿੰਦੀ ਹੈ।

ਬਖਸ਼ਣ ਦਾ ਗੁਣ, ਖਿਮਾ ਦਾ ਗੁਣ ਹੀ ਅਧਿਆਤਮਕ ਗੁਰੂ ਦਾ ਅਧਿਆਤਮਕ ਨੇਤਾ ਦਾ ਸਭ ਤੋਂ ਵੱਡਾ ਗੁਣ ਹੈ। ਜੇ ਤੁਸੀਂ ਵਡਭਾਗੇ ਹੋ, ਤੁਹਾਨੂੰ ਪਹੁੰਚੇ ਮਹਾਂਪੁਰਖ, ਬਖਸ਼ੇ ਹੋਏ ਸੰਤਾਂ ਦਾ ਸਾਥ ਪ੍ਰਾਪਤ ਹੋਇਆ ਹੈ, ਤੁਸੀਂ ਦੇਖੋਗੇ ਖਿਮਾ, ਸੁਤੰਤਰ ਨਿਰਪੇਖ ਪਿਆਰ ਹੀ ਉਨ੍ਹਾਂ ਦਾ ਵੱਡਾ ਗੁਣ ਹੈ। ਇਹ ਦੋ ਉਨ੍ਹਾਂ ਦੇ ਸਭ ਤੋਂ ਵੱਡੇ ਗੁਣ ਹਨ। ਬਹੁਤ ਸਾਰੇ ਲੋਕ ਇਹੋ ਜਿਹੇ ਮਹਾਂਪੁਰਖਾਂ ਕੋਲ ਜਾਣ ਤੋਂ ਡਰਦੇ ਹਨ, ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਸਾਰੇ ਪੋਲ ਖੁਲ੍ਹ ਜਾਣਗੇ, ਉਨ੍ਹਾਂ ਦੇ ਅੰਦਰ ਦੇ ਸਾਰੇ ਔਗੁਣ ਮਹਾਂਪੁਰਖਾਂ ਦੇ ਸਾਮ੍ਹਣੇ ਆ ਜਾਣਗੇ, ਉਹ ਭਾਵੇਂ ਇਸ ਗੱਲ ਨੂੰ ਮੰਨਦੇ ਹਨ ਕਿ ਮਹਾਂਪੁਰਖਾਂ ਨੂੰ ਸਭ ਕੁਝ ਪਤਾ ਹੈ, ਉਹ ਉਨ੍ਹਾਂ ਦੇ ਸਾਰੇ ਔਗੁਣ ਜਾਣਦੇ ਹਨ, ਉਨ੍ਹਾਂ ਦੀ ਬੇਈਮਾਨੀ, ਲੋਭ, ਕ੍ਰੋਧ, ਮਹਾਂਪੁਰਖ ਇਨ੍ਹਾਂ ਸਭ ਤੋਂ ਚੰਗੀ ਤਰ੍ਹਾਂ ਜਾਣੂ ਹਨ, ਸੋ ਬਿਜਾਏ ਇਸ ਦੇ ਕਿ ਉਹ ਮਹਾਂਪੁਰਖਾਂ ਦੇ ਸਾਮ੍ਹਣੇ ਹੋਣ ਉਹ ਉਨ੍ਹਾਂ ਤੋਂ ਦੂਰ ਹੋ ਜਾਂਦੇ ਹਨ ਪਰ ਜੇ ਕਿਤੇ ਉਹ ਮਹਾਂਪੁਰਖਾਂ ਦੇ ਨੇਤਰਾਂ ਵਿਚ ਦੇਖਣ, ਉਨ੍ਹਾਂ ਨੂੰ ਉਨ੍ਹਾਂ ਦੇ ਨੇਤਰਾਂ ਵਿਚ ਕੋਈ ਵਿਸ਼ਲੇਸ਼ਣ, ਕੋਈ ਨਿਖੇਦਤਾ ਨਹੀਂ ਦਿਸੇਗੀ ਇਸ ਤੋਂ ਉਲਟ ਉਨ੍ਹਾਂ ਨੂੰ ਤਾਂ ਮਹਾਂਪੁਰਖਾਂ ਦੀ ਨਿਗ੍ਹਾ ਵਿਚ ਕੇਵਲ ਪਿਆਰ ਸਨੇਹ ਹੀ ਦਿਸੇਗਾ, ਸਵੀਕ੍ਰਿਤੀ ਹੀ ਦਿਸੇਗੀ, ਅਨੁਮਤੀ ਹੀ ਦਿਸੇਗੀ, ਮਹਾਂਪੁਰਖਾਂ ਦੀ ਸੋਚਣੀ, ਬੋਲ, ਕਰਮ ਜੋ ਵੀ ਹੋਵੇ, ਮਹਾਂਪੁਰਖ ਸਭ ਦੇਖਦੇ ਹਨ, ਜਾਣਦੇ ਹਨ, ਸਮਝਦੇ ਹਨ, ਪੂਰੀ ਇਕਸੁਰਤਾ ਨੂੰ ਇਕਸਾਰਤਾ ਨੂੰ ਜਾਣਦੇ ਹਨ, ਸਭ ਕੁਝ ਜਾਣਦਿਆਂ ਉਹ ਤੁਹਾਨੂੰ ਪੂਰੀ ਸਵੀਕ੍ਰਿਤੀ ਦਿੰਦੇ ਹਨ, ਪੂਰੀ ਅਨੁਮਤੀ ਦਿੰਦੇ ਹਨ, ਤੁਹਾਡੀ ਹਰ ਗੱਲ ਨੂੰ ਪੂਰੀ ਤਰ੍ਹਾਂ ਜਾਣਦਿਆਂ ਤੁਹਾਡੇ ਹਰ ਕਰਮ ਨੂੰ ਸੰਪੂਰਨਤਾ ਨਾਲ ਮੰਨਦਿਆਂ, ਜਾਣਦਿਆਂ ਉਹ ਵਾਸਤਵ ਵਿਚ ਖਿਮਾ ਤੋਂ ਵੀ ਪਰ੍ਹੇ, ਖਿਮਾ ਤੋਂ ਵੀ ਉਪਰ ਹਨ, ਉਹ ਤਾਂ ਜਾਣੀ ਜਾਣ ਹੋ ਕੇ ਬਖਸ਼ਿਸ਼ ਦੇ ਘਰ ਹੀ ਵਿਚਰਦੇ ਹਨ।

ਇਹ ਗੁਣ ਕੋਈ ਕਿਸੇ ਇਕ ਦਾ ਗੁਣ ਨਹੀਂ, ਇਹ ਗੁਣ ਦਾ ਉਚੀ ਸੁੱਚੀ ਚੇਤਨਾ ਦਾ ਗੁਣ ਹੈ, ਫਰਕ ਕੇਵਲ ਐਨਾ ਹੈ ਕਿ ਇਹ ਅਧਿਆਤਮਕ ਗੁਰੂ ਵਿਚ ਹੀ ਪ੍ਰਗਟ ਹੁੰਦੇ ਹਨ। ਦੇਖਿਆ ਜਾਵੇ ਤਾਂ ਇਹ ਸਾਡੀ ਹੋਂਦ ਦਾ ਤੱਤ ਹਨ, ਕੀ ਤੁਸੀਂ ਆਪਣੇ ਅੰਦਰ ਡੂੰਘੀ ਝਾਤੀ ਮਾਰ ਸਕਦੇ ਹੋ, ਦੇਖ ਸਕਦੇ ਹੋ? ਦੇਖ ਕੇ ਤੁਸੀਂ ਜਾਣੋਗੇ, ਮਹਿਸੂਸ ਕਰੋਗੇ ਜੋ ਕੁਝ ਵੀ ਤੁਸੀਂ ਸੋਚ ਰਹੇ ਸੀ ਜੋ ਕੁਝ ਵੀ ਤੁਸੀਂ ਸੋਚਿਆ ਉਹ ਤੁਹਾਡੀ ਅਸਮ੍ਰਿਧੀ ਸੀ, ਤੁਹਾਡੀ ਅਸੰਪਨਤਾ ਸੀ, ਤੁਹਾਡੇ ਗਲਤ ਕਰਮ ਸੀ, ਕੰਮ ਸੀ, ਤੁਹਾਡੇ ਹਾਨੀਕਾਰਕ ਵਿਚਾਰ ਸੀ, ਇਹ ਸਭ ਕੁਝ ਤੁਹਾਡੇ ਵਿਕਾਸ ਦੀ ਪ੍ਰਕ੍ਰਿਆ ਸੀ, ਤੁਸੀਂ ਉਨ੍ਹਾਂ ਗਲਤੀਆਂ ਤੋਂ ਸਿਖਿਆ, ਆਪਣੇ ਆਪ ਨੂੰ ਸਮਝਿਆ, ਦੂਸਰਿਆਂ ਨੂੰ ਵੀ ਚੰਗੀ ਤਰ੍ਹਾਂ ਨਾਲ ਸਮਝਿਆ ਜਿਸ ਤਰ੍ਹਾਂ ਤੁਸੀਂ ਵਿਸਤ੍ਰਿਤ ਹੁੰਦੇ ਹੋ, ਤੁਹਾਨੂੰ ਗਿਆਨ ਪ੍ਰਕਾਸ਼ ਹੁੰਦਾ ਹੈ, ਤੁਹਾਡਾ ਗਿਆਨ ਵਿਸਤ੍ਰਿਤ ਹੁੰਦਾ ਹੈ, ਇਹ ਸਭ ਕੁਝ ਪਿਛੇ ਰਹਿ ਜਾਂਦਾ ਹੈ। ਤੁਸੀਂ ਕੇਵਲ ਫੇਰ ਇਕਸਾਰਤਾ, ਇਕਸੁਰਤੀ ਅਨੰਦਮਈ ਹੋ ਜਾਂਦੇ ਹੋ, ਕੇਵਲ ਇਕ ਪਿਆਰ, ਇਕ ਖਿਮਾ ਦੀ ਮੂਰਤੀ ਹੀ ਬਣ ਜਾਂਦੇ ਹੋ।

ਪਿਆਰ ਹੀ ਕੇਵਲ ਇਕ ਮਾਤ੍ਰ ਜੀਵਨ ਦਾ ਸਥਾਈ ਸਰੋਤ ਹੈ, ਜਿਹੜਾ ਅਨੰਤ ਤੋਂ ਅਨੰਤ ਤਕ ਚਲਦਾ ਹੈ, ਖਿਮਾ ਅੰਦਰ ਦੀ ਸ਼ਕਤੀ ਹੈ ਜਿਹੜੀ ਗਿਆਨ ਦੇ ਮਾਰਗ ਤੇ ਬੀਜੀ ਜਾਂਦੀ ਹੈ। ਵੱਡੇ-ਵੱਡੇ ਲੋਕ ਇਸ ਸੰਸਾਰ ਵਿਚ ਇਸ ਤਰ੍ਹਾਂ ਰਹਿੰਦੇ ਹਨ ਇਸ ਚੇਤਨਾ ਨਾਲ ਰਹਿੰਦੇ ਹਨ ਜਿਵੇਂ ਉਹ ਇਕ ਸਫਰ ਕਰ ਰਹੇ ਹੋਣ, ਉਸ ਲੰਮੇ ਸਫਰ ਵਿਚ ਇਹ ਜੀਵਨ ਇਕ ਪੜਾਅ ਹੋਵੇ, ਮਨੁੱਖੀ ਪ੍ਰਾਲਬਧ ਦਾ ਪੜਾਅ। ਇਹ ਲੋਕ ਦ੍ਵੈਸ਼ ਘ੍ਰਿਣਾ, ਈਰਖਾ, ਅਭੀਮਾਨ, ਪ੍ਰਤਿਸ਼ਠਾ, ਪੱਖਪਾਤ, ਇਨ੍ਹਾਂ ਵਿਚਾਰਾਂ ਨਾਲ ਖੁਸ਼ ਨਹੀਂ ਹੁੰਦੇ ਇਨ੍ਹਾਂ ਦੇ ਭਾਗੀਦਾਰ ਨਹੀਂ ਬਣਦੇ। ਖਿਮਾ ਇਨ੍ਹਾਂ ਦੀ ਉਹ ਸ਼ਕਤੀ ਹੈ ਜਿਹੜੀ ਇਨ੍ਹਾਂ ਨੂੰ ਵਿਸਤ੍ਰਿਤ ਕਰਨ ਵਿਚ ਸਹਾਈ ਹੁੰਦੀ ਹੈ, ਵਾਸਤਵਿਕਤਾ ਤਕ ਲੈ ਜਾਂਦੀ

(********)

# ਬੀਬੀ ਸੁਘੜ ਬਾਈ

***ਭਾਈ ਵੀਰ ਸਿੰਘ ਜੀ***

## (ਇਕਾਂਤ ਤੇ ਇਕੱਲ)

ਥੱਕ ਜਾਏ ਇਨਸਾਨ ਤਾਂ ਆਰਾਮ ਚਾਹੁੰਦਾ ਹੈ, ਅੱਕ ਜਾਏ ਤਾਂ ਛੁਟਕਾਰਾ ਚਾਹੁੰਦਾ ਹੈ ਅਕਾਉਣ ਵਾਲਿਆਂ ਤੋਂ, ਹੁੱਸ ਜਾਏ ਤਾਂ ਨਾ ਆਰਾਮ ਦੀ ਸੋਝੀ ਹੁੰਦੀ ਹੈ ਨਾ ਛੁਟਕਾਰੇ ਦੀ ਹੋਸ਼, ਅੰਦਰ ਬਾਹਰ ਘਬਰਾ ਛਾ ਜਾਂਦਾ ਹੈ ਪਰ ਜੇ ਥਕਾਉਣ ਵਾਲੇ ਅਕਾਉਣ ਵਾਲੇ ਤੇ ਹੁਸਾ ਦੇਣ ਵਾਲੇ ਸਾਰੇ ਸਾਮਾਨ ਦੂਰ ਹੋ ਜਾਣ ਤੇ ਇਹ ਰਹਿ ਜਾਏ ਇਕੱਲਾ ਤਾਂ ਵਹਿਸ਼ਤ ਆ ਘੇਰਦੀ ਹੈ ਤੇ ਸ਼ੁਦਾ ਉਂਗਲਾਂ ਦਿਖਾਉਣ ਲੱਗ ਪੈਂਦਾ ਹੈ, ਇਕੱਲ ਬੁਰੀ, ਇਹ ਨਾ ਆ ਵਾਪਰੇ ਕਿਸੇ ਨੂੰ। ਇਕੱਲ ਸਭਨਾਂ ਤੋਂ ਵਧੀਕ ਡਰਾਉਣੀ ਸ਼ੈ ਹੈ। ਇਕੱਲ ਉਦਾਸੀਆਂ ਦੀ ਮਾਂ ਤੇ ਨਿਰਾਸਤਾਈਆਂ ਦੀ ਦਾਦੀ ਹੈ। ਹੈਂ? ਕੀ ਇਕੱਲ ਮਾੜੀ ਹੈ? ਇਕੱਲ ਏਕਾਂਤ ਹੈ, ਏਕਾਂਤ ਨੂੰ ਕੋਮਲ ਉਨਰੰ ਵਾਲਿਆਂ, ਦਾਨਿਆਂ, ਦਾਰਸ਼ਨਿਕਾਂ ਤੇ ਰੱਬ ਦੇ ਪਿਆਰਿਆਂ ਨੇ ਸਲਾਹਿਆ ਹੈ। ਕਿਉਂ ਕਹਿੰਦੇ ਹੋ ਕਿ ਇਕੱਲ ਯਾ ਏਕਾਂਤ ਮਾੜੀ ਹੈ? ਇਸ ਲਈ ਕਿ 'ਇਕੱਲ' 'ਏਕਾਂਤ' ਨਹੀਂ ਹੈ। 'ਏਕਾਂਤ' ਰੂਹ ਦਾ ਆਰਾਮ ਅਸਥਾਨ ਹੈ, 'ਇਕੱਲ' 'ਤਨਹਾਈ ਦੀ ਕੈਦ' ਹੈ। 'ਏਕਾਂਤ' ਵਿਚ ਜਾ ਕੇ ਥਕਾਨ, ਅਕੇਵੇਂ ਤੇ ਹੁੱਸਣਾ ਦੂਰ ਹੁੰਦੀਆਂ ਹਨ, ਪਰ 'ਇਕੱਲ' ਵਿਚ ਜਾ ਕੇ ਵਹਿਸ਼ਤਾਂ ਛਾ ਜਾਂਦੀਆਂ ਹਨ। ਏਕਾਂਤ ਜੀਵਨ ਨੂੰ ਨਵਜੋਬਨ ਦਿੰਦੀ ਹੈ, ਇਕੱਲ ਜੀਵਨ ਨੂੰ ਖਾਰਦੀ ਤੇ ਬੁਢੇਪਾ ਲਾਉਂਦੀ ਹੈ।

ਏਕਾਂਤ ਵਿਚ ਆਪਾ ਆਪਣੇ ਠੀਕ ਤੋਲ ਅੰਦਾਜ਼ ਵਿਚ ਆਉਂਦਾ ਹੈ, ਇਕੱਲ ਵਿਚ ਆਪੇ ਦਾ ਵਜ਼ਨ ਘਟ ਜਾਂਦਾ ਹੈ। ਹਾਂ, ਏਕਾਂਤ ਵਿਚ ਦਿਲ ਵਧਾਉਣ ਵਾਲੀ ਉਸਤਤਿ ਤੇ ਦਿਲ ਢਾਹੁੰਣ ਵਾਲੀ ਨਿੰਦਾ ਨਹੀਂ ਹੁੰਦੀ, ਇਸ ਕਰਕੇ ਮਨ ਦੇ ਤੋਲ-ਪਲੜੇ ਨੀਉਂਦੇ ਝੁਕਦੇ ਕਿਸੇ ਪਾਸੇ ਨਹੀਂ, ਐਨ ਤਰਾਜ਼ੂ ਤੋਲ ਪੂਰਾ ਰਹਿੰਦਾ ਹੈ, ਸੋ ਇਨਸਾਨ ਆਪਣਾ ਮੁੱਲ ਪਾਉਂਦਾ ਹੈ ਠੀਕ ਠੀਕ, ਨਾ ਵੱਧ, ਨਾ ਘੱਟ। ਏਕਾਂਤ ਵਿਚ ਤਵੱਜੋ ਨੂੰ ਬਾਹਰਲੇ ਤੇ ਓਪਰੇ ਖਿਚੇਵੇਂ ਨਹੀਂ ਪੈਂਦੇ, ਆਪਾ ਟਿਕਦਾ ਤੇ ਆਪੇ ਵਿਚ ਟੁੱਭੀਆਂ ਮਾਰਦਾ ਹੈ ਤੇ ਕਈ ਵੇਰ ਇਨ੍ਹਾਂ ਟੁੱਭੀਆਂ ਨਾਲ ਆਪੇ ਦੀਆਂ ਡੂੰਘਾਈਆਂ ਵਿਚੋਂ ਗੁਣ-ਰਤਨ ਲੱਭ ਲਿਆਉਂਦਾ ਹੈ। ਮਨ ਦੇ ਵਲ ਤੇ ਵਿੰਗ ਏਕਾਂਤ ਵਿਚ ਦਿੱਸ ਪੈਂਦੇ ਹਨ ਤੇ ਨਿਕਲ ਜਾਂਦੇ ਹਨ। ਏਕਾਂਤ ਵਿਚ ਬੁੱਧੀ ਉੱਜਲ ਹੋ ਜਾਂਦੀ ਹੈ ਤੇ ਨਿਸ਼ਚੇ ਦੇ ਘਰ ਨੂੰ ਲੱਭ ਲੈਂਦੀ ਹੈ। ਏਕਾਂਤ ਵਿਚ ਧਿਆਨ ਜੁੜਦਾ ਹੈ ਅਤੇ ਉਹ ਰਾਹ ਦਿੱਸ ਪੈਂਦਾ ਹੈ ਜੋ 'ਅਨੰਤ' ਵਿਚ ਜਾ ਖੁੱਲ੍ਹਦਾ ਹੈ। ਏਕਾਂਤ ਵਿਚ ਰੂਹ ਰੂਹ ਨਾਲ ਗੱਲਾਂ ਕਰਦੀ ਹੈ ਤੇ ਏਕਾਂਤ ਵਿਚ ਹੀ ਰੱਬ ਰੂਹ ਨਾਲ ਗੱਲਾਂ ਕਰਦਾ ਹੈ। ਜੇ ਇਨਸਾਨ ਚਾਹੇ ਕਿ ਜਗਤ ਨੂੰ ਕੁਛ ਦੇਵੇ ਤਾਂ ਏਕਾਂਤ ਵਿਚ ਪਿਆਰ ਪਾਵੇ, ਦਾਤਾ ਹੋਣ ਲਈ ਉਸਨੂੰ ਏਕਾਂਤ ਵਿਚੋਂ ਸਾਮਾਨ ਮਿਲੇਗਾ।

ਇਕੱਲ ਵਿਚ ਸੁਰਤ ਦੇ ਆਸਰੇ ਭੱਜੇ ਹੋਏ, ਓਪਰੇ ਹੋ ਗਏ ਤ ਦੂਰ ਚਲੇ ਗਏ ਦਿਸਦੇ ਹਨ, ਤਾਂਹੀਓ ਇਕੱਲ ਵਿਚ ਉਦਾਸੀ, ਡਰ ਤੇ ਵਹਿਸ਼ਤ ਛਾਉਂਦੀ ਹੈ। ਕਿਸੇ ਆਦਮੀ ਨੂੰ ਕਿਸੇ ਨਿਰਜਨ ਟਾਪੂ ਵਿਚ ਛੋੜ ਆਓ, ਛੇ ਮਹੀਨੇ ਬਾਅਦ ਉਸਨੂੰ ਜਾ ਕੇ ਪੁੱਛੋ ਕਿ ਤੇਰੇ ਬਾਬਤ ਕੀ ਵਰਤੀ ਤਾਂ ਉਹ ਇਕੱਲ ਦੇ ਮਹਾਂ ਭਯਾਨ ਨੂੰ ਦੱਸ ਸਕੇਗਾ। ਤੁਸੀਂ ਇਕ ਮੰਦਰ ਵਿਚ ਸਮਾਧੀ ਲਾ ਕੇ ਬੈਠੇ ਹੋ, ਯਾਤਰੂਆਂ ਦੀ ਗਹਿਮਾਂ ਗਹਿਮ ਹੈ ਤੇ ਭੌਣ ਭਰੇ ਪਏ ਹਨ। ਜਦ ਅੱਖ ਖੋਹਲਦੇ ਹੋ ਤਾਂ ਜੀ ਸੰਈ ਦਾ ਨਜ਼ਰੀ ਨਹੀਂ ਪੈਂਦਾ, ਖਿਆਲ ਕਰ ਲਓ ਉਸ ਵੇਲੇ ਦੀ ਇਕੱਲ ਦਾ ਨਕਸ਼ਾ ਤੇ ਉਸ ਦਾ ਅਸਰ। ਸੋਚ ਲਓ ਕਿ ਤੁਸੀਂ ਕਿਸੇ ਸ਼ਿਕਾਰ ਗਏ ਕਈ ਦਿਨਾਂ ਲਈ ਬਨ ਵਿਚ ਗੁਆਚ ਗਏ ਹੋ, ਕੋਈ ਪਿਆਰਾ ਨਹੀਂ, ਕੋਈ ਜਾਣੂ ਸਿਆਣੂ ਮਿਲਦਾ ਨਹੀਂ, ਕੋਈ ਓਪਰਾ ਬੀ ਨਜ਼ਰੀ ਨਹੀਂ ਪੈਂਦਾ, ਜੀਵ ਮਾਤਰ ਅੱਖਾਂ ਅੱਗੋਂ ਨਹੀਂ ਲੰਘਦਾ, ਉਸ ਵੇਲੇ ਦੇ ਦਿਲ ਟੋਟੇ ਦਾ ਅੰਦਾਜ਼ਾ ਲਾ ਲਓ। ਹਾਂ ਜੀਓ, ਬਨਾਂ ਵਿਚ ਕਦੇ ਗੁਆਚੇ ਨੂੰ ਇਕੱਲ ਦੇ ਰੰਗਾਂ ਦਾ ਪਤਾ ਹੈ ਤੇ ਤਨਹਾਈ ਦੀ ਕੈਦ ਵਾਲੇ ਨੂੰ ਇਸ ਦੀ ਪੀੜਾ ਦਾ ਵਧੇਰਾ ਥਹੁ ਹੈ। ਬਾਬਾ! ਇਕੱਲ ਬੁਰੀ।

ਉਂਜ ਦੇਖੋ ਤਾਂ ਜੀਵ ਇਕੱਲਾ ਹੈ। ਇਕੱਲਾ ਆਉਂਦਾ ਹੈ ਤੇ ਚਲਾ ਬੀ ਇਕੱਲਾ ਜਾਂਦਾ ਹੈ, ਪਰ ਇਸ ਇਕੱਲ ਦੀ ਸੋਚ ਇਸ ਨੂੰ ਨਹੀਂ ਫੁਰਦੀ, ਫੁਰੇ ਤਾਂ ਭੈ ਖਾਂਦਾ ਹੈ। ਕਿੰਤੂ ਜਗਤ ਵਿਚ ਵਸਦਿਆਂ ਇਸਨੂੰ ਜੇ ਕਦੇ ਇਕੱਲ ਆ ਵਾਪਰੇ ਤਾਂ ਬਹੁਤ ਦੁਖੀ ਹੁੰਦਾ ਹੈ। ਜੇ ਵੀਚਾਰ ਕਰੇ ਤਾਂ ਇਨਸਾਨ ਜਗਤ ਵਿਚ ਵਸਦਾ ਰਸਦਾ ਬੀ ਇਕੱਲ ਵਿਚ ਹੈ, ਪਰ ਦੁਆਲੇ ਵਸਦੇ ਭੀੜ ਭੜੱਕਿਆਂ ਕਰਕੇ ਇਸ ਨੂੰ ਇਸ ਆਪਣੀ ਇਕੱਲ ਦੀ ਵੀਚਾਰ ਨਹੀਂ ਫੁਰਦੀ। ਜਿਵੇਂ ਸੌ ਅੰਡੇ ਨਾਲੋ ਨਾਲ ਪਏ ਹਨ ਸਭ ਆਪੋ ਆਪਣੀ ਹਦਬੰਦੀ ਵਿਚ ਬੰਦ ਹਨ, ਪਏ ਹਨ ਚਾਹੇ ਕੋਲ, ਪਰ ਹੈਨ ਅੱਡੋ ਅੱਡ, ਇਕੱਲੇ ਇਕੱਲੇ। ਹਾਂ ਸੈ ਪਿੰਜਰੇ ਨੇੜੇ ਨੇੜੇ ਪਏ ਹਨ, ਪਰ ਪੰਛੀ ਵਿਚ ਇਕੱਲੇ-ਇਕੱਲੇ ਬੈਠੇ ਹਨ। ਸੈ ਦੀਪ ਕਿਸੇ ਸਾਗਰ ਵਿਚ ਨੇੜੇ ਨੇੜੇ ਹਨ, ਵਿਚ ਜਲ ਹੈ, ਹਨ ਨੇੜੇ ਨੇੜੇ ਪਰ ਹਨ ਇਕੱਲੇ-ਇਕੱਲੇ, ਆਪੋ ਆਪਣੀ ਹਦਬੰਦੀ ਦੇ ਅੰਦਰ ਵੱਖਰੇ ਵੱਖਰੇ, ਇਸੀ ਤਰ੍ਹਾਂ ਇਨਸਾਨ ਇਨਸਾਨ ਦੇ ਭਾਵੇਂ ਨੇੜੇ ਹੋਵੇ ਪਰ ਹੈ ਹਰ ਕੋਈ ਵਖਰਾ, ਇਕੱਲਾ-ਇਕੱਲਾ। ਹਰੇਕ ਦਾ ਆਪਾ ਜੁਦਾ ਜੁਦਾ ਹੈ ਹਰੇਕ ਦੀ ਅੰਦਰਲੀ ਦੁਨੀਆਂ ਹੈ ਆਪੋ ਆਪਣੀ। ਪੁੱਤਰ ਨੂੰ ਪੀੜ ਹੋ ਰਹੀ ਹੈ, ਮਾਂ ਪਾਸ ਬੈਠੀ ਟਕੋਰ ਕਰ ਰਹੀ ਹੈ, ਜਵੈਣ ਫਕਾ ਰਹੀ ਹੈ ਤੇ ਵਾਰੀ ਘੋਲੀ ਹੋ ਰਹੀ ਹੈ, ਪਰ ਜਿੱਥੇ ਕੁ ਪੁਤਰ ਨੂੰ ਪੀੜ ਪ੍ਰਤੀਤ ਹੋ ਰਹੀ ਹੈ ਓਥੇ ਮਾਂ ਦੀ ਪਹੁੰਚ ਨਹੀਂ ਹੈ। ਕਚੀਚੀਆਂ ਲੈਂਦੀ ਹੈ ਕਿ ਵੱਸ ਹੋਵੇ ਤਾਂ ਪੀੜ ਨੂੰ ਓਥੋਂ ਧੱਰੂ ਕੱਢਾਂ, ਪਰ ਇੱਡੇ ਹਿਤ ਦੇ ਹਿਤੂ ਦੇ ਪਾਸ ਹੁੰਦਿਆਂ ਬੀ ਪੁੱਤ ਪੀੜਾ-ਮੰਡਲ ਵਿਚ

ਇਕੱਲਾ ਹੈ ਤੇ ਜਗਤ ਨਾਲ ਉਸ ਨੂੰ ਸਹਿ ਸੁਭਾਅ ਜੰਗ ਵਾਪਰ ਰਿਹਾ ਹੈ। ਹਰੇਕ ਆਪਣੇ ਲਾਭ ਦੇ ਮਗਰ ਹੈ, ਦੂਏ ਨੂੰ ਓਪਰਾ ਜਾਣ ਕੇ ਉਸ ਦੇ ਲਾਭ ਦਾ ਕਿਸੇ ਨੂੰ ਫਿਕਰ ਨਹੀਂ। ਆਪਣਾ ਲਾਭ ਲੈਣ ਵਾਲੇ ਆਪਣਾ ਨਫਾ ਕੱਢਣ ਵਾਲੇ ਦੂਏ ਨਾਲ ਦਰਦ ਨਹੀਂ ਵਰਦਾ, ਸਗੋਂ ਉਸ ਦੀ ਹਾਨੀ ਦੀ ਬੀ ਪਰਵਾਹ ਨਹੀਂ ਰਹਿੰਦੀ। ਐਉਂ ਬੀ ਹਰ ਕੋਈ ਇਕੱਲਾ ਹੈ ਤੇ ਇਕੱਲ ਉਸ ਦੇ ਅੰਦਰ ਵਾਪਰ ਰਹੀ ਹੈ। ਹਾਂ ਜੀਓ, ਇਹ ਇਕੱਲ ਬਾਹਰਦੀ ਨਹੀਂ ਅੰਦਰ ਦੀ ਹੈ। ਆਪਣਾ ਲਾਭ ਤੇ ਲਾਭ ਲੈਣ ਵਿਚ ਜਤਨ (ਕਸ਼-ਮਕਸ਼) ਤੇ ਇਸ ਜਤਨ ਤੋਂ ਪ੍ਰਾਪਤ ਹੋਈ ਜਿੱਤ ਦਾ ਰਸ ਇਕ ਇਕੱਲ ਦੀ ਸੋਝੀ ਨਹੀਂ ਪੈਣ ਦਿੰਦਾ।

ਇਕ ਇਕੱਲ ਹੋਰ ਹੈ ਜੋ ਭੀੜਾਂ ਵਿਚ ਬੀ ਆ ਵਾਪਰਦੀ ਹੈ। ਕਿਸੇ ਨੂੰ ਹਵਾਈ ਜਹਾਜ ਤੇ ਚੜ੍ਹਾ ਕੇ ਪੰਜ ਹਜ਼ਾਰ ਮੀਲ ਤੇ ਜਾ ਕੇ ਕਿਸੇ ਘੁੱਘ ਵਸਦੇ ਨਗਰ ਵਿਚ ਛੋੜ ਆਓ, ਜਿਥੇ ਦੋ ਵਾਸੀਆਂ ਦੀ ਕਿ ਉਹ ਬੋਲੀ ਬੀ ਨਹੀਂ ਜਾਣਦਾ। ਉਸ ਗਹਿਮਾ ਗਹਿਮ ਵਿਚ ਉਸ ਓਪਰੇ ਨੂੰ ਭੀੜ ਵਿਚ ਵਾਪਰਨ ਵਾਲੀ ਇਕੱਲ ਦਾ ਥਹੁ ਪਏਗਾ ਤੇ ਉਸਨੂੰ ਇਸ ਤੋਂ ਛੁਟਕਾਰੇ ਦਾ ਰਸ ਤਦੋਂ ਪਵੇਗਾ ਜਦੋਂ ਡਾਵਾਂਡੋਲ ਹੋਏ ਨੂੰ ਇਕ ਓਪਰਾ ਹੀ ਭਾਵੇਂ ਹੋਵੇ ਪਰ ਉਸ ਦੀ ਬੋਲੀ ਸਮਝਣ ਵਾਲਾ ਮਿਲ ਪਵੇ।

ਇਕ ਇਕੱਲ ਹੋਰ ਹੈ। ਜਦੋਂ ਭੀੜਾਂ ਬੀ ਦੁਆਲੇ ਹੈਨ, ਜਾਣੂ ਸਿਆਣੂ ਬੀ ਹੈਨ, ਕੋਈ ਦਰਦ ਵੰਡਾਉਣ ਵਾਲੇ ਬੀ ਹੈਨ, ਪਰ ਕੋਈ ਇਕ ਪਿਆਰਾ, ਜਿਸਨੂੰ ਆਪਣੀ ਸੁਰਤ ਦਾ ਆਧਾਰ ਬਣਾ ਲਿਆ ਸੀ, ਉਹ ਬਿਨਸ ਗਿਆ ਹੈ। ਹਾਂ, ਇਸ ਇਕੱਲਾਂ ਵਾਲੇ ਜਗਤ ਵਿਚ, ਜਿਥੇ ਬਾਹਰ ਭੀ 'ਵਿੱਥ' ਦਾ ਪਸਾਰਾ ਹੈ ਤੇ ਅੰਦਰ ਬੀ ਵਿੱਥ ਦਾ ਖਿਲਾਰਾ ਹੈ, ਇਕ ਪਿਆਰ ਹੈ - ਹਮਦਰਦੀ ਹੈ - ਜੇ ਇਸ ਵੇਲੇ ਕਿਤੋਂ ਉਹ ਆ ਪ੍ਰਕਾਸ਼ੇ ਤਾਂ ਇਕੱਲ ਰੂਪੀ ਵਿੱਥ ਉਤੇ ਪੁੱਲ ਬਣ ਜਾਂਦਾ ਹੈ। ਇਸੇ ਪੁਲ-ਸ਼੍ਰੇਣੀ ਦੇ ਆਸਰੇ ਇਨਸਾਨ ਆਪਣੀ ਕੁਦਰਤੀ 'ਇਕੱਲ' ਨੂੰ ਭੁੱਲਾ ਰਹਿੰਦਾ ਹੈ। ਪਰ ਜਦੋਂ ਕਦੀ ਇਹ ਪੁਲ ਟੁੱਟੇ, ਜਾਂ ਕੋਈ ਪਿਆਰਾ, ਜਿਸ ਨਾਲ ਕਿ ਸੁਰਤ ਨੇ ਇਹ ਪਿਆਰ ਲਗਾਉ ਦਾ ਪੁਲ ਬਣਾ ਲਿਆ ਸੀ, ਵਿਛੁੜੇ ਤਾਂ ਇਕੱਲ ਅੰਦਰ ਆ ਵੜਦੀ ਹੈ, ਉਹ, ਲੋਕਾਂ ਦੇ ਪਾਸ ਹੁੰਦਿਆਂ ਬੀ ਇਕੱਲ ਦੀ ਪੀੜ ਝਰਨਾਟ ਦਿੰਦੀ ਹੈ।

## ੨. ਇਕੱਲ ਦੀ ਰਾਤ

ਇਕ ਪੋਠੋਹਾਰ ਦੀ ਬੀਬੀ ਹੈ, ਜਿਸ ਦਾ ਪ੍ਰਾਣਪਤੀ ਐਨ ਜਵਾਨੀ ਵਿਚ ਸੰਸਾਰ ਤੋਂ ਟੁਰ ਗਿਆ ਹੈ। ਬੀਬੀ ਆਪ ਬੀ ਜੁਆਨ ਹੈ, ਸਡੌਲ, ਸੁਹਣੀ, ਸਰੂ ਵਾਂਗੂੰ ਲੰਮੀ ਤੇ ਸੁਘੜ ਬੀ ਹੈ। ਨਾਮ ਬੀ ਇਸ ਦਾ 'ਸੁਘੜੋ' ਹੀ ਪ੍ਰਸਿੱਧ ਹੈ। ਇਸ ਦੇ ਪੇਕੇ ਬੀ ਸ਼ਾਹੂਕਾਰ ਸਨ, ਧੀ ਇਕੋ ਸੀ ਓਹ ਬੀ ਗੁਜ਼ਰ ਚੁੱਕੇ ਹਨ ਤੇ ਪਦਾਰਥ ਸਾਰਾ ਇਸ ਸੁੱਖੇ ਲੱਧੀ ਧੀ ਨੂੰ ਦੇ ਗਏ ਹਨ। ਪਤੀ ਆਪ ਬੀ ਚੋਖੇ ਪੈਸੇ ਵਾਲਾ ਸੀ। ਇਸ ਦੇ ਪੁੱਤਰ ਧੀ ਨਾ ਹੋਣ ਕਰਕੇ ਉਹ ਪਦਾਰਥ ਬੀ ਸਾਰਾ ਸੁਘੜੋ ਦੇ ਪਾਸ ਹੈ। ਦੁਵੱਲੀਓ ਆਈ ਦੌਲਤ ਇਸ ਦੇ ਪੈਰ ਚੁੰਮ ਰਹੀ ਹੈ, ਪਰ ਇਹ ਹੈ ਇਕੱਲੀ। ਨਾ ਹਨ ਪੇਕੇ, ਨਾ ਸਹੁਰੇ, ਨਾ ਪਿਤਾ, ਨਾ ਪਤੀ, ਨਾ ਮਾਂ, ਨਾ ਸੱਸ। ਅੱਗੋਂ ਵੇਲ ਵਧੀ ਨਹੀਂ, ਨਾ ਹੈ ਪੁੱਤ ਨਾ ਹੈ ਧੀ। ਸੰਸਾਰ ਵਿਚ ਬੈਠੀ ਹੈ ਇਹ ਬੀਬੀ ਇਕੱਲੀ, ਨੌਕਰ ਚਾਕਰ ਹੈਨ, ਦੂਰ ਨੇੜੇ ਦੇ ਸਬੰਧੀ ਬੀ ਹੈਨ, ਪਰ ਉਹ ਆਪ ਨੂੰ ਇਕੱਲ ਵਿਚ ਹੀ ਵੇਖ ਰਹੀ ਹੈ। ਬਾਹਰ ਇਕੱਲ ਪਿਆਰਨ ਵਾਲਿਆਂ ਨੇ ਬਿਨਸ ਜਾਣ ਦੀ, ਅੰਦਰ ਇਕੱਲ ਹੈ ਸੁਰਤ ਦੇ ਆਸਰੇ-ਪਤੀ-ਦੇ ਵਿਯੋਗ ਦੀ। ਅੱਧੀ ਰਾਤ ਹੈ, ਗਰਮੀ ਦੀ ਰੁੱਤ ਹੈ, ਧੁਰ ਛੱਤ ਤੇ ਪਲੰਘ ਡੱਠਾ ਹੈ, ਜਿਸ ਉਤੇ ਇਹ ਬੀਬੀ ਲੇਟ ਰਹੀ ਹੈ। ਹਾਂ ਸੁਘੜੋ ਲੇਟੀ ਤਾਂ ਹੈ, ਪਰ ਹੈ ਜਾਗਦੀ ਤੇ ਗੱਲਾਂ ਕਰ ਰਹੀ ਹੈ ਤਾਰਿਆਂ ਨਾਲ -

ਹੇ ਅਸਗਾਹ ਨੀਲ ਦੇ ਤਾਰੂਓ, ਤੁਸੀਂ ਬੀ ਮੈਨੂੰ ਮੇਰੇ ਹਾਰ ਇਕੱਲੇ-ਇਕੱਲੇ ਦਿਸ ਰਹੇ ਹੋ। ਕੋਈ ਕਿਸੇ ਦੇ ਨਾਲ ਨਹੀਂ। ਵਿੱਥਾਂ, ਖਬਰੇ ਕੇਡੀਆਂ ਕੁ ਪਈਆਂ ਤੁਸਾਂ ਦੇ ਵਿਚ ਵਿਚ, ਪਰ ਤੁਸੀਂ ਫੇਰ ਪਏ ਚਮਕਦੇ ਹੋ। ਮੈਂ ਕਿਉਂ ਸੁਸਦੀ ਜਾਂਦੀ ਹਾਂ? ਮੇਰੇ ਪਾਸ ਤੁਸਾਂ ਹਾਰ ਚਮਕਦੇ ਜਵਾਹਰਾਤ ਹਨ, ਮੇਰੀ ਚਮਕ ਕਿਉਂ ਮਾਰੀ ਗਈ? ਨੌਕਰ ਚਾਕਰ ਬਾਂਦੀਆਂ ਬੀ ਹਨ, ਮਹਿਮਾਂ ਕਰਨ ਵਾਲੇ ਬੀ ਹਨ, ਫੇਰ ਮੈਂ ਕਿਉਂ ਇਕੱਲੀ-ਇਕੱਲੀ ਲਗਦੀ ਹਾਂ। ਐਨੇ ਲੋਕਾਂ ਦੇ ਪਾਸ ਹੁੰਦਿਆਂ, ਹਾਇ, ਇਹ ਮੈਨੂੰ ਕਿਉਂ ਖਾ ਰਹੀ ਹੈ। ਸੁਘੜੋ! ਪਿਤਾ ਜੀ ਨੇ ਤੈਨੂੰ ਵਿਦਿਆ ਪੜ੍ਹਾਈ ਸੀ, ਜਗਤ ਅਸਾਰ ਹੈ, ਤੂੰ ਪੜ੍ਹਿਆ ਸੀ। ਕੋਈ ਕਿਸੇ ਦੇ ਨਾਲ ਨਹੀਂ, ਕੱਲਾ ਆਉਂਦਾ ਕੱਲਾ ਟੁਰ ਜਾਂਦਾ ਹੈ। ਵਿਚ ਵਿਚਾਲੇ ਕੱਲਾ ਹੋ ਗਿਆ ਤਾਂ ਹੋ ਗਿਆ ਸਹੀ। ਪਰ ਹਾਂ, ਸੋਚਾਂ ਤਦੋਂ ਚੰਗੀਆਂ ਲਗਦੀਆਂ ਸਨ, ਪਰ ਹੁਣ ਕੰਮ ਨਹੀਂ ਸਾਰਦੀਆਂ। ਹਿਰਦੇ ਪੀੜ ਹੈ ਤੇ ਹਟਦੀ ਨਹੀਂ। ਬਾਪੂ ਜੀਓ, ਬਾਪੂ ਜੀਓ! ਆਓ ਦੇਖੋ ਲਾਡਾਂ ਪਲੀ ਕਿਵੇਂ ਵਿਲਕ ਰਹੀ ਹੈ। ਮੌਤ, ਬੁਰੀ ਮੌਤ, ਵਿਛੋੜਿਆਂ ਦੀ ਛੁਰੀ ਮੌਤ, ਮਾਂ-ਵਿਛੋੜੀ, ਪਿਤਾ ਵਿਛੋੜੇ, ਪਤੀ ਬੀ ਨਾ ਛੋੜਿਆ, ਪਰ ਹਾਇ, ਮੌਤ ਰਹਿਮਤ ਬੀ ਹੈ। ਤੁਸੀਂ ਮੇਰੇ ਬਾਪੂ ਜੀਓ ਤਾਂ ਮੈਂ ਗਮ ਖਾਧਾ ਸੀ ਕਿ ਹਾਇ ਕਿਉਂ ਟੁਰ ਗਏ, ਪਰ ਮੈਂ ਅੱਜ ਦੇਖਦੀ ਹਾਂ ਕਿ ਤੁਸਾਂ ਤੇ ਮੌਤ ਨੇ ਰਹਿਮਤ ਕੀਤੀ ਸੀ। ਜੇ ਤਦੋਂ ਉਹ ਆਪ ਨੂੰ ਨਾ ਲੈ ਜਾਂਦੀ ਤਾਂ ਅੱਜ ਤੁਸੀਂ ਮੈਨੂੰ ਦੁਖੀ ਦੇਖ ਕੇ ਬੜੇ ਦੁਖੀ ਹੁੰਦੇ ਤੇ ਜੇ ਓਹ ਤਦੋਂ ਮੈਨੂੰ ਬੀ ਸਮੇਟ ਲੈਂਦੀ ਤਾਂ ਮੈਂ ਬੀ ਪਤੀ-ਵਿਯੋਗ ਦਾ ਦੁੱਖ ਅੱਜ ਨਾ ਦੇਖਦੀ। ਮੌਤ ਰਹਿਮਤਾਂ ਵਾਲੀ ਹੈ, ਪਰ ਇਸਦੀ ਮਿਹਰ ਇਸਦੀ ਆਪਣੀ ਖੁਸ਼ੀ ਤੇ ਹੈ। ਮੰਗਿਆਂ ਖੈਰ ਨਹੀਂ ਪਾਉਂਦੀ, ਆਪਣੀ ਖੁਸ਼ੀ ਨਾਲ ਮੇਹਰਾਂ ਦੇ ਮੀਂਹ ਵਸਾ ਦਿੰਦੀ ਹੈ। ਇਸ ਦੇ ਬਥੇਰੇ ਤਰਲੇ ਕੱਢੇ ਕਿ ਮੈਨੂੰ ਬੀ ਲੈ ਚੱਲ ਪਤੀ ਦੇ ਨਾਲ, ਪਰ ਇਕ ਨਾ ਸੁਣੀ ਇਸ ਆਪਣੀ ਕੀਤੀ ਕਰਨਹਾਰ ਨੇ।

***ਕਟਦੀ ਨਹੀਂ ਦੁਖ ਦੀ ਰਾਤ,***
***ਕਿਵੇਂ ਕਟੇਗੀ ਦੁਖ ਦੀ ਉਮਰ,***
***ਕਿਵੇਂ ਹੋਏਗੀ ਪ੍ਰਭਾਤ?***
***ਨੈਣਾਂ ਨਹੀਂ ਪੈਂਦੀਏ ਨੀਂਦ***
***ਕਿਵੇਂ ਆਵੇਗੀ ਸਦਾ ਦੀ ਨੀਂਦ***

*ਨੀਂਦ ਸੁਲੱਖੀ ਕਦੋਂ ਪਾਵੇਗੀ ਝਾਤ?*
*ਨਹੀਂ ਆਵੋਂਗੇ ਪ੍ਰੀਤਮ! ਫੇਰ,*
*ਸੁਘੜੋ ਨਾ ਦੇਖੇਗੀ ਫੇਰ ਫੇਰੇ*
*ਫਿਰਨ ਵਾਲੀ ਓ ਰਾਤ।*

## ੩. ਇਕੱਲ ਤੋਂ ਨਿਕਲਣ ਦੇ ਤਰਲੇ

ਵਿਆਕੁਲਤਾ ਤੇ ਘਬਰਾ ਸੁਘੜੋ ਦਾ ਕਿਸੇ ਕਿਸੇ ਵੇਲੇ ਸ਼ੁਦਾ ਵਾਂਗੂੰ ਹੋ ਹੋ ਜਾਂਦਾ ਸੀ, ਪਰ ਕੋਈ ਕੁਦਰਤੀ ਬਲ ਸੀ ਮਨ ਵਿਚ ਤੇ ਕੁਝ ਪੜ੍ਹੀ ਹੋਈ ਸੀ, ਡਾਢੇ ਘਬਰਾਵਾਂ ਵੇਲੇ ਉਹ ਕੋਈ ਰਸਤਾ ਟੋਲਦੀ ਸੀ ਉਸ ਅੰਦਰ ਵਾਪਰੀ ਇਕੱਲ ਤੋਂ ਛੁਟਣ ਦਾ। ਦਿਨ ਚਾਲੀ ਕਹਿਰ ਦੇ ਬੀਤੇ ਰੋਂਦਿਆਂ ਤੇ ਵਿਲਪਦਿਆਂ। ਇਕ ਰਾਤ ਤਾਰੇ ਗਿਣੇਂਦੀ ਨੂੰ ਸੋਝੀ ਫੁਰੀ ਕਿ ਉਹ ਤਾਂ ਹੁਣ ਗਿਆ ਤੇ ਆ ਨਹੀਂ ਸਕਦਾ, ਕੋਈ ਆਦਿ ਜੁਗਾਦਿ ਆਯਾ ਨਹੀਂ, ਕੀ ਮੈਂ ਕਿਸੇ ਸ਼ੈ ਨੂੰ ਹੁਣ ਮੋੜ ਬੀ ਸਕਦੀ ਹਾਂ?

ਸਿਆਣਪ ਵਾਲੇ ਤੇ ਸੋਝੀ ਵਾਲੇ ਮਨ ਨੇ ਸੋਚਿਆ ਕਿ ਪਤੀ ਪਿਆਰੇ ਦੀ ਯਾਦ ਮੈਂ ਸੰਭਾਲ ਸਕਦੀ ਹਾਂ। ਉਸ ਦੇ ਮੇਲ ਦਾ ਸੁਖ ਅੰਤ ਮਨ ਨੂੰ ਹੀ ਹੁੰਦਾ ਸੀ ਨਾ ਤੇ ਜੋ ਸ਼ੈ ਮੈਨੂੰ ਦੁੱਖ ਦੇ ਰਹੀ ਹੈ ਉਹ ਬੀ ਹੈ ਮਨ ਵਿਚ ਉਨ੍ਹਾਂ ਸੁਖਾਂ ਦੀ ਯਾਦ। ਮੈਂ ਹੁਣ ਰੁੜ੍ਹਦੀ ਹਾਂ ਵਿਜੋਗ ਦੀ ਪੀੜਾ ਵਿਚ, ਕਿਉਂ ਨਾ ਜੀਵਾਂ ਮੇਲ-ਰਸ ਦੀ ਯਾਦ ਵਿਚ। ਉਹ ਛਿਨਾਂ, ਉਹ ਘੜੀਆਂ, ਉਹ ਵਕਤ ਦੇ ਲਹਿਰਾਉ ਜੋ ਲੰਘੇ ਪਤੀ ਪ੍ਰੇਮ ਦੇ ਅਨੰਦ ਵਿਚ, ਕੀ ਮੈਂ ਉਨ੍ਹਾਂ ਦੀ ਯਾਦ ਵਿਚ ਜੀਉ ਨਹੀਂ ਸਕਦੀ। ਇਹ ਸੋਚ ਕੇ ਸੁਘੜੋ ਨੇ ਆਪਣੇ ਮਨ ਨੂੰ ਲੱਗੀ ਚੋਟ ਦਾ ਦਾਰੂ ਲੱਭ ਲਿਆ। ਹਾਂ ਆਖੇ, ਹੇ ਇਕੱਲ! ਜੇ ਤੂੰ ਵੜ ਗਈ ਹੈਂ, ਮੇਰੇ ਮਨ ਵਿਚ, ਨਿਕਲ ਕੇ ਇਥੇ ਮੈਂ 'ਪੀਅ ਰਸ ਦੀ ਯਾਦ' ਵਸਾਵਾਂ ਹੁਣ। ਇਸ ਯਤਨ ਵਿਚ ਲੱਗਿਆਂ ਉਸ ਨੂੰ ਸੁਖ ਨਾਲ ਬੀਤਣ ਵਾਲਾ ਸਮਾਂ ਆ ਜਾਵੇ। ਪਰ ਫਿਰ ਵਿਯੋਗ ਪੀੜਾ ਤੇ ਇਕਲਾਪਿਆਂ ਹੋਣ ਦਾ ਰੌ ਟੁਰ ਪਵੇ। ਇਸ ਦਾ ਦਾਰੂ ਇਸ ਨੇ ਇਹ ਕੀਤਾ ਕਿ ਪਤੀ ਦੀ ਇਕ ਮੂਰਤਿ ਨੂੰ ਇਕ ਪਲੰਘ ਤੇ ਸਜਾ ਦਿਤਾ ਤੇ ਇਸ ਦੀ ਬੁੱਤ ਪੂਜਾ ਵਾਂਗੂੰ ਪੂਜਾ ਅਰੰਭੀ। ਜਦੋਂ ਦਿਲ ਟੋਟ ਪਵੇ ਤਾਂ ਮੂਰਤ ਦੇ ਸਾਮ੍ਹਣੇ ਆ ਕੇ ਆਖੇ, ਤੁਸੀਂ ਹੋ ਨਾ ਤੁਸੀਂ, ਤੁਸਾਂ ਦੇ ਪ੍ਰੇਮ ਰਸ ਦੀਆਂ ਛਿਨਾਂ ਦੀ ਯਾਦ ਮੇਰੇ ਅੰਗ ਸੰਗ ਹੈ, ਹਾਂ ਤੁਸੀਂ ਹੋ ਨਾ ਤੁਸੀਂ। ਇਉਂ ਆਖੇ ਤੇ ਨੈਣ ਮੁੰਦ ਕੇ ਬੈਠ ਜਾਵੇ ਤੇ ਪਿਆਰ ਵਾਲੀਆਂ ਛਿਨਾਂ ਵਿਚ ਆਏ ਰਸ ਭਾਵ ਯਾਦ ਕਰੇ। ਇਉਂ ਸੁਰਤਿ ਵਿਚੋਂ ਨਿਕਲੇ ਇਕੱਲ-ਭਾਵ ਦਾ ਕੁਰੱਸ। ਐਦਾਂ ਲੱਗਾ ਬੀਤਣ ਸੁਗੜੋ ਦਾ ਕਾਲ, ਐਉਂ ਕੀਤਾ ਉਸ ਨੇ ਆਪਣੇ ਮਨ ਨਾਲ ਆਪਣੇ ਵਿਯੋਗ ਤੇ ਇਕੱਲ ਦਾ ਇਲਾਜ।

## ੪. (ਮੂਰਤੀ ਪੂਜਾ, ਪਤੀ ਤੋਂ ਸ੍ਰੀ ਰਾਮ)

ਕਿਸੇ ਪਿਆਰੇ ਦੇ ਵਿਯੋਗ ਦੇ ਲੱਗੇ ਘਾਉ ਦਾ ਇਲਾਜ ਸਮਾਂ ਬੀ ਕਰਦਾ ਹੈ। ਦਾਨੇ ਕਹਿੰਦੇ ਹਨ ਕਿ ਐਸੇ ਘਾਵਾਂ ਦਾ ਭਰਨਾ ਵਰ੍ਹਾ ਤਾਂ ਅਕਸਰ ਲੈ ਜਾਂਦਾ ਹੈ ਪਰ ਘਾਵਾਂ ਦੇ ਭਰਨ ਸਮੇਂ ਦਾ ਹਿਸਾਬ ਘਾਵਾਂ ਦੀ ਡੂੰਘਾਈ ਉਤੇ ਹੁੰਦਾ ਹੈ। ਸੁਘੜੋ ਦੇ ਸੁਤੇ ਹੀ ਸੁਘੜ ਮਨ ਨੂੰ ਇਕ ਦਾਰੂ ਤਾਂ ਅੰਦਰੋਂ ਹੀ ਲੱਭ ਪਿਆ ਸੀ, ਪਰ ਉਸ ਵਿਚ ਉਹ ਟਿਕਵਾਂ ਭਰੋਸਾ ਨਹੀਂ ਸੀ, ਜੋ ਕਿਸੇ ਸਤਿਸੰਗ ਤੋਂ ਮਿਲੀ ਸਾਂਈ ਦੀ ਯਾਦ ਵਿਚ ਉਪਜਦਾ ਹੈ। ਇਸੇ ਕਰਕੇ ਉਸ ਨੂੰ ਮੂਰਤੀ ਦਾ ਬੀ ਆਸਰਾ ਲੈਣਾ ਪਿਆ। ਇਸ ਆਸਰੇ ਸੁਘੜੋ ਕੁਛ ਕੁ ਬਚ ਗਈ ਰੋੜ੍ਹਾਂ ਤੇ ਵਹਿਣਾਂ ਤੋਂ। ਜਾਇਦਾਦ ਤੇ ਪਦਾਰਥ ਦਾ ਪ੍ਰਬੰਧ ਬੀ ਉਸ ਦਾ ਸਮਾਂ ਲੈਂਦੇ ਸਨ, ਏਹ ਰੁਝੇ ਬੀ ਵਿਯੋਗ ਤੇ ਇਕੱਲ ਦੇ ਦੁਖ ਨੂੰ ਭੁਲਾਉਂਦੇ ਸਨ, ਪਰ ਉਸ ਨੇ ਇਕ ਬਾਹਰਲਾ ਆਸਰਾ ਹੋਰ ਲੱਭਾ। ਆਏ ਗਏ ਸਾਧੂ ਮਹਾਤਮਾਂ ਲਈ ਕੁਟੀਆ ਪੁਵਾਈਆਂ। ਦੁਆਲੇ ਇਕ ਬਗੀਚਾ ਬੀ ਲੁਆਇਆ ਤੇ ਅੰਨ ਪਾਣੀ ਦਾ ਪ੍ਰਬੰਧ ਬੀ ਕਰ ਦਿਤਾ।

ਕਿਸੇ ਇਸਤ੍ਰੀ ਪਾਸ ਪਦਾਰਥ ਹੋਵੇ, ਫੇਰ ਵਿਧਵਾ ਹੋਵੇ ਇਹ ਗੱਲ ਸਾਕ ਸਨਬੰਧ, ਜਾਣੂ ਅਜਾਣੂ ਸਭ ਨੂੰ ਖਿੱਚ ਪਾ ਦਿੰਦੀ ਹੈ, ਕਿ ਕਿਸੇ ਹੀਲੇ ਹਵਾਲੇ ਇਸ ਦਾ ਧਨ ਮੁੱਛੀਏ। ਜਦੋਂ ਵਰ੍ਹਾ ਕੁ ਬੀਤ ਚੁੱਕਾ ਸੀ ਤੇ ਸੁਘੜੋ ਦਾ ਮਨ ਆਪਣੀ ਜਾਇਦਾਦ ਦੇ ਪ੍ਰਬੰਧ ਆਦਿ ਵਿਚ ਲਗ ਪਿਆ ਤਾਂ ਸੁਘੜੋ ਕੁਛ ਕੁ ਖਿੜੀ, ਕਿਸੇ ਵੇਲੇ ਖੁਸ਼ ਵੀ ਦਿਸ ਪੈਂਦੀ ਤਾਂ ਨੇੜੇ ਦੇ ਸਹੁਰੇ ਸਾਕਾਂ ਆਦਿਕਾਂ ਵਿਚੋਂ ਜਤਨ ਹੋਣ ਲੱਗੇ ਗੱਭਰੂਆਂ ਦੇ ਕਿ ਭਾਵੇਂ ਹਿੰਦੂ ਮਤ ਵਿਚ ਵਿਧਵਾ ਵਿਵਾਹ ਦੀ ਖੁਲ੍ਹ ਨਹੀਂ ਤੇ ਉਚ ਜਾਤੀਆਂ ਵਿਚ ਬੜੀ ਹੀਣਤਾ ਸਮਝੀ ਜਾਂਦੀ ਹੈ, ਪਰ ਜੇ ਇਤਨੇ ਧਨ ਵਾਲੀ ਵਿਧਵਾ ਹੱਥ ਲਗ ਜਾਏ ਤਾਂ ਇੱਜ਼ਤ ਤੇ ਬਿਰਾਦਰੀ ਦੇ ਨੱਕ ਨਮੂਜ ਨੂੰ ਕੀਹ ਕਰਨਾ ਹੈ, ਪਦਾਰਥ ਦੀ ਮੌਜ ਤਾਂ ਮਿਲ ਜਾਏਗੀ। ਇਸ ਤਰ੍ਹਾਂ ਦੇ ਕਈ ਜਤਨ ਹੋਏ, ਪਰ ਸੁਘੜੋ ਤੇ ਕਿਸੇ ਦਾ ਅਸਰ ਨਾ ਪਿਆ। ਸੁਘੜੋ ਸੁਤੇ ਹੀ ਉਸ ਅਕਲ ਦੀ ਮਾਲਕ ਸੀ ਜਿਸ ਨੂੰ ਕਿ ਸਾਧਾਰਨ ਪਾਰਖੂ ਬੁੱਧੀ ਕਹਿਣਾ ਚਾਹੀਏ, ਇਸ ਕਰਕੇ ਇਹ ਮਾਮਲਿਆਂ ਨੂੰ ਬਿਨਾਂ ਬਹੁਤ ਸਿਰ ਭੰਨੇ ਦੇ ਛੇਤੀ ਸਮਝ ਜਾਂਦੀ ਸੀ। ਜੇ ਲੋੜ ਪਵੇ ਤਾਂ ਵਿਤ੍ਰੇਕ ਬੁੱਧੀ ਬੀ ਰਖਦੀ ਸੀ ਤੇ ਗੱਲ ਦੀ ਤਹਿ ਤਕ ਅਪੜਨ ਵਿਚ ਭੁੱਲ ਘੱਟ ਜਾਂਦੀ ਸੀ। ਬ੍ਰਿਜ ਭਾਸ਼ਾ ਦੇ ਕੁਛ ਗ੍ਰੰਥ ਪੜ੍ਹਨ ਕਰ ਕੇ ਬੁੱਧੀ ਸਾਣ ਬੀ ਚੜ੍ਹ ਗਈ ਹੋਈ ਸੀ, ਇਸ ਕਰਕੇ ਹਰ ਗੱਲ ਨੂੰ ਪਰਖ ਲੈਣ ਵਾਲੀ ਤਾਕਤ ਬੀ ਇਸ ਵਿਚ ਕਾਫੀ ਸੀ। ਸੋ ਇਹ ਆਪਣੇ ਉਨ੍ਹਾਂ ਸੱਜਣਾਂ ਦੇ ਆਸ਼ੇ ਇੰਦੀਏ ਤਾੜ ਗਈ ਕਿ ਜੋ ਇਸਨੂੰ ਆਪਣੇ ਵੱਸ ਵਿਚ ਕਰ ਕੇ ਇਸ ਦੇ ਪਦਾਰਥ ਨੂੰ ਅਪਨਾਉਣ ਦੇ ਹੀਲੇ ਕਰਦੇ ਸਨ। ਹਿੰਦੂ ਧਰਮ ਵਿਚ ਪਲੀ ਤੇ ਖੱਤਰੀ ਘਰਾਣੇ ਦੀ ਹੋਣ ਕਰਕੇ ਪਤੀ ਵਿਯੋਗ ਮਗਰੋਂ ਹੋਰ ਪੁਰਖ ਦਾ ਖਿਆਲ ਇਸਨੂੰ ਪ੍ਰਿਯ ਨਹੀਂ ਸੀ ਲਗ ਸਕਦਾ। ਲੋਕ ਲਾਜ ਬੀ ਇਕ ਭਾਰੀ ਰੋਕ ਸੀ, ਪਰ ਪਤੀ-ਪ੍ਰੇਮ, ਜੋ ਇਸਨੂੰ ਇਸ਼ਕ ਵਾਂਗੂੰ ਸੀ, ਉਹ ਸੁਰਤ ਨੂੰ ਇਕ ਖਿੱਚ ਵਿਚ ਰਖਦਾ ਸੀ। ਇਨ੍ਹਾਂ ਤੇ ਐਸੇ ਕਾਰਣਾਂ ਕਰਕੇ ਜਿਸ ਜਿਸ ਨੇ ਇਸ ਨੂੰ ਆਪਣੀ ਬਨਾਉਣ ਦਾ ਯਤਨ ਕੀਤਾ ਉਹ ਹਾਰ ਗਿਆ ਤੇ ਸੁਘੜੋ ਹਰ ਐਸੇ ਪੇਸ਼ ਆਏ ਮਾਮਲੇ ਵਿਚ ਜਿੱਤਦੀ ਰਹੀ। ਹਰ ਜਿੱਤ ਉਸ ਦੇ ਮਨ ਨੂੰ ਵਧੇਰੇ ਮਜ਼ਬੂਤ ਕਰਦੀ ਗਈ, ਪਰ ਨਾਲ ਹੀ ਸੰਸਾਰ ਤੋਂ ਵੈਰਾਗ ਵਧਦਾ

ਗਿਆ। ਆਪਣੇ ਧਨ ਦੇ ਮਾਮਲੇ ਵਿਚ ਇਕ ਘਰ ਦੇ ਪੁਰਾਤਨ ਨੌਕਰ ਤੋਂ ਸਿਵਾ ਕਿਸੇ ਤੇ ਇਸਨੂੰ ਇਤਬਾਰ ਨਾ ਰਿਹਾ ਤੇ ਇਹ ਵਧੇਰੇ ਚੌਕਸਤਾਈ ਨਾਲ ਉਸਨੂੰ ਸੰਭਾਲਦੀ ਰਹੀ। ਇਥੋਂ ਮਿਲੇ ਵੈਰਾਗ ਤੋਂ ਉਸ ਦਾ ਝੁਕਾਉ ਸਤਿਸੰਗ ਵਲ ਪੈ ਗਿਆ, ਜਿਸ ਵਿਚ ਇਸਨੂੰ ਦਿੱਸੇ ਕਿ ਰੂਹ ਦਾ ਭਲਾ ਹੋਊ ਤੇ ਪਦਾਰਥ ਦੀ ਸਫਲਤਾ ਦਾ ਅਵਸਰ ਮਿਲਦਾ ਰਹੂ। ਕੁਟੀਆਂ ਜੋ ਪੁਵਾਈਆਂ ਸਨ ਓਥੇ ਨੌਕਰ ਕੰਮ ਕਰਦੇ ਸਨ, ਪਰ ਹੁਣ ਇਹ ਆਪ ਓਥੇ ਜਾਣ ਆਉਣ ਲੱਗ ਪਈ। ਵਿਦਵਾਨਾਂ ਤੇ ਭਲੇ ਪੁਰਖਾਂ ਨਾਲ ਵੀਚਾਰ ਦਾ ਓਥੇ ਸਮਾਂ ਮਿਲ ਜਾਂਦਾ ਸੀ, ਜਿਸ ਨਾਲ ਉਸਨੂੰ ਆਪਣੀ ਅੰਤ੍ਰੀਵ ਭੁੱਖ ਲਈ ਭੋਜਨ ਮਿਲ ਜਾਂਦਾ ਤੇ ਹੱਥਾਂ ਨਾਲ ਅੰਨ ਪਾਣੀ ਦੀ ਸੇਵਾ ਕਰਕੇ ਜੋ ਅਸ਼ੀਰਵਾਦਾਂ ਮਿਲਦੀਆਂ ਯਾ ਸਾਧੂ ਲੋਕ ਮਹਿਮਾਂ ਕਰ ਜਾਂਦੇ ਉਹ ਬੀ ਸੁਰਤ ਨੂੰ ਕੁਛ ਆਸਰਾ ਦੇ ਜਾਂਦੇ।

ਇਸ ਤਰ੍ਹਾਂ ਕਰਦਿਆਂ ਇਕ ਸਮੇਂ ਕੋਈ ਬੈਰਾਗੀ ਸਾਧੂ ਆਏ। ਏਹ ਚੰਗੇ ਦਿੱਸਣੇ ਪੁੱਸਣੇ ਤੇ ਵਿਦਵਾਨ ਬੀ ਸੇ। ਬੀਬੀ ਦਾ ਹਾਲ ਸੁਣ ਕੇ ਇਹ ਕੁਛ ਵਧੇਰੇ ਚਿਰ ਲਈ ਟਿਕ ਗਏ ਤੇ ਉਪਦੇਸ਼ ਆਦਿ ਵਿਚ ਕੁਛ ਵਧੇਰੇ ਸਮਾਂ ਦੇਣ ਲੱਗ ਪਏ। ਜਦੋਂ ਉਹ ਸਾਧੂ ਨੂੰ ਪਤਾ ਲੱਗਾ ਕਿ ਬੀਬੀ ਪਤੀ ਮੂਰਤੀ ਦਾ ਪੂਜਨ ਵਾਂਗੂੰ ਪੂਜਨ ਕਰਦੀ ਹੈ ਤਾਂ ਕਹਿਣ ਲੱਗੇ, ਦੇਖ ਬੀਬੀ ਤੂੰ ਨੇ ਜੋ ਪਤੀ ਪ੍ਰੇਮ ਮੇਂ ਮੂਰਤੀ ਪੂਜਨ ਆਰੰਭ ਕੀਆ ਹੈ ਯਿਹ ਠੀਕ ਨਹੀਂ। ਮਰੇ ਕੋ ਪੀਛੇ ਉਸ ਕੋ ਯਾਦ ਕਰਨਾ ਅੱਛਾ ਨਹੀਂ। ਆਮ ਲੋਗੋਂ ਮੇਂ ਪ੍ਰਚਲਤ ਬਾਤ ਹੈ ਕਿ ਮਰੇ ਕੋ ਯਾਦ ਨਹੀਂ ਕੀਆ ਕਰਤੇ। ਜਬ ਜਲਾ ਕਰ ਆਤੇ ਹੈਂ ਤੋ ਵਹੀ ਤਿਨਕਾ ਤੋੜ ਆਤੇ ਹੈਂ ਯਿਹ ਕਹਿ ਕਰ 'ਯਤ੍ਰ ਆਗਤਾ ਤਤ੍ਰ ਗਤਾ' (ਜਿੱਥੋਂ ਆਇਆ ਸੀ ਉਥੇ ਚਲਾ ਗਿਆ) ਸਭ ਮਰੇ ਪ੍ਰਆਮੀ ਬੀਤਰਾਗ ਮਹਾਂਪੁਰਖ ਨਹੀਂ ਹੋਤੇ। ਮਾਯਾਵੀ ਮਰੇ ਹੂਓ ਕੀ ਯਾਦ ਕਰਨੇ ਵਾਲੇ ਕੇ ਲੀਏ ਕਈ ਕਲੇਸ਼ੋਂ ਕਾ ਕਾਰਣ ਬਨ ਜਾਤੀ ਹੈ ਪਰ ਤੁਮ ਸੁਸ਼ੀਲ ਹੋ, ਧਰਮ ਅਨੁਰਾਗਿਨੀ ਹੋ, ਤੁਮ ਕੋ ਜੋ ਅਭੀ ਤਕ ਹਾਨੀ ਨਹੀਂ ਹੁਈ ਰਾਮ ਕੀ ਅਨੁਗ੍ਰਹ ਹੈ ਤੁਮ ਪਰ। ਔਰ ਹਮਾਰੇ ਜਾਨੇ ਭਲਾ ਹੂਆ ਕਿ ਆਪ ਕੋ ਧਯਾਨ ਕਾ ਅਭਿਆਸ ਹੋ ਗਿਆ। ਅਬ ਜੋ ਤੁਮ ਰਾਮ-ਮੂਰਤੀ ਰਖ ਲੋ ਪਤੀ ਮੂਰਤੀ ਕੀ ਜਗਾ ਤੋ ਤੁਮਰੀ ਕਲਯਾਨ ਹੋ ਜਾਯ। ਯਦੀ ਪਤੀ ਭਗਤੀ ਸ੍ਰੀ ਰਾਮ ਕੀ ਭਗਤੀ ਹੋ ਜਾਯ ਤੋਂ ਜਨਮ ਮਰਨ ਕੀ ਬਾਧਾ ਦੂਰ ਹੋ ਜਾਏ।

ਇਸ ਪ੍ਰਕਾਰ ਇਸ ਸਾਧੂ ਨੇ ਸੁਘੜੋ ਨੂੰ ਆਪਣੇ ਮਤ ਵਲ ਪ੍ਰੇਰ ਲਿਆ ਤੇ ਪਤੀ ਮੂਰਤੀ ਦੀ ਥਾਂ ਰਾਮ ਮੂਰਤੀ ਵਿਚ ਲਗਾ ਲਿਆ। ਹੁਣ ਜੋ ਪਤੀ ਪ੍ਰੇਮ ਸੀ, ਯਾ ਪਤੀ-ਪ੍ਰੇਮ-ਰਸ ਦੀ ਯਾਦ ਸੀ, ਉਸ ਖਯਾਲ ਵਿਚੋਂ ਮਨ ਸੁਤੇ ਹੀ ਨਿਕਲ ਗਿਆ ਤੇ ਰਾਮ ਭਗਤੀ ਵਿਚ ਲੱਗ ਗਿਆ। ਜੋ ਜੋ ਸਾਧਨ ਸਾਧੂ ਨੇ ਕਹੇ ਇਸ ਨੇ ਕੀਤੇ, ਪਰ ਚਿੱਤ ਡਾਵਾਂਡੋਲ ਹੋ ਹੋ ਜਾਇਆ ਕਰੇ, ਅੰਤ ਇਸ ਨੂੰ ਇਕ ਦਿਨ ਉਸ ਸਾਧੂ ਦੀ ਗੁਫਤਗੂ ਤੋਂ ਸੋਝੀ ਪੈ ਗਈ ਕਿ ਰਾਮ ਅਵਤਾਰ ਦੀ ਪ੍ਰਾਪਤੀ ਦੀ ਤਾਂ ਇਹ ਪੁਰਖ ਹੀ ਰਾਮ ਰੂਪ ਬਨ ਕੇ ਮੈਨੂੰ ਆਪਣੇ ਮਗਰ ਲਾਏਗਾ। ਸੁਘੜੋ ਨੇ ਹੁਣ ਹੁਸ਼ਿਆਰ ਹੋ ਕੇ ਪੜਚੋਲ ਆਰੰਭੀ ਤਾਂ ਇਸ ਸਿੱਟੇ ਤੇ ਪੁੱਜ ਗਈ ਕਿ ਇਹ ਸਾਧੂ ਆਪ ਆਪਣੀਆਂ ਮਨੋ ਕਾਮਨਾ ਦਾ ਬਿਜਈ ਨਹੀਂ ਹੈ ਤੇ ਮੇਰੇ ਪਦਾਰਥ ਤੇ ਮੇਰੇ ਰੂਪ ਕਰਕੇ ਮੈਨੂੰ ਬਿਜੈ ਕਰਨ ਦੇ ਉਪਰਾਲਿਆਂ ਵਿਚ ਹੈ। ਇਹ ਨਿਸ਼ਚੇ ਕਰਕੇ ਉਸ ਨੇ ਸਾਧੂ ਨੂੰ ਕੁਟੀਆ ਤੋਂ ਵਿਦਾ ਕੀਤਾ ਤੇ ਆਪ ਫੇਰ ਵਹਿਣਾਂ ਵਿਚ ਪੈ ਗਈ ਕਿ ਜਿਵੇਂ ਸੰਸਾਰ ਦੇ ਮੇਲੀ ਕਿਸੇ ਦੇ ਮਿਤ੍ਰ ਨਹੀਂ ਕੇਵਲ ਆਪਣੇ ਲਾਭ ਲਈ ਦੂਏ ਨੂੰ ਮਿਲਦੇ ਹਨ ਤਿਵੇਂ ਇਹ ਘਰ ਬਾਰ ਤਿਆਗ ਕੇ ਵਿਚਰ ਰਹੇ ਐਸੇ ਸਾਧੂ ਬੀ ਮਾਯਾ ਦੇ ਮਗਰ ਹੀ ਬਾਵਲੇ ਹੋ ਰਹੇ ਹਨ।

## ੫. (ਮੂਰਤੀ ਪੂਜਾ, ਸ੍ਰੀ ਰਾਮ ਤੋਂ ਕ੍ਰਿਸ਼ਨ)

ਇਹ ਠੁਹਕਰ ਖਾ ਕੇ ਸੁਘੜੋ ਦਾ ਮਨ ਪਿੱਛੇ ਨਹੀਂ ਮੁੜਿਆ। ਉਹ ਹੁਣ ਇਸ ਧੁਨਿ ਵਿਚ ਸੀ ਕਿ ਆਖਰ ਮਰਨਾ ਹੈ, ਧਨ ਪਦਾਰਥ ਨੇ ਨਾਲ ਨਹੀਂ ਜਾਣਾ। ਜੀਵਨ ਨੂੰ ਹੁਣ ਐਸਾ ਪਲਟਾ ਦਿਓ ਕਿ ਮੁੜ ਕੇ ਜਨਮ ਨਾ ਹੋਵੇ। ਨਾ ਜਨਮ ਆਵੇ, ਨਾ ਮੋਹ ਮਾਯਾ ਪਿਤਾ ਪਤੀ ਆਦਿਕਾਂ ਨਾਲ ਪਵੇ, ਨਾ ਵਿਯੋਗ ਦੀ ਸੱਟ ਸਹਿਣੀ ਪਵੇ, ਹਾਂ, ਕੋਈ ਸਾਧੂ ਜ਼ਰੂਰ ਟੋਲਣਾ ਹੈ ਜੋ ਆਪ ਪਾਰਗਿਰਾਮੀ ਹੋਵੇ, ਜੋ ਮਾਯਾ ਤੋਂ ਅਤੀਤ ਹੋਵੇ ਤੇ ਪ੍ਰਮਾਤਮਾ ਵਿਚ ਪਹੁੰਚ ਰਖਦਾ ਹੋਵੇ। ਸੋ ਇਸ ਨੇ ਸਾਧਾਂ ਸੰਤਾਂ ਨੂੰ ਮਿਲਨਾ ਨਾ ਛੋੜਿਆ। ਜਦੋਂ ਸੁਣੇ ਕਿ ਕੋਈ ਸਾਧੂ ਆਯਾ ਹੈ ਆਪਣੀਆਂ ਸਖੀਆਂ ਨੂੰ ਨਾਲ ਲੈ ਕੇ ਉਸ ਨੂੰ ਮਿਲਣ ਜਾਵੇ। ਭੇਟਾ ਪੂਜਾ ਬੀ ਲੈ ਜਾਵੇ ਤੇ ਚੰਗਾ ਲੱਗੇ ਤਾਂ ਕੁਛ ਦਿਨਾਂ ਲਈ ਕੁਟੀਆ ਵਿਚ ਟਿਕਾ ਬੀ ਲਵੇ। ਹਰੇਕ ਸਾਧੂ ਤੋਂ ਇਸ ਦੇ ਕੰਨੀਂ ਇਹ ਆਵਾਜ਼ਾ ਪਏ ਕਿ ਗੁਰੂ ਬਿਨਾਂ ਗਤਿ ਨਹੀਂ। ਪਰ ਇਹ ਸਾਧਾਂ ਵਿਚ ਟੋਲ ਕਰਕੇ ਕਿ ਮੇਰੇ 'ਮਨ ਮੰਨੇ' ਦਾ ਗੁਰੂ ਲੱਝ ਜਾਵੇ।

ਉਧਰ ਇਸ ਦੀ ਸਾਧੂ-ਸੇਵਾ ਦੀ ਸੋਅ ਦੂਰ-ਦੂਰ ਤਕ ਫੈਲ ਗਈ। ਭੇਖ ਦੇ ਪਰਦੇ ਵਿਚ ਜੋ ਮਾਯਾ ਦੇ ਚਾਹਵਾਨ ਸਨ, ਸੋ ਸੁਣ ਸੁਣ ਕੇ ਦੂਰ-ਦੂਰ ਤੋਂ ਪੁੱਜਣ ਲੱਗੇ। ਜੋ ਤਾਂ ਅਚਾਹ ਲੋਕ ਸਨ ਉਹ ਤਾਂ ਕਾਹਨੂੰ ਕਿਸੇ ਕੋਲ ਪੁਜਦੇ ਹਨ ਸਿਵਾ ਉਸ ਦੇ ਸਮੇਂ ਦੇ ਕਿ ਜਦੋਂ ਹੁਕਮ ਉਨ੍ਹਾਂ ਨੂੰ ਕਿਧਰੇ ਲੈ ਟੁਰੇ, ਪਰ ਮਨੋ ਕਾਮਨਾਂ ਭੇਖ ਵਿਚ ਬੈਠਿਆਂ ਨੂੰ ਬੀ ਕਦੋਂ ਚਉ ਕਰਕੇ ਬੈਠਣ ਦਿੰਦੀਆਂ ਹਨ। ਸੁਘੜੋ ਦੀ ਸੋਅ ਸੁਣ ਕੇ ਬ੍ਰਿੰਦਾਬਨ ਤੋਂ ਇਕ ਵੈਸ਼ਨਵ ਸਾਧੂ ਟੁਰੇ ਤੇ ਪੋਠੋਹਾਰ ਆ ਪੁੱਜੇ। ਇਨ੍ਹਾਂ ਦੇ ਨਾਲ ਰਾਸ ਲੀਲਾ ਦਾ ਰਾਜਸੀ ਸਾਮਾਨ ਸਾਰਾ ਸੀ, ਗਾਇਨ ਤੇ ਨ੍ਰਿਤਕਾਰੀ ਦਾ ਕਮਾਲ ਸੀ। ਸੁਘੜੋ ਦੇ ਗਿਰਾਂ ਤੋਂ ਨੇੜੇ ਕਿਸੇ ਗਿਰਾਂ ਆ ਡੇਰਾ ਕੀਤਾ। ਜੋ ਗਿਰਾਂ ਕਿ ਵਡੇਰਾ ਕਸਬਾ ਸੀ ਤੇ ਹਿੰਦੂ ਵਸੋਂ ਬਹੁਤੀ ਸੀ ਓਥੇ। ਇਨ੍ਹਾਂ ਦੀ ਭਗਤੀ ਰਾਸ ਲੀਲ੍ਹਾ ਤੇ ਸੰਕੀਰਤਨ ਦੀ ਮਹਿਮਾਂ ਸੁਘੜੋ ਦੇ ਕੰਨਾਂ ਤੱਕ ਅੱਪੜੀ। ਆਪੇ ਨਹੀਂ ਪਰ ਅਪੜਾਈ ਗਈ।

ਪਿਛਲੇ ਤਜਰਬੇ ਤੋਂ ਸਿਆਣੀ ਹੋਈ ਸੁਘੜੋ ਨੇ

ਚੁਕੰਨਿਆਂ ਹੋ ਕੇ ਪੁੱਛ ਭਾਲ ਕੀਤੀ, ਜਦੋਂ ਤਸੱਲੀ ਹੋ ਗਈ ਕਿ ਇਥੇ ਬਨਾਵਟ ਨਹੀਂ ਤਾਂ ਆਪਣੇ ਗਿਰਾਂ ਬੁਲਾ ਲਿਆ। ਇਥੇ ਬਾਵਾ ਜੀ ਨੇ ਕ੍ਰਿਸ਼ਨ ਕਰੱਤਵ ਦੀ ਸਾਰੀ ਲੀਲ੍ਹਾ ਪਾਉਣੀ। ਬਾਵੇ ਦਾ ਅਪਨਾ ਨਾਮ ਕ੍ਰਿਸ਼ਨ ਕੁਮਾਰ ਸੀ, ਇਸ ਦਾ ਗਾਣਾ ਤੇ ਨ੍ਰਿਤਯ ਇਸ ਕਮਾਲ ਦਾ ਸੀ ਕਿ ਸੁਘੜੋ ਕਈ ਵੇਰ ਬੇਸੁਧ ਹੋ ਹੋ ਗਈ। ਪਰਮਾਰਥ ਵਿਚ ਰੁਚੀ ਤੇ ਮਨ ਦੇ ਜੁੜਨ ਦੀ ਚਾਹਨਾਂ ਨੂੰ ਇਸ ਸੰਕੀਰਤਨ ਨਾਲ ਲਾਭ ਹੋਇਆ। ਸੁਘੜੋ ਦੀ ਸ਼ਰਧਾ ਕ੍ਰਿਸ਼ਨ ਕੁਮਾਰ ਜੀ ਵਿਚ ਚੋਖੀ ਵਧ ਗਈ।

ਸੁਘੜੋ ਪਾਸ ਇਕ ਨੌਕਰ ਸੀ 'ਚੋਖਾ' ਇਸ ਨੂੰ ਇਸ ਦੇ ਸਹੁਰੇ ਨੇ ਬਚਪਨ ਤੋਂ ਪਾਲਿਆ ਸੀ ਤੇ ਹੁਣ ਇਹ ਪੰਜਾਹਾਂ ਦੇ ਲਗਭੱਗ ਸੀ। ਇਸਨੂੰ ਇਸ ਘਰ ਨਾਲ ਦਿਲੀ ਪਿਆਰ ਸੀ, ਸਾਰੇ ਮਰਦਾਂ ਦੇ ਚਲ ਬਸਨੇ ਮਗਰੋਂ ਇਹ ਸੁਘੜੋ ਦਾ ਸੱਚਾ ਵਿਸਾਹ ਯੋਗ ਸੇਵਕ ਸਾਬਤ ਹੋਇਆ। ਸੁਘੜੋ ਦੇ ਪਰਮਾਰਥ ਦੇ ਸ਼ੌਕ ਨੂੰ ਇਹ ਕਿਸੇ ਤੌਖਲੇ ਨਾਲ ਤੱਕਦਾ ਸੀ ਤੇ ਅਕਸਰ ਵੇਰ ਇਸਦੇ ਕੱਢੇ ਥਹੁ ਪਤੇ ਬੀਬੀ ਨੂੰ ਸਹਾਈ ਹੁੰਦੇ ਸਨ। ਇਸ ਸਾਧੂ ਪਰ ਇਹ ਬੀ ਤਸੱਲੀ ਪਾ ਗਿਆ ਕਿ ਨਿਰਲੋਭ ਹੈ, ਪਰ ਇਸ ਨੇ ਆਪਣੀ ਖੋਜ ਤਿਆਹੀ ਨਹੀਂ ਸੀ। ਇਕ ਦਿਨ ਸੁਘੜੋ ਨੇ ਇਸ ਸਾਧੂ ਤੋਂ ਮੰਤਰ ਮੰਗਿਆ। ਸਾਧੂ ਨੇ ਕਿਹਾ ਕਿ 'ਪਹਿਲੋਂ ਆਪਣੇ ਘਰੋਂ ਰਾਮ ਮੂਰਤੀ ਦੂਰ ਕਰ ਅੱਗੋਂ ਨੂੰ ਰਾਮ ਉਪਾਸ਼ਕ ਸਾਧੂਆਂ ਦਾ ਰੰਗ ਤਿਆਗ ਕਰੇਂ ਤਾਂ ਅਸੀਂ ਉਪਦੇਸ਼ ਦੇ ਸਕਦੇ ਹਾਂ। ਜਦ ਬੀਬੀ ਨੇ ਕਾਰਣ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਸ਼ਟ ਇਕ ਚਾਹੀਏ, ਦੋ ਸੇ ਪਾਰ ਨਹੀਂ ਹੋਤਾ 'ਏਕੋ ਦੇਵ, ਕੇਸ਼ਵੋ ਵਾ ਸ਼ਿਵੋ ਵਾ' (ਇਕ ਇਸ਼ਟ ਚਾਹੀਏ, ਕ੍ਰਿਸ਼ਨ ਚਾਹੇ ਸ਼ਿਵ) ਦੋ ਮਿਲੇਂ ਤੋਂ ਸ਼ਿਰੋਮਣੀ ਕੋ ਚੁਣੋ। ਰਾਮ ਜੀ 16 ਕਲਾ ਸੰਪੂਰਨ ਅਵਤਾਰ ਨਹੀਂ, ਕ੍ਰਿਸ਼ਨ 16 ਕਲਾਂ ਸੰਪੂਰਨ ਹੈ, ਪੂਰਨ ਅਵਤਾਰ ਹੈਂ, ਇਨ ਕੋ ਚੁਣੋ। ਇਹ ਗੱਲ ਸੁਘੜੋ ਦੇ ਦਿਲ ਲੱਗੀ, ਸੋ ਬੈਰਾਗੀ ਉਪਾਸਨਾ ਉਸ ਨੇ ਦੂਰ ਕਰ ਦਿਤੀ। ਪਰ ਮੰਤਰ ਅਜੇ ਉਸ ਨੇ ਨਹੀਂ ਸੀ ਲਿਆ ਕਿ ਇਕ ਦਿਨ ਚੋਖੇ ਨੇ ਆ ਕੇ ਦੱਸਿਆ ਕਿ ਬੀਬੀ! ਇਥੇ ਬੀ ਮਾਯਾ ਵਰਤ ਰਹੀ ਹੈ। ਇਕ ਬੀਬੀ ਜੋ ਫਲਾਣੇ ਪਿੰਡੋਂ ਆਉਂਦੀ ਹੁੰਦੀ ਸੀ ਉਹ ਬਹੁਤ ਸਾਰਾ ਗਹਿਣਾ ਅਰਪਨ ਕਰ ਗਈ ਹੈ ਚੋਰੀ ਘਰਦਿਆਂ ਤੋਂ ਤੇ ਹੁਣ ਉਸ ਦੇ ਘਰ ਕੁਪੁੱਤ ਹੋ ਰਿਹਾ ਹੈ। ਇਹ ਝੇੜਾ ਹੁਣ ਤੁਸਾਂ ਤਕ ਆਉਣ ਵਾਲਾ ਹੈ। ਗੱਲ ਕੀਹ ਉਹ ਮਾਮਲਾ ਸੁਘੜੋ ਤੱਕ ਸਾਧੂ ਨੂੰ ਸਮਝਾਉਣ ਲਈ ਪੁੱਜਾ। ਤਦੋਂ ਸੁਘੜੋ ਨੇ ਕ੍ਰਿਸ਼ਨ ਕੁਮਾਰ ਨੂੰ ਆਖਿਆ ਕਿ ਤੁਸੀਂ ਮਾਯਾ ਤੋਂ ਵੈਰਾਗੀ ਪੁਰਖ ਹੋ, ਕ੍ਰਿਸ਼ਨ ਪ੍ਰੇਮ ਵਿਚ ਮੱਤੇ ਹੋ, ਤੁਸਾਂ ਨੂੰ ਇਸ ਪਦਾਰਥ ਦੀ ਕੀਹ ਲੋੜ ਹੈ? ਜਦ ਧਰ ਦੇ ਦੇ ਕੇ ਖੁਸ਼ ਨਹੀਂ ਤਾਂ ਮੱਥੇ ਮਾਰੋ ਨੇ। ਪਰ ਸਾਧੂ ਨੇ ਕਿਹਾ ਕਿ ਬੀਬੀ ਕੇ ਪ੍ਰੇਮ ਕੀ ਇਸ ਮੇਂ ਹਾਨੀ ਹੈ। ਸੁਘੜੋ ਨੇ ਹਾਹੁਕਾ ਖਾਧਾ। ਹਾਇ! ਖਬਰੇ ਇਕੱਲ ਹੀ ਚੰਗੀ ਸ਼ੈ ਹੈ ਤੇ ਤਦੇ ਵਿਧਾਤਾ ਨੇ ਮੈਨੂੰ ਦਿਤੀ ਹੈ।

ਮਨਾਂ! ਦੇਖ, ਜੋਗੀ ਸੁਣਿਆ ਹੈ ਏਕਾਂਤ ਢੂੰਡਦੇ ਫਿਰਦੇ ਹਨ, ਤੈਨੂੰ ਮਿਲੀ ਹੈ ਤਾਂ ਤੂੰ ਇਸ ਤੋਂ ਕੰਨੀ ਕਤਰਾਈ ਫਿਰਦੀ ਹੈ।

ਕਈ ਹਾਹੁਕੇ ਲੈ ਕੇ ਸੁਘੜੋ ਇਨ੍ਹਾਂ ਤੋਂ ਬੀ ਉਪਰਾਮ ਹੋ ਗਈ। ਪਰ ਹਰ ਤਜਰਬੇ ਨਾਲ ਇਸ ਦਾ ਮਨ ਚੌਕਸ ਹੁੰਦਾ ਜਾਂਦਾ ਹੈ। ਉਂਞ ਹਰ ਤਰੀਕੇ ਦੇ ਸਾਧੂ ਤੋਂ ਮਿਲੇ ਸਾਧਨ ਸੱਚੇ ਦਿਲੋਂ ਕਰਨ ਕਰਕੇ ਇਸਨੂੰ ਏਕਾਗਰਤਾ ਦਾ ਕੁਛ ਕੁਛ ਝਾਉਲਾ ਪੈਣ ਲਗ ਪਿਆ।

(********)

(ਪੰਨਾ **48** ਦਾ ਬਾਕੀ)

ਦੇਖਿਆ, ਕਹਿੰਦੇ ਲੈ ਬਈ ਇਨ੍ਹਾਂ ਕੋਲ ਤਾਂ ਆਪਣੇ ਤਰੀਕੇ ਦੇ ਨਾਲ ਰੱਬ ਦੀ ਪੂਜਾ ਕਰਨ ਵਾਸਤੇ ਥਾਂ ਨਹੀਂ, ਗੁਰੂ ਛੇਵੇਂ ਪਾਤਸ਼ਾਹ ਨੇ ਉਸੇ ਵੇਲੇ ਮਸਜਿਦ ਬਣਵਾ ਦਿਤੀ, ਬਹੁਤ ਸੋਹਣੀ, ਵਧੀਆ ਮਸਜਿਦ। ਸਾਨੂੰ ਨਹੀਂ ਹੈ ਕਿਸੇ ਮਸਜਿਦ ਨਾਲ, ਕਿਸੇ ਮੰਦਰ ਨਾਲ, ਮੰਦਰ ਵੀ ਸਾਡੇ ਤੇ ਮਸਜਿਦਾਂ ਵੀ ਸਾਡੀਆਂ, ਚਰਚ ਵੀ ਸਾਡੇ, ਕਿਉਂਕਿ ਖਾਲਸੇ ਦੀ ਦ੍ਰਿਸ਼ਟੀ universal ਹੈ, ਇਹ universal man ਹੈ ਸਾਰੇ ਸੰਸਾਰ ਨੂੰ ਸੋਝੀ ਦੇਣ ਵਾਲਾ। ਲੇਕਿਨ ਅਜੇ ਇਹਨੂੰ ਆਪ ਜਾਗ ਨਹੀਂ ਆਈ, ਨਾ ਜਾਗ ਆਉਣ ਕਰਕੇ ਹਨ੍ਹੇਰੇ 'ਚ ਬੈਠਾ ਹੈ, ਜਾਗ ਆਏਗੀ ਜਦ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਾਂਗੇ।

***ਖਤ੍ਰੀ ਬ੍ਰਾਹਮਣ ਸੂਦ ਵੈਸ***
***ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ - ੭੪੮***

ਜਿਹਦਾ ਜੀਅ ਕਰਦਾ ਹੈ, ਇਸ ਦਰਿਆ ਤੋਂ ਆ ਕੇ ਪਾਣੀ ਪੀ ਲਓ, ਜਿਹਦਾ ਜੀਅ ਕਰਦਾ ਹੈ ਇਸ ਰੋਸ਼ਨੀ ਤੋਂ ਆ ਕੇ ਰੋਸ਼ਨੀ ਲੈ ਲਓ। ਇਹਦੇ ਕੋਲ ਕੋਈ ਇਸਲਾਮ ਦੂਜਾ ਨਹੀਂ, ਕੋਈ ਗੈਰ ਨਹੀਂ ਹੈ। ਗੁਰੂ ਨਾਨਕ ਨੇ ਜੇ ਹਿੰਦੂ ਨੂੰ ਨਾਲ ਰੱਖਿਆ ਹੈ, ਭਾਈ ਬਾਲੇ ਨੂੰ, ਭਾਈ ਮਰਦਾਨੇ ਨੂੰ, ਰੱਜ ਕੇ ਪਿਆਰ ਦਿਤਾ ਹੈ। ਇਹ ਸਾਨੂੰ ਸਿਖਾ ਦਿਤਾ। universal man ਹੈ ਖਾਲਸਾ, ਭੁਲੇਖਿਆਂ 'ਚ ਨਾ ਪਿਓ। ਤੁਸੀਂ ਪ੍ਰਦੇਸਾਂ 'ਚ ਰਹਿੰਦੇ ਓਂ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝਣ ਦਾ ਯਤਨ ਕਰੋ। ਜਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮਝਾਂਗੇ, ਫੇਰ ਸਾਡਾ ਕੋਈ ਦੁਸ਼ਮਣ ਨਹੀਂ ਰਹਿਣਾ, ਸਾਰੇ ਹੀ ਮਿੱਤਰ ਬਣ ਜਾਣਗੇ। ਸਾਡਾ ਕੋਈ ਦੋਖੀ ਨਹੀਂ ਰਹਿਣਾ। ਜਦੋਂ ਅਸੀਂ ਇਸਦੇ ਉਲਟ ਚੱਲਾਂਗੇ, ਮਨ ਦੀ ਮਤ ਕਰਾਂਗੇ, ਗੁਰੂ ਵਲ ਪਿੱਠ ਹੋ ਜਾਏਗੀ, ਗੁਰੂ ਦੀ ਸ਼ਕਤੀ ਸਾਡੇ ਤੋਂ ਪਰ੍ਹੇ ਹੋ ਜਾਏਗੀ, ਫੇਰ ਆਟੋਮੈਟਿਕਲੀ ਮਨੁੱਖ ਦੀ ਸ਼ਕਤੀ ਕਿੰਨੀ ਹੁੰਦੀ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਫੇਰ ਭਟਕਦੇ ਫਿਰਾਂਗੇ, ਸੋ ਇਸ ਬੇਨਤੀ ਦੇ ਨਾਲ ਮੈਂ ਸਮਾਪਤੀ ਕਰਦਾ ਹਾਂ।

**(*********)**

ਕਿਥੋਂ ਮਿਲੇ? ਅਰਦਾਸਾਂ ਕਰਦਾ ਰਿਹਾ ਕਿ ਹੇ ਪ੍ਰਭੂ! ਕ੍ਰਿਪਾ ਕਰ, ਮੈਨੂੰ ਕੋਈ ਮੇਲ, ਕੋਈ ਰਸਕ ਬੈਰਾਗੀ ਪਿਆਰਾ, ਜਿਹੜਾ ਤੇਰਾ ਹੀ ਰੂਪ ਬਣ ਚੁੱਕਿਆ ਹੋਵੇ। ਅਰਦਾਸ ਸੁਣੀ ਗਈ, ਪੂਰੇ ਸਤਿਗੁਰੂ ਦਾ ਮੇਲ ਹੋ ਗਿਆ। ਗੁਰੂ ਨੇ ਉਹ ਮੰਤਰ ਦੇ ਦਿਤਾ ਜਿਸ ਦਾ ਜਾਪ ਕਰਨ ਨਾਲ ਹਉਮੈ ਦਾ ਹਨੇਰ੍ਹਾ ਪੂਰੀ ਤਰ੍ਹਾਂ ਨਾਲ ਦੂਰ ਹੋ ਜਾਂਦਾ ਹੈ ਅਤੇ ਇਹ ਜੀਵ ਵੇਖ ਲੈਂਦਾ ਹੈ ਕਿ ਮੈਂ ਕੀ ਹਾਂ, ਮੈਂ ਕੌਣ ਹਾਂ? ਨਾਲ ਹੀ ਸਮਰੱਥ ਗੁਰੂ ਨੇ ਆਦੇਸ਼ ਦਿਤਾ ਕਿ ਐ ਭੁੱਲੜ ਜੀਵ! ਤੂੰ ਝੂਠਿਆਂ ਦੀ, ਕੱਚਿਆਂ ਦੀ ਸੰਗਤ ਛੱਡ ਦੇ ਅਤੇ ਪਿਆਰ ਕਰ - ਉਨ੍ਹਾਂ ਰੰਗ ਰੱਤੜਿਆਂ ਨੂੰ ਜਿਹੜੇ ਮੇਰੇ ਨਾਲ ਸਦਾ ਹੀ ਜੁੜੇ ਰਹਿੰਦੇ ਹਨ, ਅਭੇਦ ਰਹਿੰਦੇ ਹਨ ਤੇ ਜਿਨ੍ਹਾਂ ਨੂੰ ਅਸੀਂ ਸੰਤ ਕਹਿ ਕੇ ਨਿਵਾਜਦੇ ਹਾਂ। ਉਹ ਤੇਰੇ ਨਾਲ ਏਥੇ ਵੀ ਨਿਭਣਗੇ ਅਤੇ ਦਰਗਾਹ ਵਿਚ ਵੀ ਨਿਭਣਗੇ -

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ॥ ਪੰਨਾ- 1102*

ਅਜਿਹੇ ਰੰਗ ਰੱਤੜੇ, ਪ੍ਰਭੂ ਦਾ ਪਿਆਰ ਰੋਮ-ਰੋਮ ਵਿਚ ਪ੍ਰਵੇਸ਼ ਕਰ ਦਿੰਦੇ ਹਨ। ਆਪਣੇ ਪ੍ਰਭੂ ਦੀਆਂ ਕਥਾਵਾਂ ਦੱਸ-ਦੱਸ ਕੇ ਮਾਇਆ ਦੇ ਪਿਆਰ ਵਿਚੋਂ ਕੱਢ ਦਿੰਦੇ ਹਨ। ਹੁਣ ਜਗਿਆਸਾ ਪੂਰੇ ਵੇਗ ਨਾਲ ਜਾਗੀ, ਇਕ ਉਮਾਹ ਜਾਗ ਪਿਆ, ਹਿਰਦੇ ਵਿਚ ਇਕ ਕਾਂਗ ਉਠੀ, ਲਹਿਰ ਵਧਦੀ ਹੀ ਗਈ, ਮਿਲਣ ਦੀ ਲੋਚਾ ਨੇ ਖਿੱਚ ਪਾਈ, ਬਿਰਹੁ ਜਾਗ ਪਿਆ, ਨੈਣਾਂ ਦੇ ਵਿਚ ਨੀਰ ਵਗਣ ਲੱਗ ਗਿਆ ਅਤੇ ਤਰਲਾ ਲੈ ਰਿਹਾ ਹੈ -

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ*
*ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥*
*ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥*
*ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥*
*ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ*
*ਜਨ ਨਾਨਕ ਹਰਿ ਧਨੁ ਪਲੈ ਜੀਉ॥*
*ਪੰਨਾ - 94*

ਅੰਦਰ ਬਿਰਹੁ ਦੀ ਪੀੜ ਜਾਗ ਗਈ। ਮਾਇਆ ਦੇ ਭੁੱਲੇ ਹੋਏ ਜੀਵ ਕੀ ਜਾਨਣ - ਇਸ ਬਿਰਹੁ ਦੀ ਪੀੜ ਨੂੰ? ਪਿਆਰ ਦੇ ਬਾਣਾਂ ਨੇ ਘਾਇਲ ਕਰ ਦਿਤਾ। ਮੱਛੀ ਵਾਂਗੂੰ ਤੜਫ ਰਿਹਾ ਹੈ - ਬਿਨਾਂ ਪਾਣੀ ਤੋਂ -

*ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ*
*ਜਿਉ ਤ੍ਰਿਖਾਵੰਤੁ ਬਿਨੁ ਨੀਰ॥*
*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥*
*ਹਮਰੀ ਬੇਦਨ ਹਰਿ ਪ੍ਰਭੁ ਜਾਨੈ*
*ਮੇਰੇ ਮਨ ਅੰਤਰ ਕੀ ਪੀਰ॥ ਪੰਨਾ - 862*

ਨਿਤ ਅੰਦਰੋਂ ਸੰਦੇਸ਼ੇ ਭੇਜੇ ਜਾਂਦੇ ਹਨ - ਆਪਣੇ ਪਿਆਰੇ ਨੂੰ, ਪਰ ਕੋਈ ਉੱਤਰ ਨਹੀਂ ਆ ਰਿਹਾ। ਸ਼ਾਇਦ ਕੋਈ ਸੰਦੇਸ਼ਾ ਪਹੁੰਚਾਉਣ ਵਾਲਾ ਵਿਚੋਲਾ ਨਾ ਮਿਲ ਸਕਿਆ ਹੋਵੇ। ਤੜਫ ਹੈ ਅੰਦਰ, ਵੱਡੀ ਤੋਂ ਵੱਡੀ ਭੇਟਾ ਕਰਨ ਨੂੰ ਤਿਆਰ ਹੈ -

*ਹਉ ਮਨੁ ਅਰਪੀ ਸਭੁ ਤਨੁ ਅਰਪੀ*
*ਅਰਪੀ ਸਭਿ ਦੇਸਾ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ॥ ਪੰਨਾ - 247*

ਬਿਰਹੁ ਕੁੱਠੀ ਰੂਹ ਨੂੰ ਹੱਕ ਦੀ ਅਵਾਜ਼ ਸੁਣਾਈ ਦਿਤੀ, ਸੱਚ ਦੇ ਬੋਲ ਪ੍ਰਗਟ ਹੋਏ ਕਿ ਤੇਰੀ ਆਵਾਜ਼ ਉਸ ਪਿਆਰੇ ਤਕ ਨਹੀਂ ਪਹੁੰਚਦੀ ਕਿਉਂਕਿ ਤੂੰ ਆਪ ਹੀ ਇਕ ਕੰਧ ਆਪਣੇ ਆਪ ਨੂੰ ਵਖਰਾ ਰੱਖ ਕੇ ਬਣਾ ਲਈ। ਜਿਸਨੂੰ ਤੂੰ ਮਿਲਣਾ ਚਾਹੁੰਦਾ ਹੈਂ, ਉਹ ਤਾਂ ਬਿਲਕੁਲ ਤੇਰੇ ਨਾਲ ਹੈ ਪਰ ਤੇਰੀ ਕੰਧ, ਨਾ ਉਸ ਦੇ ਦਰਸ਼ਨ ਹੋਣ ਦਿੰਦੀ ਹੈ ਅਤੇ ਨਾ ਹੀ ਤੇਰੀ ਅਵਾਜ਼ ਇਸ ਕਰੜੀ ਵਲਗਣ ਤੋਂ ਬਾਹਰ ਜਾਣ ਦਿੰਦੀ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਾਰਦੋ*
*ਬਿਨੁ ਪੇਖੇ ਦੂਰਾਇਓ॥*
*ਪੰਨਾ - 624*

ਤੂੰ ਪੂਰੇ ਗੁਰੂ ਦੀ ਸ਼ਰਨ ਲੈ, ਉਸਦੀ ਮਿਹਰ ਬਿਨਾਂ ਤੈਨੂੰ ਮਿਲਾਪ ਨਹੀਂ ਹੋ ਸਕਣਾ। ਉਸ ਦੀ ਕ੍ਰਿਪਾ ਮੰਗ, ਉਸ ਦੇ ਚਰਨ ਸੇਵ। ਉਹ ਤੇਰੇ ਤੇ ਤਰੁਠੇਗਾ ਤੇ ਇਸ ਕੰਧ ਨੂੰ ਤੋੜ ਦੇਵੇਗਾ। ਤੈਨੂੰ ਸੱਚ ਦੀ ਗੱਲ ਦਾ ਇਕ ਭੇਤ ਦਿਤਾ ਜਾਂਦਾ ਹੈ, ਇਸ ਨੂੰ ਸਮਝ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥*
*ਪੰਨਾ - 1263*

ਗੁਰੂ ਦਇਆਲ ਹੋ ਗਿਆ -

*ਭਇਓ ਕਿਰਪਾਲੁ ਸਰਬ ਕੋ ਠਾਕੁਰੁ*
*ਸਗਰੋ ਦੂਖੁ ਮਿਟਾਇਓ॥*
*ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ*
*ਤਉ ਦਇਆਰੁ ਬੀਠਲੋ ਪਾਇਓ॥*
*ਪੰਨਾ - 624*

ਧੰਨ ਹਨ ਉਹ ਜਿਨ੍ਹਾਂ ਦੇ ਮਨ ਵਿਚ ਲੋਚਾ ਲਗ ਗਈ। ਦਰਸ਼ਨ ਦੀ ਲੋਚਾ ਲਗ ਜਾਣੀ ਹੀ ਮਿਹਰ ਹੈ। ਉਹ ਜਿਉਂਦਾ ਹੈ ਜਿਸ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ, ਦਰਸ਼ਨ ਦੀ ਲੋਚਾ ਦੇ ਵਿਚ ਉਡੀਕਵਾਨ ਰਹਿੰਦਾ ਹੈ-

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥*
*ਪੰਨਾ - 266*

ਦਰਸ਼ਨ ਦੀ ਪਿਆਸ ਵਾਲਾ ਜਿਉਂਦਿਆਂ ਵਿਚ ਗਿਣਿਆ ਜਾਂਦਾ ਹੈ। ਉਸ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ, ਉਸਨੂੰ ਹੋਰ ਕਿਸੇ ਕਿਸਮ ਦੀ ਲੋਚਾ ਨਹੀਂ ਹੈ। ਉਹ

ਜਿਉਂਦਾ ਹੈ, ਸੰਸਾਰ ਮੁਰਦਾ ਹੈ - ਪਿਆਰ ਬਿਨਾਂ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਉਹ ਆਪਣੇ ਪਿਆਰੇ ਦੇ ਦਰਸ਼ਨ ਲਈ, ਜੋ ਕੁਝ ਵੀ ਉਸ ਦੇ ਪਾਸ ਹੈ, ਉਹ ਅਰਪਣ ਕਰਨ ਨੂੰ ਤਿਆਰ ਹੈ -

*ਜਪ ਤਪ ਸੰਜਮ ਪੁੰਨ ਸਭਿ ਹੋਮਉ*
*ਤਿਸੁ ਅਰਪਉ ਸਭਿ ਸੁਖ ਜਾਂਈ॥*
*ਏਕ ਨਿਮਖ ਪ੍ਰਿਅ ਦਰਸੁ ਦਿਖਾਵੈ*
*ਤਿਸੁ ਸੰਤਨ ਕੈ ਬਲਿ ਜਾਂਈ॥*
*ਕਰਉ ਨਿਹੋਰਾ ਬਹੁਤੁ ਬੇਨਤੀ*
*ਸੇਵਉ ਦਿਨੁ ਰੈਨਾਈ॥*
*ਮਾਨੁ ਅਭਿਮਾਨੁ ਹਉ ਸਗਲ ਤਿਆਗਉ*
*ਜੋ ਪ੍ਰਿਅ ਬਾਤ ਸੁਨਾਈ॥ ਪੰਨਾ - 1207*

ਭਾਈ ਗੁਰਦਾਸ ਜੀ ਨੇ ਵਿਜੋਗਣ ਦੇ ਦਿਲ ਦੀ ਹੂਕ ਨੂੰ ਵਰਣਨ ਕਰਦਿਆਂ ਅੰਕਿਤ ਕੀਤਾ ਹੈ ਕਿ -

*ਬਾਯਸ ਉਡਹ ਬਲ ਜਾਉ ਬੇਗ ਮਿਲੌ ਪੀਯ*
*ਮਿਟੈ ਦੁਖ ਰੋਗੁ ਸੋਗੁ ਬਿਰਹ ਬਿਜੋਗ ਕੋ॥*
*ਅਵਧ ਬਿਕਟ ਕਟੈ ਕਪਟ ਅੰਤਰਿ ਪਟੁ*
*ਦੇਖਉ ਦਿਨ ਪ੍ਰੇਮ ਰਸ ਸਹਜ ਸੰਜੋਗ ਕੋ।*
*ਲਾਲ ਨ ਆਵਤ ਸ਼ੁਭ ਲਗਨ ਸਗਨ ਭਲੇ*
*ਹੋਇ ਨ ਬਿਲੰਭ ਕਛੁ ਭੇਦੁ ਬੇਦ ਲੋਕ ਕੋ।*
*ਅਤਿਹਿ ਆਤੁਰ ਭਈ ਅਧਿਕ ਔਸੇਰ ਲਾਗੀ।*
*ਧੀਰਜ ਨ ਧਰੋ ਖੋਜੌ ਧਾਰਿ ਭੇਖ ਜੋਗ ਕੋ॥*

*ਕਬਿੱਤ ਭਾਈ ਗੁਰਦਾਸ ਜੀ*

ਸੋ ਮਿਲਾਪ ਵਾਸਤੇ ਹੁਣ ਅੱਸੂ ਦੇ ਇਸ ਮਹੀਨੇ ਵਿਚ ਉਮਾਹ ਉਠ ਖੜ੍ਹਾ ਹੋਇਆ। ਇਸ ਖਿੱਚ ਦਾ ਵਰਣਨ ਸਖੀਆਂ ਸਹੇਲੀਆਂ ਨਾਲ ਕਰਦਿਆਂ ਦੱਸਦੇ ਹਨ -

*ਸਖੀ ਸਹੇਲੀ ਗਰਬਿ ਗਹੇਲੀ॥*
*ਸੁਣਿ ਸਹ ਕੀ ਇਕ ਬਾਤ ਸੁਹੇਲੀ॥*
*ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥*
*ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ॥*
*ਹਉ ਦੋਹਾਗਣਿ ਖਰੀ ਰੰਞਾਣੀ॥*
*ਗਇਆ ਸੁ ਜੋਬਨੁ ਧਨ ਪਛੁਤਾਣੀ॥*
*ਤੂ ਦਾਨਾ ਸਾਹਿਬੁ ਸਿਰਿ ਮੇਰਾ॥*
*ਖਿਜਮਤਿ ਕਰੀ ਜਨੁ ਬੰਦਾ ਤੇਰਾ॥*
*ਭਣਤਿ ਨਾਨਕੁ ਅੰਦੇਸਾ ਏਹੀ॥*
*ਬਿਨੁ ਦਰਸਨ ਕੈਸੇ ਰਵਉ ਸਨੇਹੀ॥*

*ਪੰਨਾ - 990*

ਤਰਲਾ ਹੈ ਦਰਸ਼ਨ ਦੇਖਣ ਦਾ -

*ਅਸੁਨਿ ਪ੍ਰੇਮ ਉਮਾਹੜਾ*
*ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥ ਪੰਨਾ- 134*

ਹੈ ਕੋਈ ਸੰਸਾਰ ਦੇ ਅੰਦਰ, ਮਾਇਆ ਦੇ ਮੰਡਲ ਵਿਚ ਜਿਹੜਾ ਸਹਾਇਤਾ ਕਰ ਸਕਦਾ ਹੋਵੇ ਤੇ ਮਿਲਾਪ ਕਰਾ ਦੇਵੇ? ਮਾਇਆ ਦੇ ਮੋਹੇ ਹੋਏ ਸਾਰੇ ਮੁਰਦੇ ਹਨ। ਜੀਵਨ ਰੌ ਉਨ੍ਹਾਂ ਵਿਚ ਰੁਮਕ ਨਹੀਂ ਰਹੀ। ਅੰਨ, ਪਾਣੀ ਨਾਲ ਸਰੀਰ ਚਲ ਰਹੇ ਹਨ। ਮੁਰਦਿਆਂ ਤੋਂ ਕੀ ਆਸ ਹੈ ਕਿ ਉਹ ਮਿਲਾਪ ਕਰਾ ਦੇਣ?

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

*ਪੰਨਾ - 142*

ਇਨ੍ਹਾਂ ਨੇ ਕੀ ਮੇਲਣਾ ਹੋਇਆ? ਮੇਲਦੇ ਉਹ ਹਨ ਜਿਹੜੇ ਆਪ ਮਿਲੇ ਹੋਏ ਹਨ, ਜਿਹੜੇ ਆਪਣਾ ਆਪ ਤਿਆਗ ਕੇ ਪ੍ਰਭੂ ਦਾ ਰੂਪ ਬਣ ਗਏ ਹਨ ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*

*ਪੰਨਾ - 397*

ਉਨ੍ਹਾਂ ਨੂੰ ਕੀ ਆਖਿਆ ਜਾਵੇ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਉਹ ਮੇਰੇ ਪਿਆਰੇ ਸੰਤ ਹਨ। ਉਹ ਮੈਨੂੰ ਕਦੇ ਨਹੀਂ ਭੁੱਲਦੇ ਅਤੇ ਮੇਰੇ ਨਾਲ ਅਭੇਦ ਹੋਏ ਹੋਏ ਮੇਰਾ ਹੀ ਰੂਪ ਬਣ ਗਏ ਹਨ -

*ਦਾਸ ਅਨਿੰਨ ਮੇਰੋ ਨਿਜ ਰੂਪ॥*

*ਪੰਨਾ - 1252*

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਪੰਨਾ - 319*

ਪਿਆਰਿਆ! ਗਿਣਤੀ ਛੱਡ ਦੇ। ਤੈਨੂੰ ਗੁਰੂ ਬਾਰ-ਬਾਰ ਅਜਿਹੇ ਅਭੇਦ ਪੁਰਸ਼ਾਂ ਦੀ ਦੱਸ ਪਾਉਂਦੇ ਹਨ, ਭੇਜਦੇ ਹਨ ਤੈਨੂੰ ਉਨ੍ਹਾਂ ਕੋਲ ਜਿਹੜੇ ਮਿਲਾ ਸਕਦੇ ਹਨ, ਜੋ ਆਪ ਮਿਲੇ ਹੋਏ ਹਨ। ਮਿਲਣ ਤੋਂ ਬਿਨਾਂ ਸੁਖ ਨਹੀਂ ਅਤੇ ਹੋਰ ਕੋਈ ਥਾਂ ਵੀ ਐਸੀ ਨਹੀਂ ਜਿਥੇ ਸੁਖ ਟੋਲ੍ਹ ਲਿਆ ਜਾਵੇ।

*ਸੰਤ ਸਹਾਈ ਪ੍ਰੇਮ ਕੇ ਹਉ*
*ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ*
*ਦੂਜੀ ਨਾਹੀ ਜਾਇ॥*
*ਜਿੰਨੀ ਚਾਖਿਆ ਪ੍ਰੇਮ ਰਸੁ ਸੇ*
*ਤ੍ਰਿਪਤਿ ਰਹੇ ਆਘਾਇ॥ ਪੰਨਾ - 135*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਪ੍ਰੇਮ ਰਸ ਕਿਵੇਂ ਪ੍ਰਾਪਤ ਕਰ ਸਕਦਾ ਹੈ ਅਤੇ ਨਾਲ ਹੀ ਕਹਿੰਦੇ ਹਨ ਤੁਸੀਂ ਜਾਓ, ਪੁਛੋ ਉਨ੍ਹਾਂ ਨੂੰ ਜਿਨ੍ਹਾਂ ਨੇ ਪ੍ਰੇਮ ਦਾ ਰਸ ਮਾਣਿਆ ਹੈ। ਇਹ ਪ੍ਰੇਮ ਦਾ ਰਸ ਮਿਲਦਾ ਕਿਥੋਂ ਹੈ?

*ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ*
*ਕਿਤੁ ਬਿਧਿ ਮਿਲੈ ਰਸੁ ਖਾਇ॥*
*ਜਾਇ ਪੁਛਹੁ ਸੋਹਾਗਣੀ ਤੁਸਾ*

*ਕਿਉ ਕਰਿ ਮਿਲਿਆ ਪ੍ਰਭੁ ਆਇ॥*
*ਓਇ ਵੇਪਰਵਾਹ ਨ ਬੋਲਨੀ*
*ਹਉ ਮਲਿ ਮਲਿ ਧੋਵਾ ਤਿਨ ਪਾਇ॥*
*ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥*
*ਸਜਣੁ ਸਤਿਗੁਰੁ ਪੁਰਖੁ ਹੈ*
*ਦੁਖੁ ਕਢੈ ਹਉਮੈ ਮਾਰਿ॥*
*ਗੁਰਮੁਖੀਆ ਸੋਹਾਗਣੀ*
*ਤਿਨ ਦਇਆ ਪਈ ਮਨਿ ਆਇ॥*
*ਸਤਿਗੁਰ ਵਚਨੁ ਰਤੰਨੁ ਹੈ*
*ਜੋ ਮੰਨੇ ਸੁ ਹਰਿ ਰਸੁ ਖਾਇ॥ ਪੰਨਾ - 41*

ਭੇਤ ਦੇ ਦਿਤਾ ਉਨ੍ਹਾਂ ਨੇ ਕਿ ਸਤਿਗੁਰੂ ਦਾ ਜੋ ਬਚਨ ਹੈ ਜੋ ਉਸਨੂੰ ਕਮਾਉਂਦਾ ਹੈ, ਮੰਨਦਾ ਹੈ ਉਸਨੂੰ ਹਰਿ ਰਸ ਪ੍ਰਾਪਤ ਹੋ ਜਾਂਦਾ ਹੈ। ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਗੁਰੂ ਦੇ ਭਾਣੇ ਵਿਚ ਇਸ ਰਸ ਦੀ ਪ੍ਰਾਪਤੀ ਹੋ ਜਾਂਦੀ ਹੈ -

*ਸੇ ਵਡਭਾਗੀ ਵਡ ਜਾਣੀਅਹਿ*
*ਜਿਨ ਹਰਿ ਰਸੁ ਖਾਧਾ ਗੁਰ ਭਾਇ॥*
*ਪੰਨਾ - 41*

ਇਹ ਰਸ ਝਿਮ-ਝਿਮ ਕਰਕੇ ਸਦਾ ਹੀ ਗੁਰਮੁਖਾਂ ਦੇ ਹਿਰਦਿਆਂ ਵਿਚ ਵਰਸਦਾ ਹੈ। ਇਸ ਦੀ ਵਰਖਾ ਸਾਰੇ ਵਣਾਂ, ਪਹਾੜਾਂ, ਥਲਾਂ, ਸਮੁੰਦਰਾਂ ਉਤੇ ਹਰ ਸਮੇਂ ਹੋ ਰਹੀ ਹੈ।

*ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ*
*ਭਾਗਹੀਣ ਨਹੀ ਖਾਇ॥*
*ਬਿਨੁ ਸਤਿਗੁਰ ਪਲੈ ਨਾ ਪਵੈ*
*ਮਨਮੁਖ ਰਹੇ ਬਿਲਲਾਇ॥ ਪੰਨਾ- 41*

ਉਹ ਕਿਉਂ ਵਿਰਲਾਪ ਕਰਦੇ ਹਨ? ਕਿਉਂਕਿ ਮਾਇਆ ਦੀ ਅਗਨ ਉਨ੍ਹਾਂ ਨੂੰ ਦਿਨ ਰਾਤ ਸਾੜ ਰਹੀ ਹੈ ਅਤੇ ਵਿਸ਼ਟਾ ਦੇ ਕੀੜਿਆਂ ਵਾਂਗੂੰ ਕੁਰਬਲ-ਕੁਰਬਲ ਕਰ ਰਹੇ ਹਨ। ਮੋਤੀਆਂ ਦੇ ਮੰਦਰ ਰਤਨਾਂ ਨਾਲ ਜੜੇ ਹੋਏ, ਮਨ ਮੋਹਣ ਵਾਲੀਆਂ ਇਸਤ੍ਰੀਆਂ, ਸੁੰਦਰ ਸੇਜਾਂ, ਰਿੱਧੀਆਂ-ਸਿੱਧੀਆਂ, ਮਸ਼ਹੂਰੀਆਂ, ਰਾਜਸੀ ਸ਼ਕਤੀਆਂ, ਰਾਜਸੀ ਪ੍ਰਾਪਤੀਆਂ ਇਹ ਕੁਝ ਵੀ ਨਹੀਂ ਸਾਰ ਰਹੀਆਂ। ਹਿਰਦਾ ਜਲ ਰਿਹਾ ਹੈ, ਹਾਇ-ਹਾਇ ਦੀ ਅਵਾਜ਼ ਸੁਣਦੀ ਹੈ ਕਿਉਂਕਿ ਗੁਰੂ ਨੇ ਨਾਮ ਰਸ ਦੀ ਸੋਝੀ ਬਾਰੇ ਦੱਸਿਆ ਹੈ -

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥ ਪੰਨਾ - 14*

ਸੋ ਇਹ ਭਾਗਹੀਣ ਵਿਰਲਾਪ ਕਰ ਰਹੇ ਹਨ। ਉਨ੍ਹਾਂ ਦਾ ਪਿਆਰ ਸਤਿਗੁਰੂ ਨਾਲ ਨਹੀਂ, ਮਾਇਆ ਨਾਲ ਹੈ। ਸਤਿਗੁਰੂ ਤੇ ਸ਼ਰਧਾ ਨਹੀਂ ਲਿਆਉਂਦਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਜਲ ਰਹੇ ਹਨ -

*ਓਇ ਸਤਿਗੁਰ ਆਗੈ ਨ ਨਿਵਹਿ*
*ਓਨਾ ਅੰਤਰਿ ਕ੍ਰੋਧੁ ਬਲਾਇ॥*
*ਪੰਨਾ - 41*

ਅੰਤ ਵਿਚ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਨਿਰਾ ਹੀ ਪ੍ਰੇਮ ਹਨ। ਪ੍ਰੇਮ ਦੇ ਰੂਪ ਵਿਚ ਹੀ ਖੰਡਾਂ, ਬ੍ਰਹਿਮੰਡਾਂ ਹਰ ਥਾਂ ਦੇ ਉਤੇ ਜੋਤੀ ਸਰੂਪ ਹੋ ਕੇ ਆਪਣੀ ਕੀਤੀ ਕਿਰਤ ਨੂੰ ਵੇਖ ਕੇ ਪ੍ਰਸੰਨ ਹੋ ਰਹੇ ਹਨ।

*ਜਿਮੀ ਜਮਾਨ ਕੇ ਬਿਖੈ ਸਮੱਸਤਿ*
*ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ*
*ਨ ਘਾਟਿ ਬਾਢਿ ਹੋਤ ਹੈ॥ ਅਕਾਲ ਉਸਤਤਿ*

ਇਹ ਪ੍ਰੇਮ ਜੋਤ ਪ੍ਰੇਮ ਦਾ ਰੂਪ ਹੋ ਕੇ ਸਾਰੇ ਸੰਸਾਰ ਵਿਚ ਫੈਲੀ ਹੋਈ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥ ਜਾਪੁ ਸਾਹਿਬ*

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹਰਿ ਹਰਿ ਹਰਿ ਰਸੁ ਆਪਿ ਹੈ*
*ਆਪੇ ਹਰਿ ਰਸੁ ਹੋਇ॥*
*ਆਪਿ ਦਇਆ ਕਰਿ ਦੇਵਸੀ*
*ਗੁਰਮੁਖਿ ਅੰਮ੍ਰਿਤੁ ਚੋਇ॥*
*ਸਭੁ ਤਨੁ ਮਨੁ ਹਰਿਆ ਹੋਇਆ*
*ਨਾਨਕ ਹਰਿ ਵਸਿਆ ਮਨਿ ਸੋਇ॥*
*ਪੰਨਾ - 41*

ਸੋ ਇਹ ਪ੍ਰੇਮ ਦਾ ਰਸ ਜਿਨ੍ਹਾਂ ਨੇ ਚਖ ਲਿਆ ਉਨ੍ਹਾਂ ਦੀਆਂ ਵਾਸ਼ਨਾਵਾਂ ਖਤਮ ਹੋ ਗਈਆਂ। ਮਨ ਅ-ਮਨ ਹੋ ਗਿਆ ਅਤੇ ਪਿਆਰ ਵਿਚ ਗੜੂੰਦ ਹੋ ਕੇ ਵਾਹਿਗੁਰੂ ਦੇ ਰੂਪ ਵਿਚ ਸਮਾਈ ਕਰ ਲਈ। ਹੁਣ ਪਤਾ ਨਹੀਂ ਲਗਦਾ, 'ਮੈਂ' 'ਤੂੰ' ਬਣ ਗਈ ਤੇ 'ਤੂੰ' 'ਮੈਂ' ਬਣ ਗਈ। ਕੌਣ ਪਰਖੇ, ਕਿਸ ਨੂੰ ਵਿਹਲ ਹੈ ਇਸ ਰਸ ਵਿਚੋਂ ਵਖਰਾ ਹੋਣ ਦੀ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਛੱਡ ਦੇਵੋ 'ਮੈਂ' ਭਾਵ, ਅਤੇ ਅਰਦਾਸ ਕਰੋ ਕਿ ਹੇ ਪ੍ਰਭੂ! ਫਿਰਦਿਆਂ ਨੂੰ ਜੁਗ ਬੀਤ ਗਏ, ਹੁਣ ਤਾਂ ਕ੍ਰਿਪਾ ਕਰਕੇ ਆਪਣੇ ਲੜ ਲਾ ਲਵੋ -

*ਆਪੁ ਤਿਆਗਿ ਬਿਨਤੀ ਕਰਹਿ*
*ਲੇਹੁ ਪ੍ਰਭੂ ਲੜਿ ਲਾਇ॥ ਪੰਨਾ - 135*

ਜਿਹੜੇ ਲੜ ਲਗ ਜਾਂਦੇ ਹਨ ਉਹ ਫੇਰ ਨਹੀਂ ਵਿਛੜਦੇ ਕਿਉਂਕਿ ਪ੍ਰਭੂ ਤੋਂ ਬਗੈਰ ਹੋਰ ਉਸ ਦੇ ਵਰਗਾ ਕੋਈ ਹੈ ਹੀ ਨਹੀਂ। ਸੱਚ ਤਾਂ ਇਹ ਹੈ ਕਿ ਆਪ ਹੀ ਆਪ ਹੈ, ਉਸ ਬਿਨ ਦੂਜਾ ਕੋਈ ਨਹੀਂ।

*ਆਪੁ ਤਿਆਗਿ ਬਿਨਤੀ ਕਰਹਿ*
*ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ*
*ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ*
*ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ*
*ਜਿਨਾ ਮਇਆ ਹਰਿ ਰਾਇ॥*
*ਪੰਨਾ - 135*

ਸੋ, ਸੁਖੀ ਵਸਦੇ ਹਨ ਉਹ, ਜਿਨ੍ਹਾਂ ਦੇ ਉਤੇ ਪ੍ਰਭੂ ਦੀ ਕ੍ਰਿਪਾ ਹੋ ਗਈ। ਹੇ ਪ੍ਰਭੂ! ਮੈਂ ਭੁੱਲਿਆ ਹਾਂ, ਬਹੁਤ ਸਮਾਂ ਬੀਤ ਗਿਆ-

***ਬਹੁਤ ਜਨਮ ਬਿਛੁਰੇ ਥੇ ਮਾਧਉ***
***ਇਹੁ ਜਨਮੁ ਤੁਮ੍ਹਾਰੇ ਲੇਖੇ॥***
***ਕਹਿ ਰਵਿਦਾਸ ਆਸ ਲਗਿ ਜੀਵਉ***
***ਚਿਰ ਭਇਓ ਦਰਸਨੁ ਦੇਖੇ॥ ਪੰਨਾ - 694***

ਕਿੰਨਿਆਂ ਰੂਪਾਂ ਦੇ ਵਿਚ ਮੈਂ ਘੁਮੇਟਣੀਆਂ ਖਾਧੀਆਂ, ਕੋਈ ਗਿਣ ਨਹੀਂ ਸਕਦਾ। ਕੀ-ਕੀ ਮੈਂ ਬਣਦਾ ਰਿਹਾ, ਕਿਹੋ ਜਿਹੇ ਮੈਂ ਸਰੀਰ ਧਾਰਦਾ ਰਿਹਾ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਪੰਨਾ - 176***

ਹੁਣ ਕ੍ਰਿਪਾ ਕਰ! ਮੈਨੂੰ ਆਪਣਾ ਬਣਾ ਲੈ, ਮੈਨੂੰ ਮੇਲ ਐਸਾ ਸਤਿਗੁਰੂ ਜਿਹੜਾ ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਾਵੰਦਿਆਂ ਵਿਚੇ ਹੀ ਜੁਗਤ ਦੱਸ ਕੇ ਮੇਲ ਕਰਾ ਦੇਵੇ -

***ਨਾਨਕ ਸਤਿਗੁਰਿ ਭੇਟਿਐ***
***ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ***
***ਵਿਚੇ ਹੋਵੈ ਮੁਕਤਿ॥ ਪੰਨਾ - 522***

---

(ਪੰਨਾ 8 ਦਾ ਬਾਕੀ)

***ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।***

ਕੱਪੜਿਆਂ ਦਾ ਕਿਲ੍ਹਾ ਬਣ ਗਿਆ, ਸੱਤ ਦਿਨ ਸੱਤ ਰਾਤਾਂ ਲਗਾਤਾਰ ਕੱਪੜੇ ਲਾਹੁੰਦੇ ਰਹੇ ਤੇ ਕੋਈ ਥਾਂ ਨਾ ਰਿਹਾ, ਕੱਪੜੇ ਰੱਖਣ ਨੂੰ ਅਖੀਰ ਥੱਕ ਗਏ -

***ਹਥ ਮਰੋੜਨਿ ਸਿਰੁ ਧੁਣਨਿ***
***ਪਛੋਤਾਨਿ ਕਰਨਿ ਜਾਹਿ ਜਾਂਦੀ। ਭਾਈ ਗੁਰਦਾਸ ਜੀ***

ਸੋ ਇਸ ਤਰ੍ਹਾਂ ਦੇ ਨਾਲ ਜੋ ਸ਼ਰਨ ਵਿਚ ਆ ਜਾਂਦਾ ਹੈ ਉਸ ਦੀ ਰਾਖੀ ਕਰਨੀ ਹੀ ਕਰਨੀ ਹੈ। ਸੋ ਇਥੇ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਤੂੰ ਆਪਣਾ ਬਿਰਦ ਪਛਾਣ, ਵਾਹਿਗੁਰੂ ਦਾ ਤਾਂ ਬਿਰਦ ਸਦਾ ਸਦਾ ਹੀ ਹੈ ਲੇਕਿਨ ਸਾਡੇ ਵਿਚ ਤਬਦੀਲੀ ਆਉਣੀ ਚਾਹੀਦੀ ਹੈ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਾਹਿਗੁਰੂ ਜੀ ਦੀ ਸ਼ਰਨ ਵਿਚ ਕਿਵੇਂ ਆਈਦਾ ਹੈ, ਜਦੋਂ ਸ਼ਰਨ ਆਵੋਗੇ ਤਾਂ ਪ੍ਰਭੂ ਦੇ ਬਿਰਦ ਨੇ ਆਪਣੇ ਾਪ ਹੀ ਹਰਕਤ ਵਿਚ ਆ ਜਾਣਾ ਹੈ। ਸਮਸਿਆ ਇਹ ਹੈ ਕਿ ਅਸੀ ਸ਼ਰਣ ਵਿਚ ਨਹੀਂ ਆਉਂਦੇ, ਜੁੜਦੇ ਨਹੀਂ ਹਾਂ ਪ੍ਰਭੂ ਨਾਲ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜ ੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ............................................

ਪਤਾ/Address ............................................

............................................

............................................

............................Pin Code................................

Phone........................ E-mail :................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ..............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਅਰਦਾਸ ਕਰਦਾ ਹੋਇਆ ਬੰਦਾ 1% ਬੜੀ ਮੁਸ਼ਕਲ ਨਾਲ ਜੁੜ ਜਾਵੇ ਤਾਂ ਜੁੜ ਜਾਵੇ ਪਰ 99% ਬਾਗੀ ਰਹਿੰਦਾ ਹੈ। ਜੇ ਅਰਦਾਸ ਦੇ ਵਿਚ ਬਿਲਕੁਲ ਜੁੜ ਜਾਵੇ ਤਾਂ ਉਸ ਦੇ ਜੀਵਨ 'ਚ ਉਸੇ ਵੇਲੇ ਤਬਦੀਲੀ ਆ ਜਾਂਦੀ ਹੈ।

ਸੋ ਇਸ ਦੇ ਵਿਚ ਬੇਨਤੀ ਕਰੀ ਹੈ ਕਿ ਹੇ ਪਾਤਿਸ਼ਾਹ!

*ਹਮਰੀ ਗਣਤ ਨ ਗਣੀਆ ਕਾਈ*
*ਅਪਣਾ ਬਿਰਦੁ ਪਛਾਣਿ ॥ ਅੰਗ - ੬੧੯*

ਤੂੰ ਆਪਣਾ ਬਿਰਦ ਪਛਾਣ ਸਾਡੀ ਗਣਤ ਨ ਗਿਣ, ਸਾਡੇ ਉਤੇ ਕਿਰਪਾ ਕਰ, ਅਸੀਂ ਤੈਥੋਂ ਵਿਛੜੇ ਹੋਏ ਹਾਂ। ਜਦੋਂ ਉਸ ਦਾ ਬਣ ਜਾਂਦਾ ਹੈ ਤਾਂ ਮਹਾਰਾਜ ਜੀ ਕਹਿੰਦੇ ਫੇਰ ਉਸ ਹੱਥ ਦੇ ਕੇ ਰੱਖਦਾ ਹੈ ਆਪਣਿਆਂ ਨੂੰ। ਸੋ ਵਾਹਿਗੁਰੂ ਜੀ ਦੀ ਸ਼ਰਨ ਵਿਚ ਆਉਣਾ, ਫੇਰ ਉਸ ਦਾ ਬਿਰਦ ਉਜਾਗਰ ਹੋ ਕੇ ਉਸ ਨੂੰ ਰੱਖ ਲੈਂਦਾ ਹੈ ਤੇ ਮਹਾਰਾਜ ਜੀ ਕਹਿੰਦੇ ਪ੍ਰਭੂ ਫੇਰ ਉਸ ਦੀ ਪੈਜ ਰਖਦਾ ਹੈ। ਜਿਸ ਨੇ ਜੀਵ ਤੇ ਪਿੰਡ ਦਿੱਤਾ ਹੈ, ਸ਼ਰੀਰ ਦਿੱਤਾ ਹੈ ਤੇ ਇਸ ਦੇ ਵਿਚ ਜੀਵ ਦਿੱਤਾ ਹੈ, ਪਹਿਰਨਣਾ-ਖਾਣਾ ਦਿੱਤਾ ਹੈ। ਜਦੋਂ ਅਸੀਂ ਉਸ ਦੇ ਦਾਸ ਬਣ ਜਾਵਾਂਗੇ, ਵਾਹਿਗੁਰੂ ਦੇ ਚਾਕਰ ਬਣ ਜਾਵਾਂਗੇ ਫੇਰ ਆਪ ਉਸ ਦੀ ਪੈਜ ਰਖਦਾ ਹੈ ਤੇ ਕੋਈ ਉਸ ਦਾ ਕੁਝ ਵਿਗਾੜ ਨਹੀਂ ਸਕਦਾ-

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਅੰਗ - ੬੮੧*

ਜੋ ਮੰਗਦਾ ਹੈ ਓਹੀ ਮਿਲ ਜਾਂਦਾ ਹੈ-

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - ੭੧੪*

ਜਦੋਂ ਅਸੀ ਹਰੀ ਦੇ ਰਸਾਇਣ ਚਰਨਾਂ ਦੀ ਸੇਵਾ ਕਰਾਂਗੇ, ਬੰਦਗੀ ਕਰਾਂਗੇ, ਪ੍ਰਭੂ ਨੂੰ ਹਰ ਵਕਤ ਯਾਦ ਰਖਾਂਗੇ ਤਾਂ ਕੋਈ ਵੀ ਮੰਗ ਐਸੀ ਨਹੀਂ ਜਿਹੜੀ ਉਹ ਨਾ ਦੇਵੇ। ਫੇਰ ਸਾਰੀਆਂ ਮੰਗਾਂ ਪੂਰੀਆਂ ਕਰਨ ਨੂੰ ਉਸ ਨੂੰ ਕੁਝ ਲਗਦਾ ਨਹੀਂ -

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ*
*ਜਿਸੁ ਦੇਹਿ ਸੁ ਪਾਵਏ ॥ ਅੰਗ - ੯੧੭*

ਸੋ ਇਹ ਗੱਲ ਸਮਝ ਲੈਣੀ ਚਾਹੀਦੀ ਹੈ।

(*********)

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 07, 14, 21, 28 ਸਤੰਬਰ

**ਸੰਗਰਾਂਦ -** 15 ਸਤੰਬਰ, ਦਿਨ ਸੋਮਵਾਰ।

**ਪੂਰਨਮਾਸ਼ੀ -** 16 ਸਤੰਬਰ, ਦਿਨ ਮੰਗਲਵਾਰ।
(ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਮਹੀਨੇ ਦੇ ਆਖਰੀ ਸ਼ਨਿੱਚਰਵਾਰ 27 ਸਤੰਬਰ 2008, ਸਮਾਂ ਦਿਨ ਦੇ - 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| **16.** | **Divine Word Contemplation Path'**, | 70/- |